DUMMY-EIRST PAGE-AJIT.qxd 6/30/2024 9:11 PM Page 1

ਸੋਮਵਾਰ, 1 ਜੁਲਾਈ, 2024
18 ਹਾੜ੍ਹ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 30

# ਨਵਾਂ ਜ਼ਮਾਨਾ

DAILY NAWAN ZAMANA • MONDAY, 1 JULY, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਲਾਡੋਵਾਲ ਟੋਲ ਪਲਾਜ਼ਾ ਪੱਕਾ ਬੰਦ



**ਜਲੰਧਰ** : ਕਿਸਾਨਾਂ ਨੇ ਆਪਣੇ ਮੋਰਚੇ ਦੇ ਸੋਲ੍ਹਵੇਂ ਦਿਨ ਐਤਵਾਰ ਫਿਲੌਰ ਕੋਲ ਲਾਡੋਵਾਲ ਦੇ ਪੰਜਾਬ ਦੇ ਸਭ ਤੋਂ ਮਹਿੰਗੇ ਟੋਲ ਪਲਾਜ਼ਾ ਨੂੰ ਪੱਕੇ ਤੌਰ 'ਤੇ ਬੰਦ ਕਰ ਦਿੱਤਾ। ਕਿਸਾਨਾਂ ਨੇ ਇਸ ਦੇ ਨਾਲ ਹੀ ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ ਦੇ ਨਾਂਅ ਏ ਡੀ ਸੀ ਲੁਧਿਆਣਾ ਨੂੰ ਮੰਗ ਪੱਤਰ ਸੌਂਪਿਆ, ਜਿਸ 'ਚ 6 ਮੁੱਖ ਮੰਗਾਂ ਰੱਖੀਆਂ ਹਨ। ਕਿਸਾਨਾਂ ਨੇ ਟੋਲ ਪਲਾਜ਼ੇ 'ਤੇ ਪੱਲੀਆਂ ਪਾ ਕੇ ਰੱਸੀਆਂ ਬੰਨ੍ਹ ਦਿੱਤੀਆਂ ਹਨ।

ਕਿਸਾਨਾਂ ਦੀ ਤਾਲਾਬੰਦੀ ਨੂੰ ਰੋਕਣ ਲਈ ਟੋਲ ਪਲਾਜ਼ਾ 'ਤੇ ਭਾਰੀ ਗਿਣਤੀ 'ਚ ਪੁਲਸ ਮੌਜੂਦ ਸੀ, ਪਰ ਕਿਸਾਨ ਲਾਡੋਵਾਲ ਟੋਲ ਪਲਾਜ਼ਾ ਨੂੰ ਬੰਦ ਕਰਕੇ ਹੀ ਰਹੇ। ਭਾਰਤੀ ਕਿਸਾਨ-ਮਜ਼ਦੂਰ ਯੂਨੀਅਨ ਦੇ ਪ੍ਰਧਾਨ ਨੇ ਦੱਸਿਆ ਕਿ ਇਸ ਟੋਲ ਦੇ ਰੇਟ ਸਭ ਤੋਂ ਵੱਧ ਹਨ। ਇਸ ਧਰਨੇ 'ਚ ਉਨ੍ਹਾਂ ਨੂੰ ਭਾਰਤੀ ਕਿਸਾਨ ਯੂਨੀਅਨ ਦੋਆਬਾ ਦਾ ਵੀ ਭਰਪੂਰ ਸਮਰਥਨ ਮਿਲਿਆ ਹੈ। ਕਈ ਟੈਕਸੀ ਡਰਾਈਵਰਾਂ ਨੇ ਵੀ ਪੂਰਾ ਸਹਿਯੋਗ ਦਿੱਤਾ। ਟੋਲ ਪਲਾਜ਼ਾ ਬੰਦ ਕਰਨ ਤੋਂ ਪਹਿਲਾਂ ਕਿਸਾਨ ਆਗੂਆਂ ਨੇ ਐਤਵਾਰ ਦੇ ਪ੍ਰੋਗਰਾਮ 'ਚ ਵਧ-ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਸੀ। ਉਨ੍ਹਾਂ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਵੀ ਇਸ ਟੋਲ ਨੂੰ ਬੰਦ ਕਰਵਾਉਣ 'ਚ ਸਹਿਯੋਗ ਕਰਨ ਦੀ ਅਪੀਲ ਕੀਤੀ ਸੀ। ਕਿਸਾਨਾਂ ਨੇ ਕਿਹਾ ਕਿ ਕਈ ਵਾਰ ਟੋਲ ਅਧਿਕਾਰੀਆਂ ਅਤੇ ਐੱਨ ਐੱਚ ਏ ਆਈ ਨੂੰ ਇਸ ਟੋਲ ਦੀ ਸਮਾਂ-ਸੀਮਾ ਦੱਸਣ ਲਈ ਕਿਹਾ ਗਿਆ, ਪਰ ਕਿਸੇ ਨੇ ਜਵਾਬ ਨਹੀਂ ਦਿੱਤਾ। ਟੋਲ ਪਲਾਜ਼ਾ ਦੀ ਮਿਆਦ ਵੀ ਖਤਮ ਹੋ ਗਈ ਹੈ, ਪਰ ਲੋਕਾਂ ਤੋਂ ਨਾਜਾਇਜ਼ ਵਸੂਲੀ ਕੀਤੀ ਜਾ ਰਹੀ ਹੈ। ਇਸ ਲਈ ਤਾਲਾ ਲਗਾ ਕੇ ਇਸ ਨੂੰ ਹਮੇਸ਼ਾ ਲਈ ਬੰਦ ਕਰ ਦਿੱਤਾ ਗਿਆ ਹੈ।

ਲਾਡੋਵਾਲ ਟੋਲ 'ਤੇ ਕਾਰ ਦਾ ਟੈਕਸ ਇਕਤਰਫਾ 215 ਰੁਪਏ ਤੇ ਰਾਊਂਡ ਟ੍ਰਿਪ ਲਈ 325 ਰੁਪਏ ਸੀ ਅਤੇ ਮਹੀਨਾਵਾਰ ਪਾਸ 7175 ਰੁਪਏ ਸੀ। ਨਵੀਂ ਦਰ 'ਚ ਇਕਤਰਫਾ ਕਿਰਾਇਆ 220 ਰੁਪਏ ਤੇ ਰਾਊਂਡ ਟ੍ਰਿਪ 330 ਰੁਪਏ ਅਤੇ ਮਹੀਨਾਵਾਰ ਪਾਸ 7360 ਰੁਪਏ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਹਲਕੇ ਵਾਹਨ ਦਾ ਪੁਰਾਣਾ ਕਿਰਾਇਆ ਵਨ ਵੇਅ ਲਈ 350 ਰੁਪਏ ਤੇ ਰਾਊਂਡ ਟ੍ਰਿਪ ਲਈ 520 ਰੁਪਏ ਅਤੇ ਮਹੀਨਾਵਾਰ ਪਾਸ 11590 ਰੁਪਏ ਸੀ। ਨਵੀਂ ਦਰ 'ਚ ਇਕਤਰਫਾ ਕਿਰਾਇਆ 355 ਰੁਪਏ ਤੇ ਰਾਊਂਡ ਟ੍ਰਿਪ 535 ਰੁਪਏ ਅਤੇ ਮਹੀਨਾਵਾਰ ਪਾਸ 11885 ਰੁਪਏ ਕਰ ਦਿੱਤਾ ਗਿਆ। ਇਸੇ ਤਰ੍ਹਾਂ ਹੋਰ ਵੱਡੇ ਵਾਹਨਾਂ ਦੇ ਰੇਟ ਵੀ ਵਧਾਏ ਗਏ।

## ਕੇਦਾਰਨਾਥ ਨੇੜੇ ਬਰਫ ਦਾ ਵੱਡਾ ਤੋਦਾ ਖਿਸਕਿਆ



**ਦੇਹਰਾਦੂਨ** : ਐਤਵਾਰ ਸਵੇਰੇ ਪੰਜ ਵਜੇ ਕੇਦਾਰਨਾਥ ਮੰਦਰ ਦੇ ਪਿੱਛੇ ਪਹਾੜ ਤੋਂ ਗਾਂਧੀ ਸਰੋਵਰ ਵੱਲ ਬਰਫ ਦਾ ਵੱਡਾ ਤੋਦਾ ਖਿਸਕਿਆ। ਰੁਦਰਪ੍ਰਯਾਗ ਦੇ ਐੱਸ ਐੱਸ ਪੀ ਡਾ. ਵਿਸ਼ਾਖਾ ਅਸ਼ੋਕ ਭਡਾਨੇ ਮੁਤਾਬਕ ਜਾਨੀ ਤੇ ਮਾਲੀ ਨੁਕਸਾਨ ਤੋਂ ਬਚਾਅ ਰਿਹਾ।

## ਜਨਰਲ ਦਿਵੇਦੀ ਨੇ ਅਹੁਦਾ ਸੰਭਾਲਿਆ



**ਨਵੀਂ ਦਿੱਲੀ** : ਜਨਰਲ ਉਪੇਂਦਰ ਦਿਵੇਦੀ ਨੇ ਐਤਵਾਰ 30ਵੇਂ ਚੀਫ ਆਫ ਆਰਮੀ ਸਟਾਫ (ਫੌਜ ਮੁਖੀ) ਵਜੋਂ ਅਹੁਦਾ ਸੰਭਾਲ ਲਿਆ। ਜਨਰਲ ਮਨੋਜ ਪਾਂਡੇ ਦੇ ਸੇਵਾਮੁਕਤ ਹੋਣ ਤੋਂ ਬਾਅਦ ਉਨ੍ਹਾ ਭਾਰਤੀ ਫੌਜ ਦੀ ਕਮਾਨ ਸੰਭਾਲੀ ਹੈ। ਜਨਰਲ ਦਿਵੇਦੀ ਇਸ ਤੋਂ ਪਹਿਲਾਂ ਭਾਰਤੀ ਫੌਜ ਦੇ ਉਪ ਮੁਖੀ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਉਨ੍ਹਾ ਕੋਲ ਚੀਨ ਤੇ ਪਾਕਿਸਤਾਨ ਨਾਲ ਲੱਗਦੀਆਂ ਸਰਹੱਦਾਂ 'ਤੇ ਕੰਮ ਕਰਨ ਦਾ ਕਾਫੀ ਵੱਡਾ ਤਜਰਬਾ ਹੈ।

## ਅੱਜ ਤਿੱਖੀ ਬਹਿਸ

**ਨਵੀਂ ਦਿੱਲੀ** : ਸੰਸਦ ਦੀ ਕਾਰਵਾਈ ਦੇ ਸੋਮਵਾਰ ਮੁੜ ਸ਼ੁਰੂ ਹੋਣ 'ਤੇ ਨੀਟ, ਅਗਨੀਪਥ ਯੋਜਨਾ ਅਤੇ ਮਹਿੰਗਾਈ ਵਰਗੇ ਮੁੱਦਿਆਂ 'ਤੇ ਤਿੱਖੀ ਬਹਿਸ ਹੋਣ ਦੀ ਸੰਭਾਵਨਾ ਹੈ। ਵਿਰੋਧੀ ਧਿਰ ਨੀਟ ਪ੍ਰਸ਼ਨ ਪੱਤਰ ਲੀਕ ਮਾਮਲੇ ਤੋਂ ਇਲਾਵਾ ਬੇਰੁਜ਼ਗਾਰੀ ਦਾ ਮੁੱਦਾ ਵੀ ਉਠਾ ਸਕਦੀ ਹੈ। ਲੋਕ ਸਭਾ 'ਚ ਭਾਜਪਾ ਦੇ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਦੇ ਮਤੇ 'ਤੇ ਚਰਚਾ ਦੀ ਸ਼ੁਰੂਆਤ ਕਰਨਗੇ।

## 11 ਬੰਗਲਾਦੇਸ਼ੀ ਫੜੇ

**ਅਗਰਤਲਾ** : ਯੋਗ ਯਾਤਰਾ ਦਸਤਾਵੇਜ਼ਾਂ ਤੋਂ ਬਿਨਾਂ ਦੇਸ਼ 'ਚ ਦਾਖਲ ਪੰਜ ਔਰਤਾਂ ਸਣੇ 11 ਬੰਗਲਾਦੇਸ਼ੀ ਨਾਗਰਿਕਾਂ ਨੂੰ ਅਗਰਤਲਾ ਰੇਲਵੇ ਸਟੇਸ਼ਨ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਤ੍ਰਿਪੁਰਾ ਦੇ ਸਿਪਾਹੀਜਾਲਾ ਜ਼ਿਲ੍ਹੇ 'ਚ ਬੰਗਲਾਦੇਸ਼ੀ ਨਾਗਰਿਕਾਂ ਦੇ ਕੌਮਾਂਤਰੀ ਸਰਹੱਦ ਪਾਰ ਕਰ ਕੇ ਅਗਰਤਲਾ ਰੇਲਵੇ ਸਟੇਸ਼ਨ ਤੱਕ ਇਕ ਰੇਲ ਗੱਡੀ 'ਚ ਸਵਾਰ ਹੋ ਕੇ ਪੁੱਜਣ ਦੀ ਸੂਚਨਾ ਮਿਲੀ ਸੀ।

## ਪਤਨੀ ਕਤਲ

**ਡੱਬਵਾਲੀ** : ਇਲਾਕੇ ਦੇ ਪਿੰਡ ਗਿੱਦੜਖੇੜਾ 'ਚ ਇਕ ਏਕੜ ਜ਼ਮੀਨ ਦੇ ਵਿਵਾਦ 'ਚ ਧਰਮਪਾਲ (45) ਨੇ ਪਤਨੀ ਰਾਜਬਾਲਾ (41) ਕੁਹਾੜੀ ਮਾਰ ਕੇ ਮਾਰ ਦਿੱਤੀ। ਕਾਫੀ ਸਮੇਂ ਤੋਂ ਧਰਮਪਾਲ ਤੇ ਰਾਜਬਾਲਾ ਖੇਤ 'ਚ ਦੋ ਵੱਖ-ਵੱਖ ਮਕਾਨਾਂ 'ਚ ਰਹਿ ਰਹੇ ਸਨ। ਉਨ੍ਹਾਂ ਦੇ ਝਗੜੇ ਕਾਰਨ ਉਨ੍ਹਾਂ ਦਾ ਮੁੰਡਾ ਮਾਮੇ ਕੋਲ ਰਹਿੰਦਾ ਸੀ। ਸ਼ਨੀਵਾਰ ਰਾਤ ਪਤੀ-ਪਤਨੀ ਵਿਚਾਲੇ ਝਗੜਾ ਹੋਇਆ ਤੇ ਧਰਮਪਾਲ ਨੇ ਰਾਜਬਾਲਾ ਦੇ ਸਿਰ 'ਚ ਕੁਹਾੜੀ ਨਾਲ ਹਮਲਾ ਕੀਤਾ। ਪੁਲਸ ਨੇ ਧਰਮਪਾਲ ਨੂੰ ਗ੍ਰਿਫਤਾਰ ਕਰ ਲਿਆ ਹੈ।

## ਫਰਾਂਸ 'ਚ ਸੰਸਦੀ ਚੋਣਾਂ ਲਈ ਪੋਲਿੰਗ

**ਪੈਰਿਸ** : ਫਰਾਂਸ 'ਚ ਸੰਸਦੀ ਚੋਣਾਂ ਦੇ ਪਹਿਲੇ ਗੇੜ ਲਈ ਐਤਵਾਰ ਵੋਟਿੰਗ ਹੋਈ। ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਨਾਜ਼ੀ ਯੁੱਗ ਤੋਂ ਬਾਅਦ ਸੱਤਾ ਦੀ ਵਾਗਡੋਰ ਪਹਿਲੀ ਵਾਰ ਰਾਸ਼ਟਰਵਾਦੀ ਤੇ ਧੁਰ-ਦੱਖਣ ਪੰਥੀ ਤਾਕਤਾਂ ਦੇ ਹੱਥਾਂ 'ਚ ਜਾ ਸਕਦੀ ਹੈ। ਦੋ ਗੇੜਾਂ 'ਚ ਹੋ ਰਹੀਆਂ ਸੰਸਦੀ ਚੋਣਾਂ 7 ਜੁਲਾਈ ਨੂੰ ਸਮਾਪਤ ਹੋਣਗੀਆਂ। ਚੋਣ ਨਤੀਜਿਆਂ ਨਾਲ ਯੂਰਪੀ ਵਿੱਤੀ ਬਾਜ਼ਾਰਾਂ, ਯੂਕਰੇਨ ਲਈ ਪੱਛਮੀ ਦੇਸ਼ਾਂ ਦੇ ਸਮਰਥਨ ਅਤੇ ਆਲਮੀ ਫੌਜੀ ਬਲ ਤੇ ਪ੍ਰਮਾਣੂ ਅਸਲੇ ਦੇ ਪ੍ਰਬੰਧਨ ਦੇ ਫਰਾਂਸ ਦੇ ਤੌਰ-ਤਰੀਕਿਆਂ 'ਤੇ ਕਾਫੀ ਪ੍ਰਭਾਵ ਪੈਣ ਦੀ ਸੰਭਾਵਨਾ ਹੈ।

## ਮਹਿਲਾ ਸਣੇ ਪੰਜ ਡੁੱਬੇ

**ਪੁਣੇ** : ਇੱਥੋਂ ਦੇ ਲੋਨਾਵਾਲਾ ਇਲਾਕੇ 'ਚ ਭੂਸ਼ੀ ਡੈਮ ਨੇੜੇ ਇਕ ਤਲਾਬ 'ਚ ਐਤਵਾਰ ਇਕ ਔਰਤ ਸਣੇ ਪੰਜ ਵਿਅਕਤੀਆਂ ਦੇ ਡੁੱਬਣ ਦਾ ਖਦਸ਼ਾ ਹੈ। ਲੋਨਾਵਾਲਾ ਪੁਲਸ ਥਾਣੇ ਦੇ ਇਕ ਅਧਿਕਾਰੀ ਨੇ ਦੱਸਿਆ—ਇਹ ਘਟਨਾ ਬਾਅਦ ਦੁਪਹਿਰ ਕਰੀਬ 3 ਵਜੇ ਵਾਪਰੀ, ਜਦੋਂ ਪੰਜ ਲੋਕ ਪਿਕਨਿਕ ਮਨਾਉਣ ਆਏ ਸਨ। ਉਹ ਝਰਨੇ ਕੋਲ ਫਿਸਲ ਗਏ ਅਤੇ ਤਲਾਬ 'ਚ ਜਾ ਡਿੱਗੇ।

# ਪਵਾਰ ਵੱਲੋਂ ਕਮਿਊਨਿਸਟਾਂ ਲਈ ਸੀਟਾਂ ਛੱਡਣ ਦੀ ਵਕਾਲਤ

**ਪੁਣੇ** : ਐੱਨ ਸੀ ਪੀ (ਐੱਸ ਪੀ) ਦੇ ਪ੍ਰਧਾਨ ਸ਼ਰਦ ਪਵਾਰ ਨੇ ਐਤਵਾਰ ਇੱਥੇ ਕਿਹਾ ਕਿ ਉਨ੍ਹਾ ਦੀ ਪਾਰਟੀ, ਕਾਂਗਰਸ ਤੇ ਊਧਵ ਠਾਕਰੇ ਦੀ ਅਗਵਾਈ ਵਾਲੀ ਸ਼ਿਵ ਸੈਨਾ (ਯੂ ਬੀ ਟੀ) ਅਕਤੂਬਰ ਵਿਚ ਹੋਣ ਵਾਲੀਆਂ ਮਹਾਰਾਸ਼ਟਰ ਅਸੰਬਲੀ ਚੋਣਾਂ ਮਿਲ ਕੇ ਲੜਨਗੀਆਂ। ਉਨ੍ਹਾ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਇਹ ਵੀ ਕਿਹਾ ਕਿ ਸੂਬੇ ਦੀਆਂ ਪ੍ਰਮੁੱਖ ਆਪੋਜ਼ੀਸ਼ਨ ਪਾਰਟੀਆਂ ਦੀ ਇਹ ਇਖਲਾਕੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਦਾ ਸਾਥ ਦੇਣ ਵਾਲੀਆਂ ਨਿੱਕੀਆਂ ਪਾਰਟੀਆਂ ਦੇ ਹਿੱਤਾਂ ਦੀ ਰਾਖੀ ਕਰਨ।

ਐੱਨ ਸੀ ਪੀ (ਐੱਸ ਪੀ), ਕਾਂਗਰਸ ਤੇ ਸ਼ਿਵ ਸੈਨਾ (ਯੂ ਬੀ ਟੀ) ਮਹਾਂ ਵਿਕਾਸ ਅਘਾੜੀ ਦਾ ਹਿੱਸਾ ਹਨ, ਜਿਹੜਾ ਠਾਕਰੇ ਦੀ ਅਗਵਾਈ ਵਾਲੀ ਸਰਕਾਰ ਡਿੱਗਣ ਤੋਂ ਪਹਿਲਾਂ ਨਵੰਬਰ 2019 ਤੋਂ ਜੂਨ 2022 ਤੱਕ ਸੱਤਾ ਵਿਚ ਰਿਹਾ।

ਪਵਾਰ ਨੇ ਇਹ ਵੀ ਕਿਹਾ ਕਿ ਆਪੋਜ਼ੀਸ਼ਨ ਅਸੰਬਲੀ ਚੋਣਾਂ ਮੁੱਖ ਮੰਤਰੀ ਦਾ ਚਿਹਰਾ ਪੇਸ਼ ਕਰਨ ਦੀ ਥਾਂ ਸਮੂਹਕ ਚਿਹਰੇ ਨਾਲ ਲੜੇਗਾ। ਉਨ੍ਹਾ ਕਿਹਾ ਕਿ ਸੂਬਾ ਤਬਦੀਲੀ ਚਾਹੁੰਦਾ ਹੈ ਤੇ ਇਹ ਆਪੋਜ਼ੀਸ਼ਨ ਦੇ ਗੱਠਜੋੜ ਦੀ ਇਖਲਾਕੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਹ ਤਬਦੀਲੀ ਲਿਆਏ। ਉਨ੍ਹਾ ਕਿਹਾ—ਜਿਵੇਂ ਅਰਜੁਨ ਦੀ ਨਜ਼ਰ ਮੱਛੀ ਦੀ ਅੱਖ 'ਤੇ ਸੀ, ਸਾਡੀਆਂ ਨਜ਼ਰਾਂ ਵੀ ਚੋਣਾਂ 'ਤੇ ਹਨ। ਕਾਂਗਰਸ, ਐੱਨ ਸੀ ਪੀ (ਐੱਸ ਪੀ) ਤੇ ਸ਼ਿਵ ਸੈਨਾ (ਯੂ ਬੀ ਟੀ) ਮਿਲ ਕੇ ਚੋਣਾਂ ਲੜਨਗੀਆਂ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਸੀਟਾਂ ਦੀ ਵੰਡ ਲਈ ਗੱਲਬਾਤ ਅਜੇ ਸ਼ੁਰੂ ਨਹੀਂ ਹੋਈ, ਪਰ ਛੇਤੀ ਸ਼ੁਰੂ ਹੋ ਜਾਵੇਗੀ। ਉਨ੍ਹਾ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਲੋਕਾਂ ਨੇ ਮਹਾਂ ਵਿਕਾਸ ਅਘਾੜੀ ਨੂੰ ਵਧੀਆ ਹੁੰਗਾਰਾ ਦਿੱਤਾ, ਪਰ ਇਨ੍ਹਾਂ ਤਿੰਨ ਪਾਰਟੀਆਂ ਤੋਂ ਇਲਾਵਾ ਖੱਬੀਆਂ ਪਾਰਟੀਆਂ ਅਤੇ ਪੀਜ਼ੈਂਟਸ ਐਂਡ ਵਰਕਰਜ਼ ਪਾਰਟੀ ਨੇ ਵੀ ਅਹਿਮ ਰੋਲ ਨਿਭਾਇਆ। ਇਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਨੀ ਪ੍ਰਮੁੱਖ ਪਾਰਟੀਆਂ ਦੀ ਇਖਲਾਕੀ ਜ਼ਿੰਮੇਵਾਰੀ ਹੈ, ਇਸ ਲਈ ਜਤਨ ਕੀਤੇ ਜਾਣਗੇ।

ਏਕਨਾਥ ਸ਼ਿੰਦੇ ਸਰਕਾਰ ਵੱਲੋਂ ਸ਼ੁੱਕਰਵਾਰ ਅਸੰਬਲੀ ਵਿਚ ਪੇਸ਼ ਕੀਤੇ ਬਜਟ ਬਾਰੇ ਪਵਾਰ ਨੇ ਕਿਹਾ—ਕੀ ਹੁੰਦਾ ਹੈ ਜਦੋਂ ਤੁਸੀਂ ਖਾਲੀ ਬੋਝੇ ਨਾਲ ਬਾਜ਼ਾਰ ਜਾਂਦੇ ਹੋ? ਕੁਝ ਦਿਨਾਂ ਦੀ ਗੱਲ ਹੈ, ਹਕੀਕਤ ਛੇਤੀ ਸਾਹਮਣੇ ਆ ਜਾਵੇਗੀ। ਬਜਟ ਵਿਚ 21 ਤੋਂ 60 ਸਾਲ ਤੱਕ ਦੀਆਂ ਮਹਿਲਾਵਾਂ ਨੂੰ ਹਰ ਮਹੀਨੇ 1500 ਰੁਪਏ ਮਾਸਕ ਭੱਤਾ, ਹਰ ਘਰ ਨੂੰ ਸਾਲ ਵਿਚ ਤਿੰਨ ਮੁਫਤ ਗੈਸ ਸਿਲੰਡਰ ਅਤੇ ਸਕਿੱਲ ਟਰੇਨਿੰਗ ਲਈ ਨੌਜਵਾਨਾਂ ਨੂੰ ਹਰ ਮਹੀਨੇ 10 ਹਜ਼ਾਰ ਰੁਪਏ ਦੇਣ ਦੀ ਗੱਲ ਕਹੀ ਗਈ ਹੈ।

# ਸਾਲ 'ਚ ਦੋ ਵਾਰ ਪ੍ਰੀਖਿਆ ਲੈਣ 'ਤੇ ਬਣੀ ਸਹਿਮਤੀ

**ਨਵੀਂ ਦਿੱਲੀ** : ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ ਬੀ ਐੱਸ ਈ) ਵੱਲੋਂ ਦਸਵੀਂ ਤੇ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ ਸਾਲ ਵਿਚ ਦੋ ਵਾਰ ਲਈ ਜਾਵੇਗੀ। ਇਸ ਲਈ ਕੇਂਦਰੀ ਵਿਭਾਗ ਵਲੋਂ ਦੇਸ਼ ਭਰ ਦੇ ਪ੍ਰਿੰਸੀਪਲਾਂ ਨਾਲ ਆਨਲਾਈਨ ਮੀਟਿੰਗ ਸੱਦੀ ਗਈ ਸੀ, ਜਿਸ ਵਿਚ ਸਾਲ ਵਿਚ ਜਨਵਰੀ ਤੇ ਅਪਰੈਲ ਵਿਚ ਦੋ ਵਾਰ ਪ੍ਰੀਖਿਆ ਕਰਵਾਉਣ 'ਤੇ ਸਹਿਮਤੀ ਬਣ ਗਈ ਹੈ। ਇਹ ਯੋਜਨਾ ਸਾਲ 2026 ਵਿਚ ਲਾਗੂ ਹੋਵੇਗੀ, ਜਿਸ ਲਈ ਪ੍ਰਿੰਸੀਪਲਾਂ ਨੂੰ ਲਿਖਤੀ ਸਹਿਮਤੀ ਦੇਣ ਲਈ ਕਿਹਾ ਗਿਆ ਹੈ। ਵਿਦਿਆਰਥੀਆਂ ਲਈ ਆਪਣੇ ਅੰਕਾਂ ਨੂੰ ਬਿਹਤਰ ਬਣਾਉਣ ਲਈ ਦੋਵੇਂ ਪ੍ਰੀਖਿਆਵਾਂ ਦੇਣ ਦਾ ਵਿਕਲਪ ਹੋਵੇਗਾ ਪਰ ਇਸ ਲਈ ਵੱਖਰਾ ਖਾਕਾ ਉਲੀਕਿਆ ਜਾਵੇਗਾ। ਕੇਂਦਰੀ ਸਿੱਖਿਆ ਮੰਤਰਾਲੇ ਨੇ ਇਸ ਮੀਟਿੰਗ ਵਿਚ ਤਿੰਨ ਵਿਕਲਪ ਦਿੱਤੇ ਸਨ, ਜਿਸ ਵਿਚ ਕਿਹਾ ਗਿਆ ਸੀ ਕਿ ਸਮੈਸਟਰ ਸਿਸਟਮ ਅਨੁਸਾਰ ਸਾਲ ਵਿਚ ਦੋ ਵਾਰ ਪ੍ਰੀਖਿਆਵਾਂ ਕਰਵਾਈਆਂ ਜਾਣ। ਪਹਿਲੇ ਸਮੈਸਟਰ ਵਿਚ ਅੱਧੇ ਸਿਲੇਬਸ ਤੇ ਦੂਜੇ ਸਮੈਸਟਰ ਵਿਚ ਰਹਿੰਦੇ ਸਿਲੇਬਸ ਦੀ ਪ੍ਰੀਖਿਆ ਕਰਵਾਈ ਜਾਵੇ। ਦੂਜੇ ਵਿਕਲਪ ਅਨੁਸਾਰ ਮਾਰਚ-ਅਪਰੈਲ ਦੀਆਂ ਸਾਲਾਨਾ ਪ੍ਰੀਖਿਆਵਾਂ ਤੋਂ ਬਾਅਦ ਸਪਲੀਮੈਂਟਰੀ ਪ੍ਰੀਖਿਆਵਾਂ ਵੇਲੇ ਪੂਰੀ ਪ੍ਰੀਖਿਆ ਲਈ ਜਾਵੇ। ਤੀਜੇ ਅਨੁਸਾਰ ਜੇ ਈ ਈ ਮੇਨਜ਼ ਦੀ ਤਰਜ਼ 'ਤੇ ਜਨਵਰੀ ਤੇ ਅਪਰੈਲ ਵਿਚ ਦੋ ਵਾਰ ਪ੍ਰੀਖਿਆਵਾਂ ਲਈਆਂ ਜਾਣ। ਇਹ ਪ੍ਰੀਖਿਆਵਾਂ ਪੂਰੇ ਸਿਲੇਬਸ ਲਈ ਜਨਵਰੀ ਤੇ ਅਪਰੈਲ ਵਿਚ ਲਈਆਂ ਜਾਣ। ਇਹ ਪਤਾ ਲੱਗਿਆ ਹੈ ਕਿ ਜ਼ਿਆਦਾਤਰ ਪ੍ਰਿੰਸੀਪਲਾਂ ਨੇ ਤੀਜੇ ਵਿਕਲਪ ਨਾਲ ਸਹਿਮਤੀ ਜਤਾਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਸਾਲ 2025-26 ਦੀਆਂ ਪ੍ਰੀਖਿਆਵਾਂ ਪੁਰਾਣੇ ਪਾਠਕ੍ਰਮ ਅਨੁਸਾਰ ਕਰਵਾਈਆਂ ਜਾਣ ਕਿਉਂਕਿ ਨਵੀਆਂ ਪਾਠ ਪੁਸਤਕਾਂ ਛਪਣ ਲਈ ਇਕ ਸਾਲ ਤੋਂ ਦੋ ਸਾਲ ਦਾ ਸਮਾਂ ਚਾਹੀਦਾ ਹੈ। ਇਸ ਲਈ ਨਵੀਆਂ ਪੁਸਤਕਾਂ ਆਉਣ ਤੋਂ ਬਾਅਦ ਹੀ ਨਵੇਂ ਪਾਠਕ੍ਰਮ ਅਨੁਸਾਰ ਪ੍ਰੀਖਿਆਵਾਂ ਲਈਆਂ ਜਾਣਗੀਆਂ।

# ਹੜਤਾਲ ਕਾਰਨ ਵੈਸਟਜੈੱਟ ਦੀਆਂ 407 ਉਡਾਣਾਂ ਰੱਦ




ਮੇਂਟੀਨੈਂਸ ਇੰਜੀਨੀਅਰਾਂ ਅਤੇ ਟੈਕਨੀਕਲ ਸਟਾਫ ਦੀ ਹੜਤਾਲ ਕਾਰਨ ਆਪੋ-ਆਪਣਾ ਸਾਮਾਨ ਲੈ ਕੇ ਜਾਂਦੇ ਹੋਏ ਯਾਤਰੀ।

**ਟੋਰਾਂਟੋ** : ਕੈਨੇਡਾ ਦੀ ਦੂਜੀ ਸਭ ਤੋਂ ਵੱਡੀ ਏਅਰਲਾਈਨ 'ਵੈਸਟਜੈੱਟ' ਨੇ ਮੁਲਾਜ਼ਮਾਂ ਦੀ ਹੜਤਾਲ ਦਾ ਐਲਾਨ ਹੋਣ ਤੋਂ ਬਾਅਦ 407 ਉਡਾਣਾਂ ਰੱਦ ਕਰ ਦਿੱਤੀਆਂ, ਜਿਸ ਨਾਲ 49,000 ਯਾਤਰੀ ਪ੍ਰਭਾਵਤ ਹੋਏ। 'ਏਅਰਕ੍ਰਾਫਟ ਮੈਕੇਨਿਕਸ ਫਰੈਟਰਨਲ ਐਸੋਸੀਏਸ਼ਨ' ਨੇ ਕਿਹਾ ਕਿ ਉਸ ਦੇ ਮੈਂਬਰਾਂ ਨੇ ਏਅਰਲਾਈਨ ਵੱਲੋਂ ਐਸੋਸੀਏਸ਼ਨ ਨਾਲ ਗੱਲਬਾਤ ਤੋਂ ਇਨਕਾਰ ਕੀਤੇ ਜਾਣ 'ਤੇ ਸ਼ੁੱਕਰਵਾਰ ਸ਼ਾਮ ਨੂੰ ਹੜਤਾਲ ਸ਼ੁਰੂ ਕਰ ਦਿੱਤੀ। ਇਸ ਹੜਤਾਲ ਕਾਰਨ ਕੌਮਾਂਤਰੀ ਅਤੇ ਘਰੇਲੂ ਉਡਾਣਾਂ ਪ੍ਰਭਾਵਤ ਹੋਈਆਂ। ਵੈਸਟਜੈੱਟ ਨੇ 407 ਉਡਾਣਾਂ ਰੱਦ ਕਰਨ ਦਾ ਐਲਾਨ ਕੀਤਾ। ਏਅਰਲਾਈਨ 'ਵੈਸਟਜੈੱਟ' ਦੇ ਸੀ ਈ ਓ ਐਲੇਕਸਿਸ ਵਾਨ ਹੋਂਸਬ੍ਰੋਈਚ ਨੇ ਇਸ ਸਥਿਤੀ ਲਈ ਕੈਨੇਡਾ 'ਚ ਦਬਦਬਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਅਮਰੀਕਾ ਦੀ ਇਕ ਯੂਨੀਅਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

## ਮਮਤਾ ਮਾਲੀ ਸਥਿਤੀ 'ਤੇ ਵ੍ਹਾਈਟ ਪੇਪਰ ਲਿਆਵੇ : ਰਾਜਪਾਲ

**ਕੋਲਕਾਤਾ** : ਪੱਛਮੀ ਬੰਗਾਲ ਦੇ ਰਾਜਪਾਲ ਸੀ ਵੀ ਆਨੰਦ ਬੋਸ ਨੇ ਸੂਬੇ ਦੇ ਵਿੱਤੀ ਸੰਕਟ ਦਾ ਸਾਹਮਣਾ ਕਰਨ ਦਾ ਦਾਅਵਾ ਕਰਦੇ ਹੋਏ ਕਿਹਾ ਕਿ ਉਨ੍ਹਾ ਮਮਤਾ ਬੈਨਰਜੀ ਸਰਕਾਰ ਨੂੰ ਆਰਥਕ ਹਾਲਾਤ ਬਾਰੇ ਵ੍ਹਾਈਟ ਪੇਪਰ ਲਿਆਉਣ ਨੂੰ ਕਿਹਾ ਹੈ। ਰਾਜਪਾਲ ਨੇ ਬੀਤੇ ਦਿਨ ਨਵੀਂ ਦਿੱਲੀ 'ਚ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨਾਲ ਮੁਲਾਕਾਤ ਕੀਤੀ ਅਤੇ ਉਸ ਤੋਂ ਬਾਅਦ ਉਨ੍ਹਾ ਦਾ ਇਹ ਬਿਆਨ ਆਇਆ।

ਰਾਜ ਭਵਨ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ—ਆਰਥਕ ਹਾਲਾਤ ਗੰਭੀਰ ਹੋਣ ਦੇ ਮੱਦੇਨਜ਼ਰ ਰਾਜਪਾਲ ਨੇ ਸੰਵਿਧਾਨ ਦੀ ਧਾਰਾ 167 ਤਹਿਤ ਮਿਲੇ ਅਧਿਕਾਰਾਂ ਦਾ ਇਸਤੇਮਾਲ ਕਰਦੇ ਹੋਏ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਉਹ ਸੰਵਿਧਾਨ ਦੀ ਧਾਰਾ 166 ਤਹਿਤ ਪੱਛਮੀ ਬੰਗਾਲ ਦੇ ਕਾਰਜ ਨਿਯਮ 30 ਮੁਤਾਬਕ ਮੰਤਰੀ ਮੰਡਲ ਮੂਹਰੇ ਸੂਬੇ ਦੇ ਵਿੱਤੀ ਹਾਲਾਤ ਬਾਰੇ ਇਕ ਵਿਸਥਾਰਤ ਰਿਪੋਰਟ ਪੇਸ਼ ਕਰਨ ਅਤੇ ਸੂਬੇ ਦੇ ਲੋਕਾਂ ਦੀ ਜਾਣਕਾਰੀ ਵਾਸਤੇ ਇਕ ਵ੍ਹਾਈਟ ਪੇਪਰ ਜਾਰੀ ਕਰਨ।

# ਮੋਦੀ ਵੱਲੋਂ ਚੋਣ ਕਮਿਸ਼ਨ ਦੀ ਪ੍ਰਸੰਸਾ



**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2024 ਦੀਆਂ ਲੋਕ ਸਭਾ ਚੋਣਾਂ ਨੂੰ ਦੁਨੀਆ ਦੀਆਂ ਸਭ ਤੋਂ ਵੱਡੀਆਂ ਚੋਣਾਂ ਕਰਾਰ ਦਿੰਦੇ ਹੋਏ ਐਤਵਾਰ ਕਿਹਾ ਕਿ ਇਸ 'ਚ 65 ਕਰੋੜ ਲੋਕਾਂ ਨੇ ਆਪਣੀ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰ ਕੇ ਸੰਵਿਧਾਨ ਤੇ ਦੇਸ਼ ਦੀ ਲੋਕਤੰਤਰੀ ਵਿਵਸਥਾ 'ਚ ਆਪਣਾ ਅਟੁੱਟ ਵਿਸ਼ਵਾਸ ਦੁਹਰਾਇਆ ਹੈ। 'ਆਕਾਸ਼ਵਾਣੀ' ਦੇ ਮਾਸਿਕ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੀ 111ਵੀਂ ਕੜੀ 'ਚ ਦੇਸ਼ ਵਾਸੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਲੋਕ ਸਭਾ ਚੋਣਾਂ ਸਫਲਤਾਪੂਰਵਕ ਸੰਪੰਨ ਕਰਾਉਣ ਲਈ ਚੋਣ ਕਮਿਸ਼ਨ ਤੇ ਵੋਟਿੰਗ ਪ੍ਰਕਿਰਿਆ ਨਾਲ ਜੁੜੇ ਹਰੇਕ ਵਿਅਕਤੀ ਨੂੰ ਵਧਾਈ ਦਿੱਤੀ। ਉਨ੍ਹਾ ਵਿਸ਼ਵ ਵਾਤਾਵਰਨ ਦਿਵਸ ਮੌਕੇ ਇਸ ਸਾਲ ਸ਼ੁਰੂ ਕੀਤੀ 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਇਸ ਤਹਿਤ ਬੂਟੇ ਲਾਉਣ ਦੀ ਮੁਹਿੰਮ ਤੇਜ਼ੀ ਨਾਲ ਚੱਲ ਰਹੀ ਹੈ। ਉਨ੍ਹਾ ਕਿਹਾ—ਮਾਂ ਦੇ ਨਾਂਅ ਬੂਟਾ ਲਾਉਣ ਦੀ ਮੁਹਿੰਮ ਨਾਲ ਆਪਣੀ ਮਾਂ ਦਾ ਸਨਮਾਨ ਤਾਂ ਹੋਵੇਗਾ ਹੀ, ਨਾਲ ਹੀ ਧਰਤੀ ਮਾਂ ਦੀ ਵੀ ਰੱਖਿਆ ਹੋਵੇਗੀ।

ਉਨ੍ਹਾ 30 ਜੂਨ ਨੂੰ ਮਨਾਏ ਜਾਣ ਵਾਲੇ 'ਹੂਲ ਦਿਵਸ' ਮੌਕੇ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਦੇਸ਼ ਦੇ ਕਬਾਇਲੀ ਭਰਾ-ਭੈਣ ਇਸ ਨੂੰ ਧੂਮਧਾਮ ਨਾਲ ਮਨਾਉਂਦੇ ਹਨ। ਉਨ੍ਹਾ ਮਹਾਨ ਆਜ਼ਾਦੀ ਘੁਲਾਟੀਏ ਵੀਰ ਸਿੱਧੂ ਤੇ ਕਾਨਹੂ ਨੂੰ ਯਾਦ ਕਰਦੇ ਹੋਏ ਕਿਹਾ ਕਿ ਇਨ੍ਹਾਂ ਦਾ ਬਲੀਦਾਨ ਅੱਜ ਵੀ ਦੇਸ਼ ਵਾਸੀਆਂ ਨੂੰ ਪ੍ਰੇਰਿਤ ਕਰਦਾ ਹੈ। ਪ੍ਰਧਾਨ ਮੰਤਰੀ ਨੇ ਪੈਰਿਸ ਉਲੰਪਿਕ ਦਾ ਜ਼ਿਕਰ ਵੀ ਕੀਤਾ ਅਤੇ ਆਸ ਪ੍ਰਗਟਾਈ ਕਿ ਭਾਰਤੀ ਖਿਡਾਰੀ ਇਸ 'ਚ ਵਧੀਆ ਪ੍ਰਦਰਸ਼ਨ ਕਰਨਗੇ। ਉਨ੍ਹਾ ਲੋਕਾਂ ਨੂੰ ਖਿਡਾਰੀਆਂ ਦਾ ਉਤਸ਼ਾਹ ਵਧਾਉਣ ਲਈ 'ਚੀਅਰ4ਭਾਰਤ' ਹੈਸ਼ਟੈਗ ਦਾ ਇਸਤੇਮਾਲ ਕਰਨ ਦੀ ਅਪੀਲ ਕੀਤੀ।

ਕਾਂਗਰਸੀ ਆਗੂ ਪਵਨ ਖੇੜਾ ਨੇ ਦੋਸ਼ ਲਾਇਆ ਕਿ ਮੋਦੀ ਨੇ ਉਨ੍ਹਾਂ ਮੁੱਦਿਆਂ ਦਾ ਜ਼ਿਕਰ ਨਹੀਂ ਕੀਤਾ, ਜਿਨ੍ਹਾਂ ਬਾਰੇ ਲੋਕ ਸੁਣਨਾ ਚਾਹੁੰਦੇ ਸਨ। ਕਾਂਗਰਸ ਦੇ ਮੀਡੀਆ ਤੇ ਪ੍ਰਚਾਰ ਵਿੰਗ ਦੇ ਮੁਖੀ ਖੇੜਾ ਨੇ ਸਵਾਲ ਕੀਤਾ ਕਿ ਉਨ੍ਹਾ ਨੀਟ, ਰੇਲ ਹਾਦਸੇ ਜਾਂ ਬੁਨਿਆਦੀ ਢਾਂਚਿਆਂ ਦੇ ਡਿੱਗਣ ਦਾ ਜ਼ਿਕਰ ਕਿਉਂ ਨਹੀਂ ਕੀਤਾ।

## ਨਵੇਂ ਫੌਜਦਾਰੀ ਕਾਨੂੰਨਾਂ 'ਤੇ ਅਮਲ ਅੱਜ ਤੋਂ

**ਨਵੀਂ ਦਿੱਲੀ** : ਤਿੰਨ ਨਵੇਂ ਫੌਜਦਾਰੀ ਕਾਨੂੰਨਾਂ ਦਾ ਅਮਲ ਸੋਮਵਾਰ ਤੋਂ ਦੇਸ਼ ਭਰ 'ਚ ਸ਼ੁਰੂ ਹੋ ਜਾਵੇਗਾ, ਜਿਸ ਨਾਲ ਭਾਰਤ ਦੀ ਫੌਜਦਾਰੀ ਨਿਆਂ ਪ੍ਰਣਾਲੀ 'ਚ ਵਿਆਪਕ ਬਦਲਾਅ ਆਉਣਗੇ ਤੇ ਬਸਤੀਵਾਦੀ ਯੁੱਗ ਦੇ ਕਾਨੂੰਨਾਂ ਦਾ ਅੰਤ ਹੋ ਜਾਵੇਗਾ। ਭਾਰਤੀ ਨਿਆਂ ਸੰਹਿਤਾ, ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ ਅਤੇ ਭਾਰਤੀ ਸਾਕਸ਼ਯ ਅਧੀਨਿਯਮ ਬਰਤਾਨਵੀ ਕਾਲ ਦੇ ਕ੍ਰਮਵਾਰ ਭਾਰਤੀ ਦੰਡ ਸੰਹਿਤਾ, ਦੰਡ ਪ੍ਰਕਿਰਿਆ ਸੰਹਿਤਾ ਅਤੇ ਭਾਰਤ ਸਾਕਸ਼ਯ ਐਕਟ ਦੀ ਜਗ੍ਹਾ ਲੈਣਗੇ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਇਨ੍ਹਾਂ ਕਾਨੂੰਨਾਂ 'ਚ ਕੁਝ ਮੌਜੂਦਾ ਸਮਾਜਕ ਅਸਲੀਅਤਾਂ ਅਤੇ ਅਪਰਾਧਾਂ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਸੰਵਿਧਾਨ 'ਚ ਦਰਜ ਆਦਰਸ਼ਾਂ ਨੂੰ ਧਿਆਨ 'ਚ ਰੱਖਦੇ ਹੋਏ ਇਨ੍ਹਾਂ ਨਾਲ ਪ੍ਰਭਾਵੀ ਢੰਗ ਨਾਲ ਨਿਪਟਣ ਦਾ ਇਕ ਤੰਤਰ ਮੁਹੱਈਆ ਕਰਵਾਇਆ ਗਿਆ ਹੈ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਨਵੇਂ ਕਾਨੂੰਨ ਨਿਆਂ ਮੁਹੱਈਆ ਕਰਵਾਉਣ ਨੂੰ ਪਹਿਲ ਦੇਣਗੇ, ਜਦਕਿ ਅੰਗਰੇਜ਼ਾਂ ਦੇ ਸਮੇਂ ਦੇ ਕਾਨੂੰਨਾਂ 'ਚ ਸਜ਼ਾ ਦੇਣ ਦੀ ਕਾਰਵਾਈ ਨੂੰ ਪਹਿਲ ਦਿੱਤੀ ਗਈ ਸੀ।

# ਗੂਗਲ ਲੈ ਗਿਆ ਕਾਰ ਨੂੰ ਦਰਿਆ 'ਚ



**ਕਾਸਰਗੋੜ** : ਕੇਰਲਾ ਦੇ ਕਾਸਰਗੋੜ ਜ਼ਿਲ੍ਹੇ ਵਿਚ ਵੱਡੇ ਤੜਕੇ ਹਸਪਤਾਲ ਜਾਣ ਲਈ ਗੂਗਲ ਮੈਪ ਦੀ ਵਰਤੋਂ ਕਰਦਿਆਂ ਦੋ ਨੌਜਵਾਨਾਂ ਦੀ ਕਾਰ ਚੜ੍ਹੇ ਦਰਿਆ ਵੱਲ ਜਾ ਮੁੜੀ, ਹਾਲਾਂਕਿ ਦਰੱਖਤ ਵਿਚ ਫਸਣ ਕਾਰਨ ਉਨ੍ਹਾਂ ਦੀ ਜਾਨ ਬਚ ਗਈ। ਨੌਜਵਾਨਾਂ ਨੇ ਦੱਸਿਆ ਕਿ ਉਹ ਕਰਨਾਟਕ ਦੇ ਨੇੜਲੇ ਹਸਪਤਾਲ ਜਾ ਰਹੇ ਸਨ। ਅਬਦੁਲ ਰਸ਼ੀਦ ਨੇ ਦੱਸਿਆ ਕਿ ਗੂਗਲ ਮੈਪ ਦੇ ਭੀੜਾ ਰਾਹ ਦਿਖਾਇਆ ਤੇ ਉਨ੍ਹਾਂ ਉਧਰ ਕਾਰ ਪਾ ਲਈ। ਬੱਤੀ ਨਾਲ ਉਨ੍ਹਾਂ ਨੂੰ ਸਾਹਮਣੇ ਪਾਣੀ ਨਜ਼ਰ ਆਇਆ, ਪਰ ਇਹ ਨਹੀਂ ਪਤਾ ਲੱਗਿਆ ਕਿ ਉਹ ਪੁਲ ਤੋਂ ਲੰਘ ਰਹੇ ਹਨ ਤੇ ਦੋਹੀਂ ਪਾਸੀਂ ਦਰਿਆ ਹੈ। ਪੁਲ 'ਤੇ ਸਾਈਡ ਵਾਲ ਵੀ ਨਹੀਂ ਸੀ। ਕਾਰ ਦਰਿਆ ਵੱਲ ਰਿੜ੍ਹ ਗਈ, ਪਰ ਦਰੱਖਤ ਵਿਚ ਫਸ ਗਈ। ਉਹ ਕਿਸੇ ਤਰ੍ਹਾਂ ਕਾਰ ਵਿੱਚੋਂ ਬਾਹਰ ਆਏ ਤੇ ਫਾਇਰ ਬ੍ਰਿਗੇਡ ਨਾਲ ਸੰਪਰਕ ਕੀਤਾ। ਫਾਇਰ ਬ੍ਰਿਗੇਡ ਵਾਲਿਆਂ ਨੇ ਉਨ੍ਹਾਂ ਨੂੰ ਸਲਾਮਤ ਬਾਹਰ ਕੱਢਿਆ। ਪਿਛਲੇ ਮਹੀਨੇ ਹੈਦਰਾਬਾਦ ਦੇ ਚਾਰ ਸੈਲਾਨੀ ਗੂਗਲ ਮੈਪ ਦੀ ਵਰਤੋਂ ਕਰਦਿਆਂ ਕੋਟਾਯਮ ਜ਼ਿਲ੍ਹੇ ਵਿਚ ਨਾਲੇ 'ਚ ਜਾ ਪਏ ਸਨ। ਪੁਲਸ ਦੀ ਗਸ਼ਤੀ ਪਾਰਟੀ ਤੇ ਲੋਕਾਂ ਨੇ ਉਨ੍ਹਾਂ ਨੂੰ ਬਚਾਇਆ ਸੀ।

## ਮੰਦਰਾਂ ਦੇ ਗੇੜੇ

**ਲੰਡਨ** : ਬਰਤਾਨੀਆ 'ਚ ਵੀਰਵਾਰ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਅਤੇ ਲੇਬਰ ਪਾਰਟੀ ਦੇ ਆਗੂ ਕੀਰ ਸਟਾਰਮਰ ਨੇ ਬਰਤਾਨਵੀ ਹਿੰਦੂ ਵੋਟਰਾਂ ਨੂੰ ਲੁਭਾਉਣ ਲਈ ਮੰਦਰਾਂ ਦੇ ਗੇੜੇ ਲਾਏ। ਸੂਨਕ (44) ਐਤਵਾਰ ਨੈਸਡੈਨ 'ਚ ਸ੍ਰੀ ਸਵਾਮੀਨਾਰਾਇਣ ਮੰਦਰ ਪਹੁੰਚੇ। ਸਟਾਰਮਰ (61) ਸ਼ੁੱਕਰਵਾਰ ਉੱਤਰੀ ਲੰਡਨ ਦੇ ਕਿੰਗਜ਼ਬਰੀ 'ਚ ਸਵਾਮੀ ਨਾਰਾਇਣ ਮੰਦਰ ਪਹੁੰਚੇ। ਦੋਹਾਂ ਆਗੂਆਂ ਨੇ ਇਹ ਕਦਮ ਬਰਤਾਨਵੀ ਹਿੰਦੂ ਸੰਗਠਨਾਂ ਦੇ ਇਕ ਪ੍ਰਮੁੱਖ ਸਮੂਹ ਵੱਲੋਂ ਆਮ ਚੋਣਾਂ ਤੋਂ ਪਹਿਲਾਂ ਪਹਿਲੀ ਵਾਰ ਜਾਰੀ ਕੀਤੇ ਗਏ 'ਹਿੰਦੂ ਮੈਨੀਫੈਸਟੋ' ਤੋਂ ਬਾਅਦ ਉਠਾਇਆ। ਇਸ ਮੈਨੀਫੈਸਟੋ 'ਚ ਚੁਣੇ ਹੋਏ ਨੁਮਾਇੰਦਿਆਂ ਤੋਂ ਹਿੰਦੂ ਪੂਜਾ ਸਥੱਲਾਂ ਦੀ ਰੱਖਿਆ ਕਰਨ ਅਤੇ ਹਿੰਦੂਆਂ ਪ੍ਰਤੀ ਨਫਰਤ ਨਾਲ ਨਿਪਟਣ ਲਈ ਸਰਗਰਮ ਕਦਮ ਉਠਾਉਣ ਦੀ ਅਪੀਲ ਕੀਤੀ ਗਈ ਹੈ।

## ਅੱਜ-ਨਾਮਾ

ਜਿੱਤਿਆ ਕ੍ਰਿਕਟ ਦਾ ਕੱਪ ਤਾਂ ਚਾਅ ਚੋਖਾ,
ਭਾਰਤ ਮੁਲਕ ਪਿਆ ਜਾਪਦਾ ਨੱਚ ਮੀਆਂ।
ਕਿਸੇ ਦੇ ਹੰਝੂ ਪਏ ਚਾਅ ਦੇ ਨਾਲ ਵਹਿੰਦੇ,
ਭਰਿਆ ਕਿਸੇ ਦਾ ਖੁਸ਼ੀ ਨਾਲ ਗੱਚ ਮੀਆਂ।
ਕਿਸੇ ਨੂੰ ਆਂਵਦੀ ਯਾਦ ਆ ਕੌੜ ਪਿਛਲੀ,
ਟਿੱਪਣੀ ਕਾਰਨ ਕਾਲਜੇ ਗਏ ਮੱਚ ਮੀਆਂ।
ਅਜੋਕੀ ਘੜੀ ਇਹ ਚਾਅ ਨੇ ਠੀਕ ਬੇਸ਼ੱਕ,
ਲੁਕਾਇਆ ਜਾਣਾ ਪੁਰਾਣਾ ਨਾ ਸੱਚ ਮੀਆਂ।
ਮਿਲੀ ਆ ਜਿੱਤ ਤਾਂ ਚਾਂਭਲੇ ਫਿਰਨ ਜਿਹੜੇ,
ਹੁੰਦੀ ਜਦ ਹਾਰ ਤਾਂ ਕਦੀ ਨਾ ਜਰਨ ਮੀਆਂ।
ਪੈਸਾ ਸੱਟੇ 'ਤੇ ਲਾਇਆ ਨਹੀਂ ਟਿਕਣ ਦੇਵੇ,
ਉੱਡਦੀ ਨੀਂਦਰ ਤੇ ਹਉਕੜੇ ਭਰਨ ਮੀਆਂ।

-ਤੀਸ ਮਾਰ ਖਾਂ

# ਲੰਡਾ ਗੈਂਗ ਦੇ 5 ਸ਼ੂਟਰ ਗ੍ਰਿਫਤਾਰ



**ਜਲੰਧਰ (ਸ਼ੈਲੀ ਐਲਬਰਟ)**-ਜਲੰਧਰ ਪੁਲਸ ਕਮਿਸ਼ਨਰੇਟ ਸਵਪਨ ਸ਼ਰਮਾ ਦੀ ਅਗਵਾਈ ਹੇਠ ਪੁਲਸ ਕਮਿਸ਼ਨਰੇਟ ਨੇ ਖੌਫਨਾਕ ਲੰਡਾ ਗਰੋਹ ਦੇ ਪੰਜ ਨਿਸ਼ਾਨੇਬਾਜ਼ਾਂ ਨੂੰ ਗ੍ਰਿਫਤਾਰ ਕੀਤਾ ਹੈ, ਜੋ ਸਰਹੱਦ ਪਾਰੋਂ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਸੁਪਾਰੀ ਕਤਲਾਂ ਅਤੇ ਫਿਰੌਤੀ ਦੇ ਕਈ ਮਾਮਲਿਆਂ ਵਿੱਚ ਸ਼ਾਮਲ ਸਨ।

ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਿਸ ਨੇ ਜਤਿੰਦਰ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਕੁਝ ਦਿਨ ਪਹਿਲਾਂ ਗੁਰਪ੍ਰੀਤ ਸਿੰਘ ਉਰਫ਼ ਗੋਪੀ, ਭੁਪਿੰਦਰ ਸਿੰਘ ਉਰਫ਼ ਬੰਟੀ ਅਤੇ ਜਗਰੂਪ ਸਿੰਘ ਉਰਫ਼ ਜੋਪਾ ਨੂੰ ਗ੍ਰਿਫ਼ਤਾਰ ਕੀਤਾ ਸੀ। ਪੁੱਛਗਿੱਛ ਦੇ ਆਧਾਰ 'ਤੇ ਪੁਲਸ ਨੇ ਲੰਡਾ ਗਰੋਹ ਦੇ ਪੰਜ ਹੋਰ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਦੀ ਪਹਿਚਾਣ ਜਸ਼ਨਪ੍ਰੀਤ ਸਿੰਘ ਉਰਫ਼ ਕਾਲਾ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਰੋੜੀਵਾਲ, ਥਾਣਾ ਚੋਹਲਾ ਸਾਹਿਬ ਤਰਨ ਤਾਰਨ, ਗੁਰਸ਼ਰਨ ਸਿੰਘ ਪੁੱਤਰ ਲੇਟ ਬਲਵਿੰਦਰ ਸਿੰਘ ਵਾਸੀ ਪਿੰਡ ਰੋੜੀਵਾਲ, ਥਾਣਾ ਚੋਹਲਾ ਸਾਹਿਬ, ਤਰਨ ਤਾਰਨ, ਹਰਮਨਜੀਤ ਸਿੰਘ ਉਰਫ ਹਰਮਨ ਪੁੱਤਰ ਗੁਰਬਖਸ਼ ਸਿੰਘ ਵਾਸੀ ਪਿੰਡ ਟਾਂਡਾ, ਥਾਣਾ ਗੋਇੰਦਵਾਲ ਸਾਹਿਬ, ਤਰਨ ਤਾਰਨ, ਗੁਰਬਾਜ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਗੰਟੀ ਥੜ੍ਹ ਜ਼ਿਲਾ ਤਰਨ ਤਾਰਨ ਅਤੇ ਅੰਮ੍ਰਿਤਪਾਲ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਰੋੜੀਵਾਲ, ਹਰੀਕੇ ਪੱਤਣ, ਜ਼ਿਲ੍ਹਾ ਤਰਨ ਤਾਰਨ ਵਜੋਂ ਹੋਈ ਹੈ। ਸ਼ਰਮਾ ਨੇ ਦੱਸਿਆ ਕਿ 30 ਬੋਰ ਦੇ ਤਿੰਨ ਪਿਸਤੌਲ, ਦੋ ਕਾਰਤੂਸ ਸਮੇਤ ਉਨ੍ਹਾਂ ਕੋਲੋਂ 32 ਬੋਰ ਦਾ ਇੱਕ ਰਿਵਾਲਵਰ ਬਰਾਮਦ ਕੀਤਾ ਗਿਆ ਹੈ।

ਪੁਲਸ ਕਮਿਸ਼ਨਰ ਨੇ ਦੱਸਿਆ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਜਸ਼ਨਪ੍ਰੀਤ ਸਿੰਘ ਲਖਬੀਰ ਲੰਡਾ ਦੇ ਨਿਰਦੇਸ਼ਾਂ 'ਤੇ ਕੰਮ ਕਰਦਾ ਸੀ ਅਤੇ ਪਾਕਿਸਤਾਨ ਤੋਂ ਹਥਿਆਰਾਂ ਦੀ ਦਰਾਮਦ ਕਰਦਾ ਸੀ, ਹਥਿਆਰਾਂ ਦੀ ਸਪਲਾਈ ਕਰਦਾ ਸੀ ਅਤੇ ਲਖਬੀਰ ਸਿੰਘ ਦੇ ਨਿਰਦੇਸ਼ਾਂ 'ਤੇ ਜਾਸੂਸੀ ਕਰਦਾ ਸੀ। ਉਹ ਕਤਲ ਨਾਲ ਸੰਬੰਧਤ ਕੁਝ ਵਾਰਦਾਤਾਂ ਨੂੰ ਅੰਜਾਮ ਦੇਣ ਦੀ ਵੀ ਯੋਜਨਾ ਬਣਾ ਰਿਹਾ ਸੀ। ਉਨ੍ਹਾ ਦੱਸਿਆ ਕਿ ਗੁਰਸ਼ਰਨ ਸਿੰਘ ਵੀ ਜਸ਼ਨਪ੍ਰੀਤ ਸਿੰਘ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਲ ਸੀ, ਜਿਸ ਦੀ ਜਾਂਚ ਦੌਰਾਨ ਪੁਲਸ ਨੇ ਉਸ ਦੇ ਕਬਜ਼ੇ ਵਿੱਚੋਂ ਕੁਝ ਵਿਦੇਸ਼ੀ ਹਥਿਆਰ ਬਰਾਮਦ ਕੀਤੇ ਹਨ।

ਪੁਲਸ ਕਮਿਸ਼ਨਰ ਨੇ ਦੱਸਿਆ ਕਿ ਹਰਮਨਜੀਤ ਸਿੰਘ ਉਰਫ਼ ਹਰਮਨ ਲਖਬੀਰ ਸਿੰਘ ਲੰਡਾ ਨਾਲ ਜੁੜਿਆ ਹੋਇਆ ਸੀ ਅਤੇ ਤਰਨ ਤਾਰਨ, ਅੰਮ੍ਰਿਤਸਰ ਅਤੇ ਜਲੰਧਰ ਵਿੱਚ ਕਾਰੋਬਾਰੀਆਂ ਤੋਂ ਜਬਰੀ ਵਸੂਲੀ ਕਰਨ ਵਿੱਚ ਸ਼ਾਮਲ ਸੀ। ਅੰਮ੍ਰਿਤਪਾਲ ਸਿੰਘ ਲਖਬੀਰ ਸਿੰਘ ਉਰਫ਼ ਲੰਡਾ ਦੇ ਸੰਪਰਕ ਵਿੱਚ ਸੀ ਅਤੇ ਉਸ ਦੇ ਨਿਰਦੇਸ਼ਾਂ ਅਨੁਸਾਰ ਉਸ ਦੇ ਨਾਲ ਹੀ ਗੰਭੀਰ ਅਪਰਾਧਾਂ ਨਾਲ ਸੰਬੰਧਤ ਹੋਰ ਅਪਰਾਧਿਕ ਸਾਜ਼ਿਸ਼ਾਂ ਨੂੰ ਅੰਜਾਮ ਦਿੰਦਾ ਸੀ। ਸ਼ਰਮਾ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਹੁਣ ਤੱਕ ਕੁੱਲ ਅੱਠ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ।

## ਬਠਿੰਡਾ 'ਚ ਤਿੰਨ ਸੋਲਰ ਪਾਵਰ ਪਲਾਂਟ ਲੱਗਣਗੇ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਸੌਰ ਊਰਜਾ ਨੂੰ ਅਪਣਾ ਕੇ ਖੇਤੀਬਾੜੀ ਸੈਕਟਰ ਨੂੰ ਕਾਰਬਨ-ਮੁਕਤ ਕਰਨ ਦੀ ਦਿਸ਼ਾ ਵਿੱਚ ਇਕ ਹੋਰ ਠੋਸ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬਠਿੰਡਾ ਜ਼ਿਲ੍ਹੇ ਵਿੱਚ 12 ਮੈਗਾਵਾਟ (ਹਰੇਕ ਪਲਾਂਟ 4 ਮੈਗਾਵਾਟ) ਸਮਰੱਥਾ ਦੇ ਤਿੰਨ ਹੋਰ ਸੌਰ ਊਰਜਾ ਪਾਵਰ ਪਲਾਂਟ ਲਗਾਏ ਜਾਣਗੇ।ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਨੇ ਹਾਲ ਹੀ ਵਿੱਚ ਖੇਤੀਬਾੜੀ ਸੰਬੰਧੀ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ ਬਠਿੰਡਾ ਦੇ ਪਿੰਡ ਤਰਖਾਣਵਾਲਾ ਵਿਖੇ 4 ਮੈਗਾਵਾਟ ਦਾ ਸੂਰਜੀ ਊਰਜਾ ਪਲਾਂਟ ਕਾਰਜਸ਼ੀਲ ਕੀਤਾ ਹੈ।

ਇਸ ਪ੍ਰਾਜੈਕਟ ਤੋਂ ਪੈਦਾ ਹੋਈ ਬਿਜਲੀ ਪਿੰਡ ਸੇਖੂ ਸਥਿਤ ਪੀ ਐੱਸ ਪੀ ਸੀ ਐੱਲ ਦੇ ਗਰਿੱਡ/ ਸਬ-ਸਟੇਸ਼ਨ ਨੂੰ ਸਪਲਾਈ ਕੀਤੀ ਜਾਂਦੀ ਹੈ। ਇਹ ਪ੍ਰਾਜੈਕਟ ਸਾਲਾਨਾ ਲਗਭਗ 66.50 ਲੱਖ ਯੂਨਿਟ ਬਿਜਲੀ ਪੈਦਾ ਕਰੇਗਾ।ਅਮਨ ਅਰੋੜਾ ਨੇ ਦੱਸਿਆ ਕਿ 50 ਕਰੋੜ ਦੀ ਲਾਗਤ ਵਾਲੇ 12 ਮੈਗਾਵਾਟ ਸਮਰੱਥਾ ਦੇ ਇਹ ਹੋਰ ਤਿੰਨ ਸੂਰਜੀ ਊਰਜਾ ਪ੍ਰਾਜੈਕਟਾਂ ਦੇ ਜੂਨ 2025 ਤੱਕ ਕਾਰਜਸ਼ੀਲ ਹੋਣ ਦੀ ਆਸ ਹੈ। ਉਨ੍ਹਾ ਦੱਸਿਆ ਇਨ੍ਹਾਂ ਪ੍ਰਾਜੈਕਟਾਂ ਨੂੰ ਸਥਾਪਤ ਕਰਨ ਲਈ ਬਠਿੰਡਾ ਜ਼ਿਲ੍ਹੇ ਦੇ ਪਿੰਡ ਭਾਗੀ ਵਾਂਦਰ, ਸ਼ੇਰਗੜ੍ਹ ਅਤੇ ਕੋਠੇ ਮੱਲੂਆਣਾ ਵਿੱਚ ਲੱਗੇ ਪੀ ਐੱਸ ਪੀ ਸੀ ਐੱਲ ਦੇ 66 ਕੇ ਵੀ ਸਬ-ਸਟੇਸ਼ਨਾਂ ਨੇੜੇ ਪੰਚਾਇਤੀ ਜ਼ਮੀਨ ਲੀਜ਼ 'ਤੇ ਲਈ ਗਈ ਹੈ। ਉਹਨਾ ਕਿਹਾ ਕਿ ਇਹ ਪ੍ਰਾਜੈਕਟ ਖੇਤੀਬਾੜੀ ਲਈ ਸੌਰ ਊਰਜਾ ਦੇ ਸੰਕਲਪ ਨੂੰ ਦਰਸਾਉਣਗੇ ਅਤੇ ਪੀ ਐੱਸ ਪੀ ਸੀ ਐੱਲ ਨੂੰ ਬਹੁਤ ਘੱਟ ਕੀਮਤ 'ਤੇ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਤੋਂ ਇਲਾਵਾ ਸੂਬੇ ਦੇ ਲੋਕਾਂ ਨੂੰ ਬਹੁਤ ਸਾਰੇ ਲਾਭ ਪ੍ਰਦਾਨ ਕਰਨਗੇ। ਉਹਨਾ ਕਿਹਾ ਕਿ ਇਹਨਾਂ ਪ੍ਰਾਜੈਕਟਾਂ ਤੋਂ ਲੰਮੇ ਸਮੇਂ ਦੇ ਪੀ ਪੀ ਏ ਤਹਿਤ ਪੀ ਐੱਸ ਪੀ ਸੀ ਐੱਲ ਨੂੰ 2.748 ਰੁਪਏ ਪ੍ਰਤੀ ਕਿਲੋਵਾਟ ਘੰਟਾ ਦੀ ਦਰ ਮੁਤਾਬਕ ਬਿਜਲੀ ਸਪਲਾਈ ਕੀਤੀ ਜਾਵੇਗੀ।

DUMMY-EIRST PAGE-AJIT.qxd 6/30/2024 9:11 PM Page 2



## ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਬਸੀ ਪਠਾਨਾ ਦੀ ਮੀਟਿੰਗ



**ਫਤਹਿਗੜ ਸਾਹਿਬ (ਪ੍ਰਮੋਦ ਭਾਰਦਵਾਜ)**-ਸੀਨੀਅਰ ਸਿਟੀਜਨ ਐਸੋਸੀਏਸ਼ਨ ਬਸੀ ਪਠਾਣਾ ਦੀ ਮਹੀਨਾਵਾਰ ਮੀਟਿੰਗ ਅੰਦਾਜ਼ ਹੋਟਲ ਵਿਖੇ ਸ੍ਰੀ ਮਦਨ ਲਾਲ ਵਰਮਾ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ ਐਸੋਸੀਏਸ਼ਨ ਵੱਲੋਂ ਕੀਤੇ ਗਏ ਤੇ ਆਉਣ ਵਾਲੇ ਸਮੇਂ ਵਿੱਚ ਕੀਤੇ ਜਾਣ ਵਾਲੇ ਸਮਾਜ ਸੇਵੀ ਕੰਮਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਉਪਰੰਤ ਗੀਤ ਗਜ਼ਲਾਂ ਦਾ ਪ੍ਰੋਗਰਾਮ ਪੇਸ਼ ਕਰਕੇ ਸਾਰੇ ਬਜ਼ੁਰਗਾਂ ਨੇ ਆਪਣਾ ਮਨੋਬਲ ਤਕੜਾ ਕੀਤਾ। ਸਭ ਨਾਲੋਂ ਲੰਬੀ ਉਮਰ ਦੇ ਸ੍ਰੀ ਪੁਰਸ਼ੋਤਮ ਬੰਸਲ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਆਖਿਆ ਕਿ ਬੱਚਿਆਂ ਨੂੰ ਦਿੱਤੇ ਮੋਬਾਇਲਾਂ ਨੇ ਹਰ ਘਰ ਦੇ ਸੰਤੁਲਨ ਵਿਗਾੜ ਦਿੱਤੇ ਹਨ, ਕਿਉਂਕਿ ਬਜ਼ੁਰਗਾਂ ਕੋਲ ਬੈਠਣ ਜਾਂ ਸਮਾਂ ਗੁਜ਼ਾਰਨ ਦਾ ਪਰਿਵਾਰ ਦੇ ਕਿਸੇ ਮੈਂਬਰ ਕੋਲ ਕੋਈ ਸਮਾਂ ਨਹੀਂ ਹੈ, ਜਿਸ ਕਾਰਨ ਅੱਜ ਹਰ ਬਜ਼ੁਰਗ ਮਾਨਸਿਕ ਪੱਖੋਂ ਸੰਤੁਸ਼ਟ ਨਹੀਂ। ਇਸ ਚੱਕਰ ਵਿੱਚ ਵਧ ਰਹੀਆਂ ਖੁਦਕੁਸ਼ੀਆਂ ਤੇ ਆਤਮ ਹੱਤਿਆਵਾਂ ਚਿੰਤਾ ਦਾ ਵਿਸ਼ਾ ਹਨ। ਅੱਜ ਉਹ ਪਰਿਵਾਰ ਭਾਗਾਂ ਵਾਲੇ ਹਨ, ਜਿਨਾਂ ਦਾ ਬੁਢਾਪਾ ਆਪਣੇ ਪਰਿਵਾਰ ਦੀ ਫੁੱਲਵਾੜੀ ਵਿੱਚ ਬੈਠ ਕੇ ਹੱਸ ਖੇਡ ਕੇ ਬੀਤ ਰਿਹਾ ਹੈ। ਸੀਨੀਅਰ ਸਿਟੀਜਨਾਂ ਨੇ ਰਾਤ ਦਾ ਡਿਨਰ ਸਾਂਝਾ ਕੀਤਾ ਤੇ ਇਸ ਮੌਕੇ ਪਰਮਿੰਦਰ ਸਿੰਘ, ਹਰਨੇਕ ਸਿੰਘ, ਮਨਧੀਰ ਮੋਹਨ ਦਾ ਜਨਮ ਦਿਨ ਕੇਕ ਕੱਟ ਕੇ ਮਨਾਇਆ ਗਿਆ ਤੇ ਮੈਂਬਰਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ। ਇਸ ਮੌਕੇ ਜੈ ਕ੍ਰਿਸ਼ਨ ਕਸ਼ਪ ਸਾਬਕਾ ਡੀਪੀਆਰ ਓ, ਕਮਲ ਗੁਪਤਾ, ਕੁਲਦੀਪ ਮਲਹੋਤਰਾ, ਸੁਸ਼ੀਲ ਗੁਪਤਾ, ਬਲਦੇਵ ਕ੍ਰਿਸ਼ਨ, ਅਜੀਤ ਸਿੰਘ ਮੱਕੜ, ਕੇਵਲ ਕ੍ਰਿਸ਼ਨ ਵਰਮਾ, ਪ੍ਰਵੀਨ ਬਾਂਸਲ, ਰਜਿੰਦਰ ਸੇਠੀ ਸਨੀਲ ਰੈਨਾ, ਵਿਨੋਦ ਸ਼ਰਮਾ ਆਦਿ ਸੀਨੀਅਰ ਹਾਜ਼ਰ ਸਨ।

# ਖਪਤਕਾਰ ਅਧਿਕਾਰ ਸੰਗਠਨ ਪੰਜਾਬ ਵੱਲੋਂ ਖ਼ੂਨਦਾਨ ਕੈਂਪ

**ਮੋਗਾ (ਇਕਬਾਲ ਸਿੰਘ ਖਹਿਰਾ)**

ਮੋਗਾ ਵਿਖੇ ਖਪਤਕਾਰ ਅਧਿਕਾਰ ਸੰਸਥਾ ਪੰਜਾਬ ਵੱਲੋਂ ਖ਼ੂਨਦਾਨ ਕੈਂਪ ਲਾਇਆ ਗਿਆ। ਇਹ ਖ਼ੂਨਦਾਨ ਕੈਂਪ ਰਾਸ਼ਟਰੀ ਪ੍ਰਧਾਨ ਨਵੀਨ ਸ਼ਰਮਾ ਤੇ ਰਾਸ਼ਟਰੀ ਕਾਰਜਕਾਰਨੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਮੋਗਾ ਸੀ.ਆਰ.ਓ. ਕੇਅਰ ਅਧੀਨ ਮਿੱਤਲ ਹਾਰਟ ਕੇਅਰ ਸੈਂਟਰ ਪੁਰਾਣਾ ਦੁਸਹਿਰਾ ਗਰਾਊਂਡ ਮੋਗਾ ਵਿਖੇ ਲਗਾਇਆ ਗਿਆ। ਇਸ ਖ਼ੂਨਦਾਨ ਕੈਂਪ ਦੌਰਾਨ ਸ੍ਰੀਮਤੀ ਸ਼ਬਨਮ ਮੰਗਲਾ ਸੂਬਾ ਜਨਰਲ ਸਕੱਤਰ ਸੀ.ਆਰ.ਓ. ਵੱਲੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਗਈ। ਇਸ ਕੈਂਪ ਵਿੱਚ 100 ਦੇ ਕਰੀਬ ਖ਼ੂਨਦਾਨੀਆਂ ਵੱਲੋਂ ਖ਼ੂਨ ਦਾਨ ਕੀਤਾ। ਇਸ ਮੌਕੇ ਖਪਤਕਾਰ ਅਧਿਕਾਰ ਸੰਸਥਾ ਪੰਜਾਬ ਦੇ ਪ੍ਰਧਾਨ ਪੰਕਜ ਸੂਦ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਡੇਂਗੂ ਦੇ ਮੱਛਰ ਕਾਰਨ ਡੇਂਗੂ ਫੈਲੇਗਾ, ਜਿਸ ਲਈ ਸ਼ਹਿਰ ਵਿੱਚ ਡੇਂਗੂ ਦੇ ਮਰੀਜ਼ਾਂ ਨੂੰ ਖ਼ੂਨ ਦੀ ਵਧੇਰੇ ਲੋੜ ਪੈਂਦੀ ਹੈ ਤੇ ਇਸ ਕਮੀ ਨੂੰ ਪੂਰਾ ਕਰਨ ਦੇ ਮੰਤਵ ਤਹਿਤ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਵੱਲੋਂ ਬੜੇ ਉਤਸ਼ਾਹ ਨਾਲ ਖ਼ੂਨਦਾਨ ਕੈਂਪ ਭਾਗ ਲਿਆ, ਇਸ ਕੈਂਪ ਦੌਰਾਨ ਪੂਰੇ ਭਾਰਤ ਵਿੱਚ ਮਰੀਜ਼ਾਂ ਲਈ ਮੁਫ਼ਤ ਮੈਡੀਕਲ ਸਹਾਇਤਾ, ਮੁਫ਼ਤ ਦਵਾਈਆਂ ਤੇ ਖ਼ੂਨਦਾਨ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਮੌਕੇ ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਸ੍ਰੀਮਤੀ ਜੋਤੀ ਸੂਦ ਅਤੇ ਉਨ੍ਹਾਂ ਦੀ ਟੀਮ, ਜਿਸ ਵਿੱਚ ਸ਼ਬਨਮ ਮੰਗਲਾ, ਅਨੀਤਾ ਅਰੋੜਾ, ਪ੍ਰੋਮਿਲਾ ਮਨਰਾਏ, ਸੀਮਾ ਸ਼ਰਮਾ, ਸੁਮਨ ਮਲਹੋਤਰਾ, ਗੁਰਮੀਤ ਕੌਰ, ਸੀਮਾ ਸ਼ਰਮਾ, ਮੀਨਾ ਸੱਚਰ, ਸੁਮਨ ਸ਼ਾਮਲ ਸਨ। ਅੰਜਲੀ ਗੁਪਤਾ, ਭਵਦੀਪ ਕੋਹਲੀ, ਨਾਨੂ ਭੰਡਾਰੀ, ਜ਼ਿਲ੍ਹਾ ਪ੍ਰਧਾਨ ਹਰਫੂਲ ਸਹਿਗਲ, ਸੰਨੀ ਤਾਰੀਵਾਲ, ਜਤਿੰਦਰ ਸਿੰਘ, ਬਾਬੂ ਰਾਮ, ਮਹਿੰਦਰ ਪ੍ਰਧਾਨ, ਯੋਗੇਸ਼ ਗੋਇਲ, ਗਗਨਦੀਪ, ਗੋਰਾ, ਗੁਰਪ੍ਰੀਤ ਸਿੰਘ, ਬਾਜ ਸਿੰਘ ਤੇ ਵਪਾਰ ਵਿੰਗ ਦੇ ਪੰਜਾਬ ਪ੍ਰਧਾਨ ਨਵੀਨ ਸਿੰਗਲਾ ਸ਼ਾਮਲ ਸਨ ਅਤੇ ਟੀਮ, ਪੰਜਾਬ ਯੂਥ ਵਿੰਗ ਦੇ ਪ੍ਰਧਾਨ ਸੰਜੇ ਸ਼ਰਮਾ, ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਅਸ਼ਵਨੀ, ਯੂਥ ਅਰਬਨ ਹੈੱਡ ਅਮਿਤ ਬਜਾਜ ਤੇ ਰੂਪਮ ਅਰੋੜਾ, ਵਨੀਤ ਗੁਪਤਾ, ਵਿਦਿਤ ਸੂਦ ਵੀ ਆਪਣੀ ਟੀਮ ਦੇ ਦਾਨੀ ਸੱਜਣਾਂ ਨਾਲ ਪਹੁੰਚੇ, ਇਸ ਤੋਂ ਇਲਾਵਾ ਪਰਵ ਬਾਂਸਲ ਤੇ ਉਨ੍ਹਾਂ ਦੇ ਪਰਵਾਰ ਵੱਲੋਂ ਸਾਰੇ ਖ਼ੂਨਦਾਨੀਆਂ ਨੂੰ ਬੂਟੇ ਦੇ ਕੇ ਸਨਮਾਨਤ ਕੀਤਾ ਗਿਆ।




ਖ਼ੂਨਦਾਨ ਕੈਂਪ ਦੌਰਾਨ ਸੂਬਾ ਪ੍ਰਧਾਨ ਪੰਕਜ ਸੂਦ, ਡਾ. ਸੰਜੀਵ ਮਿੱਤਲ ਤੇ ਹੋਰ ਆਗੂ।

## 24 ਲੱਖ ਲੁਟਾ ਬੈਠੀ ਫਰਜ਼ੀ ਇਮੀਗ੍ਰੇਸ਼ਨ ਸੈਂਟਰ ਦੇ ਝਾਂਸੇ 'ਚ ਆਈ ਔਰਤ

**ਸਿਰਸਾ (ਸੁਰਿੰਦਰ ਪਾਲ ਸਿੰਘ)** : ਸਿਰਸਾ ਦੇ ਸੈਕਟਰ 19 ਹੁੱਡਾ ਕਲੋਨੀ ਦੀ ਰਹਿਣ ਵਾਲੀ ਨੀਤੂ ਮਹਿਤਾ ਤੋਂ ਪੰਜ ਵਿਅਕਤੀਆਂ ਨੇ ਵਿਦੇਸ਼ ਭੇਜਣ ਦੇ ਨਾਂ 'ਤੇ 24 ਲੱਖ 60 ਹਜ਼ਾਰ ਰੁਪਏ ਠੱਗ ਲਏ। ਹੁੱਡਾ ਕਲੋਨੀ ਸਿਰਸਾ ਦੀ ਰਹਿਣ ਵਾਲੀ ਨੀਤੂ ਮਹਿਤਾ ਆਸਟ੍ਰੇਲੀਆ ਜਾ ਕੇ ਨੌਕਰੀ ਕਰਨਾ ਚਾਹੁੰਦੀ ਸੀ। ਉਸ ਨੇ ਚੰਡੀਗੜ੍ਹ ਦੇ ਸੈਕਟਰ 17 ਸਥਿਤ ਵੀਜ਼ਾ ਇਮੀਗ੍ਰੇਸ਼ਨ ਦੇ ਅਮਨਪ੍ਰੀਤ, ਅਰਸ਼ਪ੍ਰੀਤ, ਸਮ੍ਰਿਤੀ, ਆਕਾਸ਼ ਤੇ ਪੂਜਾ ਨਾਲ ਸੰਪਰਕ ਕੀਤਾ ਤਾਂ ਉਕਤ ਵਿਅਕਤੀਆਂ ਨੇ ਕਿਹਾ ਕਿ ਉਹ ਉਸ ਨੂੰ ਵਰਕ ਵੀਜ਼ਾ ਲਵਾ ਕੇ ਵਿਦੇਸ਼ ਭੇਜ ਦੇਣਗੇ।ਨੀਤੂ ਮਹਿਤਾ ਨੇ ਆਸਟ੍ਰੇਲੀਆ ਜਾਣ ਦੀ ਇੱਛਾ ਜ਼ਾਹਰ ਕੀਤੀ ਤਾਂ ਉਕਤ ਵਿਅਕਤੀਆਂ ਨੇ ਆਸਟ੍ਰੇਲੀਆ ਦੇ ਨਾਂ 'ਤੇ 24 ਲੱਖ 600 ਹਜ਼ਾਰ ਰੁਪਏ ਦੀ ਮੰਗ ਕੀਤੀ।ਨੀਤੂ ਦਾ ਕਹਿਣਾ ਹੈ ਕਿ ਜੋ ਵੀ ਪੈਸੇ ਮੰਗੇ ਗਏ, ਉਹ ਦਿੰਦੇ ਰਹੇ।ਵਾਰ-ਵਾਰ ਚੱਕਰ ਲਗਾਉਣ ਤੋਂ ਬਾਅਦ, ਸਮ੍ਰਿਤੀ ਤੇ ਆਕਾਸ਼ ਨੇ ਉਸ ਨੂੰ ਆਫਰ ਲੈਟਰ ਦਿੱਤਾ।ਮਹਿਤਾ ਦੇ ਪਤੀ ਨੂੰ ਕਾਲ ਕਰਕੇ ਦੱਸਿਆ ਗਿਆ ਕਿ ਅਸੀਂ ਤੁਹਾਡਾ ਵਰਕ ਵੀਜ਼ਾ ਲਵਾ ਲਿਆ ਹੈ ਤੇ ਵਟਸਐਪ ਤੇ ਆਫਰ ਲੈਟਰ ਵੀ ਭੇਜ ਦਿੱਤਾ ਗਿਆ ਹੈ।ਜਦੋਂ ਨੀਤੂ ਮਹਿਤਾ ਨੇ ਦੁਬਾਰਾ ਜਾਂਚ ਕਰਵਾਈ ਤਾਂ ਇਹ ਵੀ ਫਰਜ਼ੀ ਨਿਕਲਿਆ।ਇਸ ਤੋਂ ਬਾਅਦ ਜਦੋਂ ਨੀਤੂ ਆਪਣੇ ਪਤੀ ਤੇ ਰਿਸ਼ਤੇਦਾਰਾਂ ਨਾਲ ਉਕਤ ਵਿਅਕਤੀਆਂ ਦੇ ਦਫ਼ਤਰ ਪਹੁੰਚੀ ਤਾਂ ਉਸ ਨੂੰ ਪਤਾ ਲੱਗਾ ਕਿ ਇਹ ਦਫ਼ਤਰ ਇੱਥੋਂ ਤਬਦੀਲ ਹੋ ਗਿਆ ਹੈ।ਇਸ ਤੋਂ ਬਾਅਦ ਨੀਤੂ ਨੂੰ ਅਹਿਸਾਸ ਹੋਇਆ ਕਿ ਉਸ ਨਾਲ ਵੱਡਾ ਧੋਖਾ ਹੋਇਆ ਹੈ।ਇਸ ਤੋਂ ਬਾਅਦ ਉਸ ਨੇ ਆਪਣੀ ਸ਼ਿਕਾਇਤ ਸਿਵਲ ਲਾਈਨ ਥਾਣਾ ਸਿਰਸਾ ਨੂੰ ਦਿੱਤੀ।ਜਾਂਚ ਅਧਿਕਾਰੀਆਂ ਵੱਲੋਂ ਪੜਤਾਲ ਉਪਰੰਤ ਕੇਸ ਦਰਜ ਕਰ ਲਿਆ ਹੈ।

## ਸੜਕ ਦੀ ਖਸਤਾ ਹਾਲਤ ਕਾਰਨ ਲੋਕ ਪ੍ਰੇਸ਼ਾਨ



**ਲੁਧਿਆਣਾ (ਜਸਦੀਪ ਵਰਤੀਆ)**-ਪਿਛਲੇ 20-25 ਸਾਲ ਤੋਂ ਸੜਕ ਨਾ ਬਣਨ ਕਾਰਨ ਪਿੰਡ ਪੱਟੀਆਂ ਵਰਿਆਮ ਦਾ ਡੇਰਾ ਦੇ ਲੋਕ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਵਰਿਆਮ ਦਾ ਡੇਰੇ ਵਿੱਚ ਮੇਨ ਸੜਕ ਦੇ ਖਰਾਬ ਹੋਣ ਕਾਰਨ ਲੋਕਾਂ ਨੂੰ ਆ ਰਹੀਆਂ ਦਿੱਕਤਾਂ ਸਬੰਧੀ ਪਿੰਡ ਵਾਲਿਆਂ ਦਾ ਕਹਿਣਾ ਹੈ ਕਿ ਕਾਫੀ ਗਰਾਂਟਾਂ ਆਉਣ ਦੇ ਬਾਵਜੂਦ ਸੜਕ ਦਾ ਕੋਈ ਹੱਲ ਕਿਸੇ ਮੰਤਰੀ ਜਾਂ ਕਿਸੇ ਸਰਪੰਚ ਨੇ ਨਹੀਂ ਕੀਤਾ। ਉਨ੍ਹਾ ਕਿਹਾ ਕਿ ਅਸੀਂ ਅਪੀਲ ਕਰਦੇ ਹਾਂ ਕਿ ਪੰਜਾਬ ਸਰਕਾਰ ਵੱਲੋਂ ਇਸ ਸੜਕ ਵੱਲ ਧਿਆਨ ਦਿੱਤਾ ਜਾਵੇ ਤਾਂ ਜੋ ਆਉਣ ਵਾਲੀਆਂ ਬਾਰਿਸ਼ਾਂ 'ਚ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾ ਕਿਹਾ ਕਿ ਜਦੋਂ ਕਿਸੇ ਲੜਕੀ-ਲੜਕੇ ਦੀ ਮੈਰਿਜ 'ਤੇ ਬੱਚਿਆਂ ਨੂੰ ਪੜ੍ਹਨ ਤੇ ਆਉਣ-ਜਾਣ ਅਤੇ ਕਿਸੇ ਦੀ ਡੈੱਥ ਹੋ ਜਾਵੇ ਤਾਂ ਭਾਰੀ ਦਿਕਤਾਂ ਦਾ ਸਾਹਮਣਾ ਨਾ ਕਰਨਾ ਪੈਂਦਾ ਹੈ। ਇਸ ਮੌਕੇ ਮੁਹੱਲਾ ਨਿਵਾਸੀ ਨਾਰ ਸਿੰਘ, ਜਗਤਾਰ ਸਿੰਘ, ਬਿੱਲਾ ਸਿੰਘ, ਅਵਤਾਰ ਸਿੰਘ, ਮੋਨੂ, ਰਵੀ, ਕਰਨ ਸਿੰਘ ਆਦਿ ਹਾਜ਼ਰ ਸਨ।

## ਗੁਰੂ ਹਰਗੋਬਿੰਦ ਸਾਹਿਬ ਤੇ ਸੰਤ ਸਿਉੜੇ ਵਾਲਿਆਂ ਦੀ ਯਾਦ 'ਚ ਸਮਾਗਮ

**ਮਾਲੇਰਕੋਟਲਾ (ਅਸਗਰ ਪਰਿਹਾਰ)**

ਨੇੜਲੇ ਪਿੰਡ ਖਾਨਪੁਰ ਵਿਖੇ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਨਗਰ ਨਿਵਾਸੀਆਂ ਤੇ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸਹਿਯੋਗ ਸਦਕਾ 6ਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਤੇ ਸੰਤ ਬਾਬਾ ਬਲਵੰਤ ਸਿੰਘ ਸਿਉੜੇ ਵਾਲਿਆਂ ਦੀ ਬਰਸੀ ਨੂੰ ਸਮਰਪਤ ਧਾਰਮਿਕ ਸਮਾਗਮ ਕਰਵਾਇਆ ਗਿਆ।ਜਾਣਕਾਰੀ ਦਿੰਦਿਆਂ ਸਾਬਕਾ ਸਰਪੰਚ ਗੁਰਮੁੱਖ ਸਿੰਘ ਖ਼ਾਨਪੁਰ ਨੇ ਦੱਸਿਆ ਕਿ ਗੁਰੂ ਘਰ ਦੇ ਮੁੱਖ ਗ੍ਰੰਥੀ ਸਾਹਿਬ ਦਲਜੀਤ ਸਿੰਘ ਬਰਾਗੀ ਦੀ ਅਗਵਾਈ ਹੇਠ 16 ਦਿਨ ਇਹ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ 'ਚ 7 ਪਰਵਾਰਾਂ ਵੱਲੋਂ ਪ੍ਰਕਾਸ਼ ਕਰਵਾਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਚਲਦੇ ਧਾਰਮਿਕ ਸਮਾਗਮ ਦੌਰਾਨ ਬਾਬਾ ਗੁਲਜਾਰ ਸਿੰਘ ਧਨੋ, ਬਾਬਾ ਸੁਖਪਾਲ ਸਿੰਘ ਖਾਲਸਾ ਦਰੋਗੇਵਾਲ, ਬਾਬਾ ਗੁਰਮੁੱਖ ਸਿੰਘ ਆਦਮਵਾਲ ਵੱਲੋਂ ਰਾਤ ਦੇ ਦੀਵਾਨ ਸਜਾਏ ਗਏ, ਜਿਸ 'ਚ ਵੱਡੀ ਗਿਣਤੀ 'ਚ ਇਲਾਕੇ ਦੀਆਂ ਸੰਗਤਾਂ ਤੇ ਨਗਰ ਨਿਵਾਸੀਆਂ ਵੱਲੋਂ ਹਾਜ਼ਰੀ ਭਰੀ ਗਈ।ਵਿਸ਼ਵ ਪ੍ਰਸਿੱਧ ਢਾਡੀ ਜੱਥਾ ਜਸਵੀਰ ਸਿੰਘ ਦੌਲਤਪੁਰ ਵਾਲਿਆਂ ਵੱਲੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਜੀਵਨ ਤੇ ਜੋਸ਼ੀਲੀਆਂ ਵਾਰਾਂ ਅਤੇ ਇਤਿਹਾਸ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਸੁਖਬੀਰ ਸਿੰਘ ਵੱਲੋਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ।ਧਾਰਮਿਕ ਸਮਾਗਮ ਦੀ ਸੰਪੂਰਨਤਾ ਦੀ ਅਰਦਾਸ ਉਪਰੰਤ ਆਈਆਂ ਸ਼ਖ਼ਸੀਅਤਾਂ ਦਾ ਗੁਰੂ ਘਰ ਦੀ ਪ੍ਰਬੰਧਕੀ ਕਮੇਟੀ ਵੱਲੋਂ ਲੋਈਆਂ ਤੇ ਸਿਰਪਾਓ ਨਾਲ ਸਨਮਾਨ ਕੀਤਾ ਗਿਆ।ਇਸ ਮੌਕੇ ਪ੍ਰਧਾਨ ਗੁਰਸੇਵਕ ਸਿੰਘ ਮਹਿਲ, ਖਜ਼ਾਨਚੀ ਏਐੱਸਆਈ ਜਗਦੀਪ ਸਿੰਘ ਨਹਿਲ, ਸਾਬਕਾ ਸਰਪੰਚ ਗੁਰਮੁੱਖ ਸਿੰਘ ਖਾਨਪੁਰ ਪੀ ਏ ਵਿਧਾਇਕ ਮਾਲੇਰਕੋਟਲਾ, ਬਾਬਾ ਸ਼ਿੰਗਾਰਾ ਸਿੰਘ, ਨਾਇਬ ਸਿੰਘ ਏ.ਐੱਸ.ਆਈ., ਫੌਜੀ ਜਸਪਾਲ ਸਿੰਘ, ਜਸਵੀਰ ਸਿੰਘ ਜੋਸ਼, ਸੰਦੀਪ ਸਿੰਘ ਸਮੇਤ ਵੱਡੀ ਗਿਣਤੀ 'ਚ ਪਿੰਡ ਦੇ ਪਤਵੰਤੇ ਮੌਜੂਦ ਸਨ।



## ਡੀ ਬੀ ਯੂ ਦੇ ਅੰਕਿਤ ਨੇ ਕੁਸ਼ਤੀ ਏਸ਼ੀਅਨ ਚੈਂਪੀਅਨਸ਼ਿਪ 'ਚ ਜਿੱਤਿਆ ਸਿਲਵਰ ਮੈਡਲ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਨੂੰ ਇਹ ਐਲਾਨ ਕਰਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਬੀਪੀਐੱਸਈ ਦੇ ਤੀਜੇ ਸਮੈਸਟਰ ਦੇ ਵਿਦਿਆਰਥੀ ਅੰਕਿਤ ਨੇ ਕੁਸ਼ਤੀ ਵਿੱਚ ਵੱਕਾਰੀ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਮਗ਼ਾ ਜਿੱਤ ਕੇ ਸ਼ਾਨਦਾਰ ਪ੍ਰਾਪਤੀ ਕੀਤੀ ਹੈ।ਓਮਾਨ ਜੌਰਡਨ ਵਿੱਚ 22 ਤੋਂ 30 ਜੂਨ 2024 ਤੱਕ ਆਯੋਜਤ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਪੂਰੇ ਮਹਾਂਦੀਪ ਦੇ ਪਹਿਲਵਾਨਾਂ ਵਿੱਚ ਜ਼ਬਰਦਸਤ ਮੁਕਾਬਲਾ ਦੇਖਣ ਨੂੰ ਮਿਲਿਆ। ਚੁਣੌਤੀਆਂ ਦੇ ਬਾਵਜੂਦ, 23 ਸਾਲ ਉਮਰ ਵਰਗ ਦੇ ਤਹਿਤ ਅੰਕਿਤ ਨੇ 63 ਕਿਲੋਗ੍ਰਾਮ ਵਜ਼ਨ ਵਿੱਚ ਪੂਰੇ ਮੁਕਾਬਲੇ ਦੌਰਾਨ ਬੇਮਿਸਾਲ ਹੁਨਰ, ਦ੍ਰਿੜ੍ਹ ਇਰਾਦੇ ਨਾਲ ਖੇਡ ਦਾ ਪ੍ਰਦਰਸ਼ਨ ਕੀਤਾ। ਅੰਤ ਵਿੱਚ ਦੂਜਾ ਸਥਾਨ ਹਾਸਲ ਕਰ ਲਿਆ।ਦੇਸ਼ ਭਗਤ ਯੂਨੀਵਰਸਿਟੀ ਦੇ ਵਿਦਿਆਰਥੀ ਅੰਕਿਤ ਦਾ ਪੋਡੀਅਮ ਤੱਕ ਦਾ ਸਫ਼ਰ ਅਕਾਦਮਿਕ ਤੇ ਐਥਲੈਟਿਕਸ ਦੋਵਾਂ ਪ੍ਰਤੀ ਉਨ੍ਹਾਂ ਦੇ ਸਮਰਪਣ ਦਾ ਪ੍ਰਮਾਣ ਹੈ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾ: ਤਜਿੰਦਰ ਕੌਰ ਨੇ ਕਿਹਾ ਕਿ ਸਾਨੂੰ ਅੰਕਿਤ ਦੀ ਪ੍ਰਾਪਤੀ 'ਤੇ ਬਹੁਤ ਮਾਣ ਹੈ।ਉਸ ਦਾ ਪ੍ਰਦਰਸ਼ਨ ਨਾ ਸਿਰਫ਼ ਸਾਡੀ ਯੂਨੀਵਰਸਿਟੀ ਲਈ ਸਨਮਾਨ ਲਿਆਉਂਦਾ ਹੈ, ਸਗੋਂ ਉਨ੍ਹਾਂ ਦੇ ਸਾਥੀਆਂ ਤੇ ਐਥਲੀਟਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਕੰਮ ਕਰਦਾ ਹੈ।ਯੂਨੀਵਰਸਿਟੀ ਅੰਕਿਤ ਨੂੰ ਹਾਰਦਿਕ ਵਧਾਈ ਦਿੰਦੀ ਹੈ ਤੇ ਅਕਾਦਮਿਕ ਅਤੇ ਖੇਡਾਂ ਦੋਵਾਂ ਵਿੱਚ ਉਨ੍ਹਾਂ ਦੇ ਯਤਨਾਂ ਦਾ ਸਮਰਥਨ ਕਰਨ ਦੀ ਉਮੀਦ ਕਰਦੀ ਹੈ।




## ਮੀਰਾ ਕਾਲਜ ਆਫ ਐਜੂਕੇਸ਼ਨ ਵਿਖੇ ਐਲੂਮਨੀ ਮੀਟ ਕਰਵਾਈ




**ਸਰਦੂਲਗੜ੍ਹ (ਅਵਤਾਰ ਜਟਾਣਾ)**-ਮੀਰਾ ਕਾਲਜ ਆਫ ਐਜੂਕੇਸ਼ਨ ਵਿਖੇ ਐਲੂਮਨੀ ਮੀਟ-2024 ਦਾ ਆਯੋਜਨ ਕੀਤਾ ਗਿਆ, ਜਿਸ ਦੀ ਸ਼ੁਰੂਆਤ ਸਰਸਵਤੀ ਵੰਦਨਾ ਤੇ ਸ਼ਬਦ ਤੋਂ ਕੀਤੀ ਗਈ।ਉਸ ਤੋਂ ਬਾਅਦ ਪ੍ਰਿੰਸੀਪਲ ਡਾ. ਰਾਕੇਸ਼ ਦੂਬੇ ਨੇ ਮੀਰਾ ਕਾਲਜ ਆਫ ਐਜੂਕੇਸ਼ਨ ਦੇ ਚੇਅਰਮੈਨ ਵਿਜੈ ਲਹਿਰੀ ਬਾਕੀ ਮੈਂਬਰ ਸਾਹਿਬਾਨ ਸਤੀਸ਼ ਲਹਿਰੀ, ਮਹੇਸ਼ ਗਰਗ ਤੇ ਐਲੂਮਨੀ ਦੇ ਵਿਦਿਆਰਥੀਆਂ ਦਾ ਸਵਾਗਤ ਕੀਤਾ। ਇਸ ਮੌਕੇ ਸੰਸਥਾ ਦੇ ਮੈਨੇਜਮੈਂਟ ਮੈਂਬਰ ਸਤੀਸ਼ ਲਹਿਰੀ ਨੇ ਵਿਦਿਆਰੀਥਾਂ ਦੇ ਚੰਗੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਐਲੂਮਨੀ ਵਿਦਿਆਰਥੀਆਂ ਦੁਆਰਾ ਕਾਲਜ ਵਿੱਚ ਬਿਤਾਏ ਹੋਏ ਸਮੇਂ ਨੂੰ ਯਾਦ ਕਿੱਤਾ ਗਿਆ ਤੇ ਆਪਣੇ ਤਜਰਬੇ ਸਾਂਝੇ ਕੀਤੇ।ਪ੍ਰੋਗਰਾਮ ਵਿੱਚ ਭੰਗੜਾ, ਗਿੱਧਾ, ਗੀਤ ਦੀ ਪੇਸ਼ਕਾਰੀ ਕੀਤੀ ਗਈ।ਪ੍ਰਿੰਸੀਪਲ ਡਾ. ਰਾਕੇਸ਼ ਦੂਬੇ ਦੁਆਰਾ ਆਏ ਹੋਏ ਵਿਦਿਆਰਥੀਆਂ ਦੇ ਕਾਮਯਾਬ ਭਵਿੱਖ ਲਈ ਸ਼ੁੱਭ-ਕਾਮਨਵਾਂ ਦਿੱਤੀਆਂ ਤੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।

## ਚਿੱਟੇ ਦੀ ਭੇਟ ਚੜ੍ਹਿਆ ਕਾਲਾਂਵਾਲੀ ਦਾ ਨੌਜਵਾਨ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਹਰਿਆਣਾ ਦੇ ਡੱਬਵਾਲੀ ਦੇ ਪੁਲਸ ਜ਼ਿਲ੍ਹਾ ਬਨਣ 'ਤੇ ਵੀ ਨਸ਼ੇ ਕਾਰਨ ਮੌਤਾਂ ਦਾ ਸਿਲਸਿਲਾ ਰੁਕਦਾ ਨਜ਼ਰ ਨਹੀਂ ਆ ਰਿਹਾ ਹੈ।ਹਰ ਰੋਜ਼ ਨੌਜਵਾਨਾਂ ਦੀਆਂ ਨਸ਼ੇ ਕਾਰਨ ਮੌਤਾਂ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ।ਪਰਿਵਾਰ ਦੇ ਅੰਦਰ ਹੀ ਕਈ ਮਾਮਲੇ ਦਬਾ ਦਿੱਤੇ ਜਾਂਦੇ ਹਨ ਤੇ ਪੁਲਸ ਆਪਣੀ ਕਾਰਵਾਈ 'ਚ ਅਚਾਨਕ ਮੌਤ ਦਿਖਾ ਕੇ ਮਾਮਲੇ ਤੋਂ ਕਿਨਾਰਾ ਕਰ ਲੈਂਦੀ ਹੈ, ਪਰ ਨਸ਼ੇ ਕਾਰਨ ਹੋ ਰਹੀਆਂ ਮੌਤਾਂ ਦੀ ਅਸਲੀਅਤ ਕੁਝ ਹੋਰ ਹੀ ਹੈ।ਪਿਛਲੇ ਦਿਨੀਂ ਕਾਲਾਂਵਾਲੀ ਦੇ ਰੇਲਵੇ ਲਾਈਨ ਨੇੜੇ ਝਾੜੀਆਂ ਵਿੱਚੋਂ ਕਾਲਾਂਵਾਲੀ ਦੇ ਵਾਰਡ ਨੰਬਰ 8 ਦੇ ਵਸਨੀਕ ਨੌਜਵਾਨ ਦੀ ਲਾਸ਼ ਕੋਲੋਂ ਪੁਲਸ ਨੂੰ ਇੱਕ ਟੀਕਾ ਸਰਿੰਜ ਵੀ ਮਿਲਿਆ।ਇਸ ਕਾਰਨ ਨੌਜਵਾਨ ਦੀ ਮੌਤ ਦਾ ਕਾਰਨ ਨਸ਼ੇ ਦੀ ਓਵਰਡੋਜ਼ ਮੰਨਿਆ ਜਾ ਰਿਹਾ ਹੈ।ਨੌਜਵਾਨ ਕਾਲਾਂਵਾਲੀ ਦੇ ਵਾਰਡ ਨੰਬਰ 8 ਦਾ ਵਸਨੀਕ ਸੀ, ਜਿਸ ਦੀ ਲਾਸ਼ ਕੋਲ ਇੱਕ ਸਰਿੰਜ ਵੀ ਪਈ ਮਿਲੀ। ਇਸ ਸਬੰਧੀ ਪੁਲਸ ਨੂੰ ਦੋ-ਤਿੰਨ ਵਾਰ ਸੂਚਿਤ ਵੀ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੁਲਸ ਨੂੰ ਦੇਖ ਕੇ ਕੁਝ ਨਸ਼ੇੜੀ ਨੌਜਵਾਨ ਉਥੋਂ ਭੱਜ ਗਏ ਤੇ ਇਕ ਨੌਜਵਾਨ ਨਸ਼ੇ ਦਾ ਸ਼ਿਕਾਰ ਹੋ ਗਿਆ ਅਤੇ ਉਸ ਦੀ ਲਾਸ਼ ਝਾੜੀਆਂ 'ਚੋਂ ਮਿਲੀ ਹੈ।

## ਕੇਂਦਰ ਨਾਲ ਮੀਟਿੰਗਾਂ ਤੋਂ ਪਹਿਲਾਂ ਸੂਬਿਆਂ ਦੇ ਖੇਤੀਬਾੜੀ ਮੰਤਰੀ ਕਿਸਾਨ ਆਗੂਆਂ ਨਾਲ ਕਰਨ ਮੀਟਿੰਗਾਂ : ਦੌਲਤਪੁਰਾ, ਘੱਲ

**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਦਫ਼ਤਰ ਵਿਖੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਸੂਬਾ ਮੀਤ ਪ੍ਰਧਾਨ ਗੁਲਜਾਰ ਸਿੰਘ ਘੱਲ ਕਲਾ, ਜ਼ਿਲ੍ਹਾ ਮੀਡੀਆ ਇੰਚਾਰਜ ਬਲਕਰਨ ਸਿੰਘ ਢਿੱਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕੇਂਦਰ ਦੀ ਐੱਨ.ਡੀ.ਏ ਸਰਕਾਰ ਵੱਲੋਂ ਬਿਆਨ ਆਇਆ ਹੈ। ਕਿ ਐੱਨ.ਡੀ.ਏ. ਦੀ ਸਰਕਾਰ ਸੂਬਿਆਂ ਦੇ ਖੇਤੀਬਾੜੀ ਮੰਤਰੀਆਂ ਨਾਲ ਮੀਟਿੰਗਾਂ ਕਰੇਗੀ ਤਾਂ ਜੋ ਕਿਸਾਨਾਂ ਦੇ ਮਸਲੇ ਹੱਲ ਕੀਤੇ ਜਾ ਸਕਣ। ਇਸ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਸਾਨ ਆਗੂਆਂ ਨੇ ਕਿਹਾ ਕਿ ਅਸੀਂ ਸਮੂਹ ਸੂਬਿਆਂ ਦੇ ਖੇਤੀਬਾੜੀ ਮੰਤਰੀ ਤੇ ਸੂਬਾ ਸਰਕਾਰਾਂ ਨੂੰ ਅਪੀਲ ਕਰਦੇ ਹਾਂ ਕਿ ਕੇਂਦਰ ਦੀ ਐੱਨ ਡੀ ਏ ਸਰਕਾਰ ਨਾਲ ਮੀਟਿੰਗਾਂ ਕਰਨ ਤੋਂ ਪਹਿਲਾਂ ਸੂਬਿਆਂ ਦੇ ਐੱਸ.ਕੇ.ਐੱਮ. ਦੇ ਕਿਸਾਨ ਆਗੂਆਂ ਨਾਲ ਸੂਬੇ ਦੇ ਖੇਤੀਬਾੜੀ ਮੰਤਰੀ ਮੀਟਿੰਗਾਂ ਕਰਨ ਤਾਂ ਜੋ ਉਨ੍ਹਾਂ ਨੂੰ ਕਿਸਾਨਾਂ ਦੇ ਸਮੂਹ ਮੰਗਾਂ ਤੇ ਮਸਲਿਆਂ ਬਾਰੇ ਸਹੀ ਜਾਣਕਾਰੀ ਹੋਵੇ, ਤਾਂ ਜੋ ਉਹ ਕੇਂਦਰ ਸਰਕਾਰ ਨਾਲ ਹੋਣ ਵਾਲੀਆਂ ਮੀਟਿੰਗਾਂ ਵਿੱਚ ਕਿਸਾਨਾਂ ਦੀਆਂ ਮੰਗਾਂ ਸੁਚੱਜੇ ਢੰਗ ਨਾਲ ਰੱਖ ਸਕਣ, ਜਿਸ ਨਾਲ ਕਿਸਾਨਾਂ ਦੀਆਂ ਮੰਗਾਂ ਦਾ ਸਹੀ ਹੱਲ ਨਿਕਲ ਸਕੇ। ਇਸ ਮੌਕੇ ਭੁਪਿੰਦਰ ਸਿੰਘ ਦੌਲਤਪੁਰਾ ਜ਼ਿਲ੍ਹਾ ਪ੍ਰਧਾਨ, ਗੁਲਜਾਰ ਸਿੰਘ ਘੱਲ ਕਲਾਂ ਸੂਬਾ ਮੀਤ ਪ੍ਰਧਾਨ, ਹਰਨੇਕ ਸਿੰਘ ਫਤਿਹਗੜ੍ਹ ਐਗਜ਼ੈਕਟਿਵ ਮੈਂਬਰ ਪੰਜਾਬ, ਬਲਕਰਨ ਸਿੰਘ ਢਿੱਲੋਂ ਜ਼ਿਲ੍ਹਾ ਮੀਡੀਆ ਇੰਚਾਰਜ, ਗੁਰਮੇਲ ਸਿੰਘ ਡਰੋਲੀ ਜ਼ਿਲ੍ਹਾ ਮੀਤ ਪ੍ਰਧਾਨ, ਰਵਿੰਦਰ ਸਿੰਘ ਭੋਲਾ ਜ਼ਿਲ੍ਹਾ ਜਨਰਲ ਸਕੱਤਰ, ਲਖਵਿੰਦਰ ਸਿੰਘ ਰੌਲੀ ਬਲਾਕ ਮੀਤ ਪ੍ਰਧਾਨ, ਹਰਜੀਤ ਸਿੰਘ ਮਨਾਵਾਂ, ਪਾਲ ਸਿੰਘ ਘੱਲ ਕਲਾਂ, ਨਿਰਮਲ ਸਿੰਘ ਕਾਲੀਏ ਵਾਲਾ ਬਲਾਕ ਪ੍ਰਧਾਨ, ਨਿਰਮਲ ਸਿੰਘ ਮਨਾਵਾਂ, ਜਗਸੀਰ ਸਿੰਘ ਜੱਗੀ ਬਾਘਾ ਪੁਰਾਣਾ, ਜਰਨੈਲ ਸਿੰਘ ਤਖਾਣਬੱਧ ਐਗਜ਼ੈਕਟਿਵ ਮੈਂਬਰ ਪੰਜਾਬ, ਮੇਜਰ ਸਿੰਘ ਸਰਪੰਚ, ਗੁਰਮੀਤ ਸਿੰਘ ਸੰਧੂਆਨਾ ਆਦਿ ਹਾਜ਼ਰ ਸਨ ?



## 5 ਕਿੱਲੋ ਚੂਰਾ ਪੋਸਤ ਸਮੇਤ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੇ 5 ਕਿੱਲੋਗ੍ਰਾਮ ਚੂਰਾ ਪੋਸਤ ਤੇ ਇੱਕ ਮੋਟਰਸਾਈਕਲ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਐੱਸ. ਆਈ. ਦਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਸੁਖੇਰਾ ਬੋਦਲਾ ਤੇ ਫੱਤੂਵਾਲਾ ਲਿੰਕ ਰੋਡ 'ਤੇ ਨਾਕਾਬੰਦੀ ਕੀਤੀ ਹੋਈ ਸੀ ਤਾਂ ਸੁਖੇਰਾ ਬੋਦਲਾ ਦੀ ਤਰਫੋਂ ਮੋਟਰਸਾਈਕਲ 'ਤੇ ਇੱਕ ਵਿਅਕਤੀ ਆਉਂਦਾ ਦਿਖਾਈ ਦਿੱਤਾ, ਜਿਸ ਨੂੰ ਪੁਲਸ ਪਾਰਟੀ ਨੇ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਹ ਇਕਦਮ ਘਬਰਾ ਕੇ ਮੋਟਰਸਾਈਕਲ ਪਿੱਛੇ ਮੋੜਨ ਲੱਗਾ ਤਾਂ ਉਹ ਸਮੇਤ ਮੋਟਰਸਾਈਕਲ ਸੜਕ 'ਤੇ ਡਿੱਗ ਪਿਆ ਅਤੇ ਇਸ ਦੇ ਨਾਲ ਹੀ ਪਲਾਸਟਿਕ ਦਾ ਗੱਟਾ ਵੀ ਡਿੱਗ ਪਿਆ ਅਤੇ ਇਸ ਗੱਟੇ ਵਿੱਚੋਂ ਚੂਰਾ ਪੋਸਤ ਡੁੱਲ੍ਹ ਗਿਆ। ਪੁਲਸ ਨੇ ਇਸ ਨੌਜਵਾਨ ਨੂੰ ਕਾਬੂ ਕਰਕੇ ਮੁੱਢਲੀ ਪੁੱਛਗਿੱਛ ਕੀਤੀ ਤਾਂ ਇਸ ਵਿਅਕਤੀ ਦੀ ਪਹਿਚਾਣ ਸਾਜਨ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਸੁਖੇਰਾ ਬੋਦਲਾ ਵਜੋਂ ਹੋਈ।

## ਸਿੱਖ ਸੰਗਤਾਂ ਵੱਧ ਤੋਂ ਵੱਧ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਵਾਉਣ : ਟੌਡਰਵਾਲ



**ਨਾਭਾ (ਵਰਿੰਦਰ ਵਰਮਾ)**-ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਆਗੂ ਬਾਬਾ ਦਾਰਾ ਸਿੰਘ ਟੌਡਰਵਾਲ ਨੇ ਪ੍ਰੈਸ ਰਾਹੀਂ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾ ਨੂੰ ਵੱਧ ਤੋਂ ਵੱਧ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਵਾਉਣ ਦੀ ਅਪੀਲ ਕੀਤੀ ਹੈ।ਬਾਬਾ ਦਾਰਾ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਪਈਆਂ ਨੂੰ 13 ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਿਆ ਹੈ।ਗੁਰਦੁਆਰਾ ਚੋਣ ਬੋਰਡ ਦੁਆਰਾ ਵੋਟਾਂ ਬਣਾਉਣ ਦੀ ਆਖਰੀ ਮਿਤੀ 31 ਜੁਲਾਈ ਰੱਖੀ ਗਈ ਹੈ, ਜਿਸ ਨੂੰ ਦੇਖਦੇ ਹੋਏ ਹਰ ਇੱਕ ਗੁਰਸਿੱਖ ਆਪਣੀਆਂ ਵੋਟਾਂ ਬਣਾਉਣ, ਜਿਸ ਦੇ ਲਈ ਪੜ੍ਹੇ-ਲਿਖੇ ਸੂਝਵਾਨ ਵੋਟਰਾਂ ਦੀਆਂ ਵੱਧ ਤੋਂ ਵੱਧ ਵੋਟਾਂ ਬਣਨੀਆਂ ਚਾਹੀਦੀਆਂ ਹਨ ਤਾਂ ਜੋ ਆਉਣ ਵਾਲੀ ਐੱਸ.ਜੀ.ਪੀ.ਸੀ. ਚੋਣਾਂ ਵਿੱਚ ਸਾਫ ਸੁਥਰੇ ਅਕਸ਼ ਵਾਲੇ ਉਮੀਦਵਾਰ ਚੁਣੇ ਜਾਣ ਤੇ ਸਿੱਖੀ ਦੇ ਵਿੱਚ ਆਈ ਗਿਰਾਵਟ ਨੂੰ ਦੂਰ ਕਰਨ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ।ਬਾਬਾ ਦਾਰਾ ਸਿੰਘ ਨੇ ਕਿਹਾ ਕਿ ਜਿਹੜੀਆਂ ਸਿੱਖ ਸੰਗਤਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਯੋਗਤਾਂ ਰੱਖਦੀਆਂ ਹਨ, ਉਹ ਆਪਣੇ-ਆਪਣੇ ਪਿੰਡਾਂ ਸ਼ਹਿਰਾਂ ਤੇ ਮੁਹੱਲਿਆ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਧਾਨ ਤੇ ਗ੍ਰੰਥੀਆਂ ਨੂੰ ਮਿਲ ਕੇ ਵੋਟਾਂ ਬਣਾਉਣ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਬਾਰੇ ਜਾਣਕਾਰੀ ਲੈ ਕੇ ਵੱਧ ਤੋਂ ਵੱਧ ਵੋਟਾਂ ਬਣਵਾਉਣ।

## ਸ਼ੰਭੂ ਮੋਰਚੇ 'ਤੇ ਕੀਤੇ ਹਮਲੇ ਦੀ ਬੀ ਕੇ ਯੂ ਏਕਤਾ ਆਜ਼ਾਦ ਵੱਲੋਂ ਨਿਖੇਧੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਨੇ ਮੀਟਿੰਗ ਕਰਕੇ ਸ਼ੰਭੂ ਵਿਖੇ ਚੱਲ ਰਹੇ ਕਿਸਾਨ ਮੋਰਚੇ ਉੱਤੇ ਕੀਤੇ ਹਮਲੇ ਦੀ ਨਿਖੇਧੀ ਕਰਦਿਆਂ ਹਮਲਾ ਕਰਨ ਵਾਲੇ ਮੁਲਜ਼ਮਾਂ ਖਿਲਾਫ਼ ਸਖ਼ਤ ਧਰਾਵਾਂ ਤਹਿਤ ਕੇਸ ਦਰਜ ਕਰਕੇ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ।ਜਥੇਬੰਦੀ ਦੇ ਜ਼ਿਲ੍ਹਾ ਆਗੂ ਯਾਦਵਿੰਦਰ ਸਿੰਘ ਬੂਰੜ ਨੇ ਕਿਹਾ ਕਿ ਆਪਣੀਆਂ ਮੰਗਾਂ ਨੂੰ ਲੈ ਕੇ ਚੱਲ ਰਹੇ ਕਿਸਾਨ ਸੰਘਰਸ਼ ਦੌਰਾਨ ਸ਼ੰਭੂ ਬਾਰਡਰ ਉੱਤੇ ਹੋਏ ਹਮਲੇ ਪਿੱਛੇ ਕੇਂਦਰ ਤੇ ਹਰਿਆਣਾ ਸਰਕਾਰ ਨੇ ਦੀ ਡੂੰਘੀ ਸਾਜ਼ਿਸ਼ ਹੈ।ਇਸ ਘਟਨਾ ਦੀ ਨਿਰਪੱਖ ਏਜੰਸੀ ਤੋਂ ਜਾਂਚ ਕਰਵਾਉਣ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਹੈ ਕਿ ਪੰਜਾਬ, ਹਰਿਆਣਾ ਬਾਰਡਰਾਂ 'ਤੇ ਕੇਂਦਰ ਤੇ ਹਰਿਆਣਾ ਸਰਕਾਰ ਨੇ ਕੰਧਾਂ ਕੱਢ ਕੇ, ਕਿੱਲ ਗੱਡ ਕੇ, ਪੱਥਰ ਰੱਖ ਕੇ ਤੇ ਵੱਡੀ ਗਿਣਤੀ ਵਿੱਚ ਪੁਲਸ ਤੇ ਸੁਰੱਖਿਆ ਬਲ ਖੜੇ ਕਰਕੇ ਰਸਤਾ ਰੋਕ ਕੇ ਕਿਸਾਨਾਂ ਮਜ਼ਦੂਰਾਂ ਨੂੰ ਗੁਨਾਹਕੁਨ ਪ੍ਰਚਾਰ ਕਰਕੇ ਬਦਨਾਮ ਕੀਤਾ ਜਾ ਰਿਹਾ ਹੈ, ਜਦੋਂਕਿ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਮੰਗ ਕਰ ਰਹੀਆਂ ਕਿ ਰਸਤਾ ਖੋਲ੍ਹਿਆ ਜਾਵੇ।ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਐਮ ਐਸ ਪੀ ਦਾ ਗਰੰਟੀ ਕਨੂੰਨ ਸੀ-2+50% ਫਾਰਮੂਲੇ ਅਨੁਸਾਰ ਸਾਰੀਆਂ ਫ਼ਸਲਾਂ ਤੋਂ ਬਣਾਇਆ ਜਾਵੇ।ਡਾਕਟਰ ਸਵਾਮੀਨਾਥਨ ਦੀ ਰਿਪੋਰਟ ਲਾਗੂ, 58 ਸਾਲ ਤੋਂ ਵੱਧ ਉਮਰ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ 10 ਹਜ਼ਾਰ ਪ੍ਰਤੀ ਮਹੀਨਾ ਪੈਨਸ਼ਨ, ਫ਼ਸਲੀ ਬੀਮਾ ਯੋਜਨਾ, ਬਿਜਲੀ ਐਕਟ 2023 ਨੂੰ ਤਰੁੰਤ ਰੱਦ ਕੀਤਾ ਜਾਵੇ।ਇਸ ਮੌਕੇ ਹੋਰਨਾਂ ਇਲਾਵਾ ਜ਼ਿਲ੍ਹਾ ਆਗੂ ਚਮਕੌਰ ਸਿੰਘ ਭੇਡਪੁਰਾ, ਗੁਰਪ੍ਰੀਤ ਕੌਰ ਬਰਾਸ, ਰਾਜ ਕੌਰ ਬਰਾਸ, ਬਲਾਕ ਆਗੂ ਮਨਦੀਪ ਸਿੰਘ ਭੂਤਗੜ੍ਹ, ਗੁਰਮੇਲ ਸਿੰਘ ਘੱਗਾ, ਬਿੱਕਰ ਸਿੰਘ ਬੂਰੜ, ਗੁਰਜੰਟ ਸਿੰਘ ਸਧਾਰਨਪੁਰ, ਮਨਿੰਦਰ ਸਿੰਘ ਘੱਗਾ, ਲੱਖਾ ਬਰਾਸ ਆਦਿ ਹਾਜ਼ਰ ਸਨ।

## ਅਟਾਰੀ ਸਰਹੱਦ 'ਤੇ ਸਿੱਖ ਸ਼ਰਧਾਲੂ ਸੁਖਦੇਵ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ

**ਮਮਦੋਟ (ਜਸਬੀਰ ਸਿੰਘ ਕੰਬੋਜ)** : ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾ ਕੇ ਪਾਕਿਸਤਾਨ ਤੋਂ ਭਾਰਤ ਪੁੱਜੇ ਭਾਰਤੀ ਸਿੱਖ ਸ਼ਰਧਾਲੂਆਂ ਦੇ ਜਥੇ ਵਿੱਚ ਸ਼ਾਮਲ ਇੱਕ ਸ਼ਰਧਾਲੂ ਦੀ ਆਪਣੇ ਵਤਨ ਭਾਰਤ ਪਹੁੰਚਣ ਉਤੇ ਅਟਾਰੀ ਸਰਹੱਦ ਵਿਖੇ ਦਿਲ ਦਾ ਦੌਰਾ ਪੈਣ ਕਰਕੇ ਮੌਤ ਹੋ ਗਈ। ਮਮਦੋਟ ਬਲਾਕ ਅਧੀਨ ਆਉਂਦੇ ਪਿੰਡ ਝੋਕ ਟਹਿਲ ਸਿੰਘ ਵਾਲਾ ਦਾ ਵਾਸੀ ਸੁਖਦੇਵ ਸਿੰਘ 21 ਜੂਨ ਨੂੰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਵਾਸਤੇ ਭਾਰਤ ਤੋਂ ਪਾਕਿਸਤਾਨ ਜਥੇ ਨਾਲ ਗਿਆ ਸੀ। ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਦੌਰਾਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਨਾਰੋਵਾਲ ਵਿਖੇ ਉਹ ਪੈਰ ਉਤੇ ਸੱਟ ਲੱਗਣ ਕਰਕੇ ਜ਼ਖ਼ਮੀ ਹੋ ਗਏ ਸਨ ਤੇ ਵਾਪਸੀ ਦੌਰਾਨ ਅਟਾਰੀ ਬਾਰਡਰ ਵਿਖੇ ਪਹੁੰਚਣ 'ਤੇ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸਕੱਤਰ ਪ੍ਰਤਾਪ ਸਿੰਘ ਨੇ ਸਿੱਖ ਸ਼ਰਧਾਲੂ ਦੀ ਮ੍ਰਿਤਕ ਦੇਹ ਉਨ੍ਹਾਂ ਦੇ ਗ੍ਰਹਿ ਝੋਕ ਟਹਿਲ ਸਿੰਘ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਭੇਜਣ ਲਈ ਪ੍ਰਬੰਧ ਕਰਦਿਆਂ ਅਟਾਰੀ ਸਰਹੱਦ ਤੋਂ ਰਵਾਨਾ ਕੀਤਾ ਹੈ, ਜਿਉਂ ਹੀ ਉਨ੍ਹਾਂ ਦੀ ਮੌਤ ਦੀ ਖ਼ਬਰ ਉਨ੍ਹਾਂ ਦੇ ਪਿੰਡ ਪਹੁੰਚੀ ਤਾਂ ਪਿੰਡ ਵਿੱਚ ਇਕਦਮ ਸੋਗ ਦੀ ਲਹਿਰ ਦੌੜ ਗਈ।

## ਹਲਕੇ ਦੇ ਪਿੰਡਾਂ 'ਚ ਲਗਾਏ ਜਾਣਗੇ 5 ਹਜ਼ਾਰ ਤੋਂ ਵੱਧ ਬੂਟੇ : ਜਲੋਟਾ, ਵਰਮਾ

**ਨਾਭਾ (ਵਰਿੰਦਰ ਵਰਮਾ)**-ਭਾਜਪਾ ਦੇ ਨਿਧੜਕ ਨੌਜਵਾਨ ਆਗੂ ਤੇ ਜ਼ਿਲ੍ਹਾ ਮਹਾਂਮੰਤਰੀ ਗੌਰਵ ਜਲੋਟਾ ਅਤੇ ਰਿਸ਼ੂ ਵਰਮਾ ਵੱਲੋਂ ਰਿਜ਼ਰਵ ਵਿਧਾਨ ਸਭਾ ਹਲਕਾ ਨਾਭਾ ਨੂੰ ਹਰਿਆ ਭਰਿਆ ਰੱਖਣ ਲਈ ਬੂਟੇ ਲਾਉਣ ਦਾ ਕੰਮ ਜਲਦ ਸ਼ੁਰੂ ਕੀਤਾ ਜਾਵੇਗਾ।ਭਿਆਨਕ ਤੇ ਅੱਤ ਦੀ ਗਰਮੀ ਤੋਂ ਬਚਾਅ ਲਈ ਹਲਕੇ 'ਚ ਪੰਜ ਹਜ਼ਾਰ ਤੋਂ ਵੱਧ ਬੂਟੇ ਲਾਉਣ ਦਾ ਫੈਸਲਾ ਕੀਤਾ ਗਿਆ ਹੈ।ਜਲਦੀ ਹੀ ਹਲਕੇ ਦੇ ਪਿੰਡਾਂ ਤੇ ਸ਼ਹਿਰ ਦੇ ਵਾਰਡਾਂ 'ਚ ਯੋਗ ਸਥਾਨ ਚੁਣ ਕੇ ਬੂਟੇ ਲਗਾਏ ਜਾਣਗੇ।ਗੌਰਵ ਜਲੋਟਾ ਤੇ ਰਿਸ਼ੂ ਵਰਮਾ ਨੇ ਕਿਹਾ ਕਿ ਸਫਾਈ ਦਾ ਸਬੰਧ ਰੁੱਖਾਂ ਤੇ ਪੌਦਿਆਂ ਨਾਲ ਹੈ ਅਜਿਹੇ 'ਚ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਬੂਟੇ ਲਾ ਕੇ ਆਉਣ ਵਾਲੀ ਪੀੜ੍ਹੀ ਨੂੰ ਕੁਦਰਤੀ ਸੋਮਿਆਂ ਦਾ ਤੋਹਫਾ ਦੇਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਅਸੀਂ ਧਰਤੀ 'ਤੇ ਪੌਦਿਆਂ ਦੀ ਗਿਣਤੀ ਵਧਾ ਕੇ ਹੀ ਵਾਤਾਵਰਨ ਪ੍ਰਦੂਸ਼ਣ ਨੂੰ ਘਟਾ ਸਕਦੇ ਹਾਂ।ਚੰਗੀ ਸਿਹਤ ਤੇ ਵਾਤਾਵਰਨ ਦੀ ਸੁਰੱਖਿਆ ਲਈ ਵੱਧ ਤੋਂ ਵੱਧ ਬੂਟੇ ਲਾਉਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਰੁੱਖ ਜੀਵਨ ਦਾਤੇ ਹਨ, ਜੋ ਵਾਤਾਵਰਨ ਨੂੰ ਸੰਤੁਲਿਤ ਰੱਖਦੇ ਹਨ।ਵਿਸ਼ਵ ਵਾਤਾਵਰਨ ਦੇਵ ਪਹਿਲੀ ਵਾਰ 5 ਜੂਨ 1974 ਨੂੰ ਮਨਾਇਆ ਗਿਆ ਸੀ।ਆਗੂਆਂ ਨੇ ਕਿਹਾ ਕਿ ਦੇਸ਼ 'ਚ ਤੀਜੀ ਵਾਰ ਐੱਨ.ਡੀ.ਏ. ਸਰਕਾਰ ਦੇ ਮੁਖੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨਾਂ ਨੂੰ ਤੋਹਫੇ ਦੇ ਰੂਪ 'ਚ 14 ਫਸਲਾਂ 'ਤੇ ਐਮ.ਐਸ.ਪੀ. 'ਚ ਵਾਧਾ ਕੀਤਾ, ਉਨ੍ਹਾਂ ਲਈ ਵੱਖ-ਵੱਖ ਫਸਲਾਂ ਦੇ ਭਾਅ ਵਧਾ ਕੇ ਖਜ਼ਾਨੇ ਦਾ ਮੂੰਹ ਖੋਲ੍ਹ ਦਿੱਤਾ ਹੈ।ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਨੇ ਸਾਉਣੀ ਦੀਆਂ ਫਸਲਾਂ ਦੀ ਐਮ.ਐਸ.ਪੀ. ਵਧਾ ਕੇ ਜੋ ਭਾਜਪਾ ਸਰਕਾਰ ਜਾਂ ਐੱਨ.ਡੀ.ਏ ਸਰਕਾਰ ਪ੍ਰਤੀ ਕਿਸਾਨਾਂ ਦਾ ਜੋ ਗੁੱਸਾ ਅਤੇ ਰੋਸ ਸੀ, ਉਸ ਨੂੰ ਠੱਲ੍ਹ ਪਾਉਣ ਲਈ ਇਹ ਵੱਡੀ ਕਾਰਵਾਈ ਕੀਤੀ ਹੈ ਤੇ ਸੁਨੇਹਾ ਦਿੱਤਾ ਹੈ ਕਿ ਭਾਜਪਾ ਕਿਸਾਨਾਂ ਦੀ ਹਮਦਰਦ ਹੈ ਤੇ ਉਨ੍ਹਾਂ ਦੇ ਹਰ ਮਸਲੇ ਦੇ ਹੱਲ ਲਈ ਸੰਜੀਦਾ ਹੈ।

## ਜ਼ਾਫਰ ਅਲੀ ਨੇ ਕੀਤੀ ਸੰਦੀਪ ਪਾਠਕ ਨਾਲ ਮੁਲਾਕਾਤ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਵਿਧਾਨ ਸਭਾ ਹਲਕਾ ਮਾਲੇਰਕੋਟਲਾ ਤੋਂ ਆਮ ਆਦਮੀ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਸੰਗਰੂਰ ਤੋਂ ਪ੍ਰਭਾਰੀ ਜ਼ਾਫਰ ਅਲੀ ਨੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਨਾਲ ਵਿਸ਼ੇਸ਼ ਮੁਲਾਕਾਤ ਕੀਤੀ।ਇਸ ਮੌਕੇ ਉਨ੍ਹਾ ਹਲਕਾ ਮਾਲੇਰਕੋਟਲਾ ਵਿਖੇ ਆਮ ਆਦਮੀ ਪਾਰਟੀ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਸਬੰਧੀ ਵਿਚਾਰਾਂ ਕੀਤੀਆਂ।ਉਨ੍ਹਾ ਕਿਹਾ ਕਿ ਸੰਦੀਪ ਪਾਠਕ ਨੂੰ ਮਿਲ ਕੇ ਆਪਣੇਪਨ ਦਾ ਅਹਿਸਾਸ ਹੋਇਆ ਤੇ ਉਨ੍ਹਾ ਕਿਹਾ ਕਿ ਸ੍ਰੀ ਪਾਠਕ ਬਹੁਤ ਹੀ ਸੁਲਝੇ ਹੋਏ ਸਿਆਸੀ ਆਗੂ ਹਨ, ਜਿਨ੍ਹਾਂ ਨੂੰ ਮਿਲ ਕੇ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ ਤੇ ਉਨ੍ਹਾਂ ਕਿਹਾ ਕਿ ਸ੍ਰੀ ਪਾਠਕ ਵੱਲੋਂ ਦਰਸਾਏ ਮਾਰਗ 'ਤੇ ਚਲਦਿਆਂ ਮਾਲੇਰਕੋਟਲਾ ਤੋਂ ਵਿਧਾਇਕ ਡਾਕਟਰ ਜਮੀਲ ਉਰ ਰਹਿਮਾਨ ਦੀ ਅਗਵਾਈ ਹੇਠ ਮਾਲੇਰਕੋਟਲਾ ਹਲਕੇ ਦੇ ਹਰੇਕ ਨਿਵਾਸੀ ਦੀ ਹਰ ਪ੍ਰੇਸ਼ਾਨੀ ਦਾ ਨਿਪਟਾਰਾ ਕੀਤਾ ਜਾਂਦਾ ਹੈ।ਉਨ੍ਹਾ ਕਿਹਾ ਕਿ ਡਾਕਟਰ ਜਮੀਲ ਉਰ ਰਹਿਮਾਨ ਦੀ ਯੋਗ ਅਗਵਾਈ ਹੇਠ ਮਾਲੇਰਕੋਟਲਾ ਦਾ ਵਿਕਾਸ ਕੀਤਾ ਜਾ ਰਿਹਾ ਹੈ।ਅੰਤ ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਜਲੰਧਰ ਵੈਸਟ ਵਿਖੇ ਹੋਣ ਵਾਲੀ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦਾ ਉਮੀਦਵਾਰ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰੇਗਾ। ਇਸ ਮੌਕੇ ਉਨ੍ਹਾ ਨਾਲ ਮਾਲੇਰਕੋਟਲਾ ਨਾਲ ਸਬੰਧਤ ਆਮ ਆਦਮੀ ਪਾਰਟੀ ਦੇ ਆਗੂ ਮੌਜੂਦ ਸਨ।

## ਸਰੀਰਦਾਨੀ ਲੱਛਮੀ ਦੇਵੀ ਦੇ ਸ਼ਰਧਾਂਜਲੀ ਸਮਾਗਮ ਮੌਕੇ ਪਰਵਾਰ ਵੱਲੋਂ ਮੈਡੀਕਲ ਕੈਂਪ

■ ਮੁਫਤ ਦਵਾਈਆਂ ਤੇ ਪੌਦੇ ਵੰਡੇ, ਪੁਸਤਕ ਪ੍ਰਦਰਸ਼ਨੀ ਲਗਾਈ

**ਭੀਖੀ (ਧਰਮਵੀਰ ਸ਼ਰਮਾ)**-ਨਵਯੁਗ ਸਾਹਿਤ ਕਲਾ ਮੰਚ ਦੇ ਪ੍ਰਧਾਨ ਤੇ ਤਰਕਸ਼ੀਲ ਆਗੂ ਭੁਪਿੰਦਰ ਫੌਜੀ ਤੇ ਦਰਸ਼ਨ ਸਿੰਘ ਖਾਲਸਾ ਦੀ ਮਾਤਾ ਲੱਛਮੀ ਦੇਵੀ ਦੇ ਦਿਹਾਂਤ ਉਪਰੰਤ ਉਸ ਦੀ ਮ੍ਰਿਤਕ ਦੇਹ ਡਾਕਟਰੀ ਖੋਜ ਕਾਰਜਾਂ ਲਈ ਭੇਟ ਕੀਤੀ ਗਈ ਸੀ, ਅੱਜ ਸ਼ਿਵ ਮੰਦਿਰ ਵਿਖੇ ਮਾਤਾ ਨਮਿੱਤ ਸ਼ਰਧਾਂਜਲੀ ਸਮਾਗਮ ਰੱਖਿਆ ਗਿਆ।ਇਸ ਮੌਕੇ ਪਰਿਵਾਰ ਵੱਲੋਂ ਜਿੱਥੇ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਾ ਕੇ ਪਰਿਵਾਰ ਨੇ ਨਵੀਂ ਨਿਵੇਕਲੀ ਪਿਰਤ ਪਾਈ, ਉੱਥੇ ਇਸ ਮੌਕੇ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ ਤੇ ਪੌਦੇ ਵੀ ਵੰਡੇ ਗਏ ਅਤੇ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ।ਇਸ ਮੌਕੇ ਬੋਲਦਿਆਂ ਤਰਕਸ਼ੀਲ ਸੂਬਾ ਆਗੂ ਮਾ. ਰਜਿੰਦਰ ਭਦੌੜ ਨੇ ਕਿਹਾ ਕਿ ਬਹੁਤ ਥੋੜ੍ਹੇ ਲੋਕ ਹਨ, ਜੋ ਅਜਿਹੇ ਕਾਰਜ ਕਰਦੇ ਹਨ ਕਿ ਮਰਨ ਤੋਂ ਪਿੱਛੋਂ ਸਰੀਰ ਜਾਂ ਅੰਗ ਦਾਨ ਦਿੱਤੇ ਜਾਣ, ਇਸ ਪਰਿਵਾਰ ਨੇ ਸਮਾਜ ਦੀਆਂ ਲੀਹਾਂ ਨੂੰ ਤੋੜਦਿਆਂ ਮਾਤਾ ਲੱਛਮੀ ਦੇਵੀ ਦਾ ਸਰੀਰ ਡਾਕਟਰੀ ਖੋਜ ਲਈ ਦਾਨ ਦਿੱਤਾ, ਜਿਸ ਨਾਲ ਨਵੇਂ ਬਣ ਰਹੇ ਡਾਕਟਰ ਕੁਝ ਨਵਾਂ ਸਿੱਖ ਕੇ ਸਮਾਜ ਨੂੰ ਆਪਣੀਆਂ ਚੰਗੀਆਂ ਸੇਵਾਵਾਂ ਦੇਣਗੇ।ਕਾ. ਸੁਖਦਰਸ਼ਨ ਨੱਤ ਨੇ ਕਿਹਾ ਕਿ ਸਰੀਰ ਦਾਨ ਦੇਣ ਨਾਲ ਨਵੇਂ ਡਾਕਟਰ ਖੋਜ ਤਾਂ ਕਰਦੇ ਹੀ ਹਨ, ਪ੍ਰਦੂਸ਼ਣ ਵੀ ਘੱਟਦਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਸਮਾਜ ਵਿੱਚ ਇਹ ਭਰਮ ਹੈ ਕਿ ਵਿਅਕਤੀ ਨੂੰ ਅਗਨ ਭੇਟ ਕਰਕੇ ਹੀ ਮੁਕਤੀ ਮਿਲਦੀ ਹੈ, ਪਰ ਇਸ ਪਰਿਵਾਰ ਨੇ ਚੰਗਾ ਉਪਰਾਲਾ ਕੀਤਾ ਹੈ, ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਲੋਕਾਂ ਨੂੰ ਅਜਿਹੇ ਕਾਰਜਾਂ ਲਈ ਜਾਗਰੂਕ ਕਰਨ।ਹਲਕਾ ਮਾਨਸਾ ਦੇ ਵਿਧਾਇਕ ਡਾ. ਵਿਜੇ ਸਿੰਗਲਾ ਨੇ ਕਿਹਾ ਕਿ ਬਹੁਤੇ ਲੋਕਾਂ ਦੀ ਕਰਨੀ ਤੇ ਕਹਿਣੀ ਵਿੱਚ ਫਰਕ ਹੁੰਦਾ ਹੈ, ਪਰ ਭੁਪਿੰਦਰ ਫੌਜੀ ਤੇ ਦਰਸ਼ਨ ਸਿੰਘ ਨੇ ਉਸ ਤਰਾਂ ਹੀ ਕੀਤਾ, ਜਿਸ ਤਰ੍ਹਾਂ ਉਹ ਸਮਾਜ ਵਿੱਚ ਵਿਚਰਦੇ ਹਨ।ਇਸ ਸਮੇਂ ਸ਼ਿਵ ਸ਼ਕਤੀ ਗਰੁੱਪ ਆਫ ਕਾਲਜ ਭੀਖੀ ਵੱਲੋਂ ਸੰਸਥਾ ਦੇ ਚੇਅਰਮੈਨ ਡਾ. ਸੋਮ ਨਾਥ ਮਹਿਤਾ ਦੀ ਅਗਵਾਈ ਹੇਠ 145 ਲੋਕਾਂ ਦਾ ਚੈੱਕਅਪ ਕਰਕੇ ਦਵਾਈਆਂ ਮੁਫਤ ਦਿੱਤੀਆਂ ਗਈਆਂ, ਗੁਰੂ ਨਾਨਕ ਮਿਸ਼ਨ ਸੈਂਟਰ ਵੱਲੋਂ ਮੋਟਾਪੇ ਸਬੰਧੀ 40 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਸਾਹਿਬਦੀਪ ਪਬਲੀਕੇਸ਼ਨ ਵੱਲੋਂ ਉਸਾਰੂ ਸਾਹਿਤਕ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਈ, ਆਏ ਲੋਕਾਂ ਨੂੰ ਛਾਂਦਾਰ, ਫਲਦਾਰ ਤੇ ਫੁੱਲਾਂ ਵਾਲੇ ਪੌਦੇ ਵੰਡੇ।ਮੰਚ ਸੰਚਾਲਨ ਹਰਭਗਵਾਨ ਭੀਖੀ ਵੱਲੋਂ ਕੀਤਾ ਗਿਆ।ਇਸ ਮੌਕੇ ਮਾ. ਛੱਜੂ ਰਾਮ ਰਿਸ਼ੀ, ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਗੁਰਨਾਮ ਸਿੰਘ ਭੀਖੀ, ਵਿਨੋਦ ਸਿੰਗਲਾ ਸਾਬਕਾ ਪ੍ਰਧਾਨ ਨਗਰ ਪੰਚਾਇਤ ਭੀਖੀ, ਸ਼ਾਇਰ ਸੱਤਪਾਲ ਭੀਖੀ, ਸ਼ਾਇਰ ਗੁਰਪ੍ਰੀਤ, ਕਹਾਣੀਕਾਰ ਦਰਸ਼ਨ ਜੋਗਾ, ਮਾ. ਮੇਘ ਰਾਜ ਰੱਲਾ, ਡਾ. ਦੀਪਕ ਮਹਿਤਾ, ਡਾ. ਸ਼ਿਵਾਲੀ, ਡਾ. ਪ੍ਰਦੀਪ, ਡਾ. ਸ਼ੁਸ਼ਮਿਤਾ, ਡਾ. ਰਸ਼ਮੀ, ਡਾ. ਸ਼ਿਖਾ ਅਤੇ ਡਾ. ਗੁਰਦੀਪ ਸਿੰਘ ਭੀਖੀ ਆਦਿ ਨੇ ਹਾਜ਼ਰੀ ਲਵਾਈ।



## ਹਰਿਆਣਾ ਦੇ ਸਕੂਲਾਂ 'ਚ ਫਰਜ਼ੀ ਦਾਖ਼ਲਿਆਂ ਦਾ ਮਾਮਲਾ ਭਖਿਆ

### ਐੱਫ ਆਈ ਆਰ ਦਰਜ ਹੋਣ ਕਾਰਨ ਸਰਕਾਰ ਕਟਹਿਰੇ 'ਚ : ਕੇਡੀਆ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਹਰਿਆਣਾ ਯੂਥ ਕਾਂਗਰਸ ਦੇ ਸੂਬਾ ਸਕੱਤਰ ਨਮੀਨ ਕੇਡੀਆ ਨੇ ਸੂਬੇ ਵਿੱਚ ਸਿੱਖਿਆ ਘੁਟਾਲੇ 'ਤੇ ਐੱਫ ਆਈ ਆਰ ਦਰਜ ਹੋ ਜਾਣ 'ਤੇ ਹਰਿਆਣਾ ਦੀ ਭਾਜਪਾ ਸਰਕਾਰ 'ਤੇ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋਣ ਦਾ ਦੋਸ਼ ਲਾਇਆ ਹੈ।ਜਾਰੀ ਕੀਤੇ ਗਏ ਪ੍ਰੈੱਸ ਬਿਆਨ ਵਿੱਚ ਕੇਡੀਆ ਨੇ ਕਿਹਾ ਕਿ ਹਰਿਆਣਾ ਵਿੱਚ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਭ੍ਰਿਸ਼ਟਾਚਾਰ ਦੀ ਖੁੱਲ੍ਹੀ ਖੇਡ ਦੇ ਸਬੂਤ ਵੀ ਸਾਹਮਣੇ ਆ ਰਹੇ ਹਨ।

ਸੀਬੀਆਈ ਨੇ ਤਿੰਨ ਕੇਸ ਵੀ ਦਰਜ ਕੀਤੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੀ ਸਰਕਾਰ 'ਚ ਪਿਛਲੇ ਸਾਲਾਂ ਵਿੱਚ ਸਰਕਾਰੀ ਸਕੂਲਾਂ ਵਿੱਚ 4 ਲੱਖ ਵਿਦਿਆਰਥੀਆਂ ਦੇ ਫਰਜ਼ੀ ਦਾਖ਼ਲੇ ਸਾਹਮਣੇ ਆਏ ਹਨ।ਇਨ੍ਹਾਂ ਵਿਦਿਆਰਥੀਆਂ ਦੇ ਨਾਂ ਤੇ ਸਰਕਾਰੀ ਖਾਤਿਆਂ ਵਿਚੋਂ ਵਜ਼ੀਫ਼ਾ, ਮਿੱਡ-ਡੇ ਮੀਲ ਤੇ ਵਰਦੀਆਂ ਦਾ ਪੈਸਾ ਵੀ ਆਉਂਦਾ ਰਿਹਾ ਅਤੇ ਵਿਦਿਆਰਥੀਆਂ ਦੇ ਨਾਂ 'ਤੇ ਸਰਕਾਰੀ ਅਧਿਆਪਕਾਂ ਨੂੰ ਨੌਕਰੀ 'ਤੇ ਵੀ ਰੱਖਿਆ ਗਿਆ ਅਤੇ ਉਨ੍ਹਾਂ ਦੀਆਂ ਤਨਖਾਹਾਂ ਬਣਾ ਕੇ ਕਰੋੜਾਂ ਰੁਪਏ ਦਾ ਗਬਨ ਕੀਤਾ ਗਿਆ।ਨੌਜਵਾਨ ਆਗੂ ਨੇ ਕਿਹਾ ਕਿ ਸੂਬੇ ਭਰ ਦੇ ਸਕੂਲਾਂ ਵਿੱਚ ਫਰਜ਼ੀ ਦਾਖ਼ਲੇ ਦਿਖਾਏ ਗਏ। ਉਨ੍ਹਾਂ ਕਿਹਾ ਕਿ ਇਸ ਪੂਰੇ ਮਾਮਲੇ 'ਚ ਹਰਿਆਣਾ ਦੀ ਭਾਜਪਾ ਸਰਕਾਰ ਕਟਹਿਰੇ 'ਚ ਖੜੀ ਹੈ ਅਤੇ ਸੂਬੇ 'ਚ ਭ੍ਰਿਸ਼ਟਾਚਾਰ ਦੇਖਣ ਨੂੰ ਮਿਲ ਰਿਹਾ ਹੈ।ਉਨ੍ਹਾਂ ਰਾਜਪਾਲ ਤੋਂ ਮੰਗ ਕੀਤੀ ਕਿ ਭ੍ਰਿਸ਼ਟਾਚਾਰ ਵਿੱਚ ਡੁੱਬੀ ਭਾਜਪਾ ਸਰਕਾਰ ਨੂੰ ਤੁਰੰਤ ਬਰਖਾਸਤ ਕਰਕੇ ਹਰਿਆਣਾ 'ਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਹਥਿਆਰਬੰਦ ਨੌਜਵਾਨਾਂ ਦੀ ਵੀਡੀਓ ਵਾਇਰਲ, ਪੁਲਸ ਸਖ਼ਤ, ਮਾਮਲਾ ਦਰਜ

**ਦੀਨਾਨਗਰ, (ਸੰਜੀਵ)**-ਦੀਨਾਨਗਰ 'ਚ ਹਥਿਆਰਬੰਦ ਨੌਜਵਾਨਾਂ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਥਾਣਾ ਦੀਨਾਨਗਰ ਦੀ ਪੁਲਸ ਵੱਲੋਂ ਤਿੰਨ ਨੌਜਵਾਨਾਂ ਦੀ ਪਹਿਚਾਨ ਕਰ ਕੇ ਪੰਜ ਅਣਪਛਾਤੇ



ਨੌਜਵਾਨਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।ਡੀਐੱਸਪੀ ਸੁਖਰਾਜ ਸਿੰਘ ਨੇ ਦੱਸਿਆ ਕਿ ਦੀਨਾਨਗਰ ਬਾਈਪਾਸ 'ਤੇ ਕੁੱਝ ਨੌਜਵਾਨ ਨੂੰ ਹਥਿਆਰਾਂ ਨਾਲ ਲਲਕਾਰਦੇ ਹੋਏ ਇੱਕ ਵੀਡੀਓ ਵਾਇਰਲ ਹੋਈ ਸੀ ਜਿਸ ਵਿੱਚ ਤਿੰਨ ਨੌਜਵਾਨਾਂ ਦੀ ਪਛਾਣ ਹੋ ਗਈ ਹੈ ਜਦਕਿ ਬਾਕੀ ਨੌਜਵਾਨਾਂ ਦੀ ਪਛਾਣ ਲਈ ਕਾਰਵਾਈ ਕੀਤੀ ਜਾ ਰਹੀ ਹੈ। ਵਾਇਰਲ ਹੋਈ ਵੀਡੀਓ ਦਾ ਪਿਛੋਕੜ ਇਹ ਹੈ ਕਿ ਇਕ ਨੌਜਵਾਨ ਦਾ ਪਿੰਡ ਲੇਹਲ ਦੇ ਰਹਿਣ ਵਾਲੇ ਕਾਕਾ ਮਸੀਹ ਨਾਲ ਕੁੱਕੜ ਦੀ ਲੜਾਈ ਨੂੰ ਲੈ ਕੇ ਆਪਸੀ ਝਗੜਾ ਹੋ ਗਿਆ ਸੀ।ਇਸੇ ਝਗੜੇ ਦੀ ਵੀਡੀਓ ਵਾਇਰਲ ਹੋਈ ਹੈ। ਝਗੜਾ ਕਰਨ ਵਾਲੇ ਤਿੰਨ ਨੌਜਵਾਨਾਂ ਦੀ ਪਛਾਣ ਵਿਸ਼ਾਲ ਠਾਕੁਰ, ਅੰਮ੍ਰਿਤ ਸਿੰਘ ਅਤੇ ਜਰਮਨਜੀਤ ਸਿੰਘ ਵਜੋਂ ਹੋਈ ਹੈ।ਬਾਕੀਆਂ ਦੀ ਪਹਿਚਾਨ ਕਰਕੇ ਉਨ੍ਹਾਂ ਖ਼ਿਲਾਫ਼ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਕਤ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਕਾਰਵਾਈ ਕੀਤੀ ਜਾ ਰਹੀ ਹੈ।ਡੀ. ਐੱਸ. ਪੀ. ਨੇ ਕਿਹਾ ਕਿ ਅਗਰ ਕੋਈ ਇਹੋ ਜਿਹੀ ਹਰਕਤ ਕਰਦਾ ਹੈ ਤਾਂ ਉਸ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਥਾਣਾ ਇੰਚਾਰਜ ਦੀਨਾਨਗਰ ਮੈਡਮ ਕ੍ਰਿਸ਼ਮਾ ਵੀ ਮੌਜੂਦ ਸਨ।

# ਉਮੀਦਵਾਰਾਂ ਦੇ ਚੋਣ ਖਰਚਿਆਂ ਦਾ ਅੰਤਮ ਮਿਲਾਨ ਕੀਤਾ



**ਗੁਰਦਾਸਪੁਰ (ਬਲਵਿੰਦਰ ਸਿੰਘ ਬਿੱਲਾ)**-ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ-2024 ਵਿੱਚ ਲੋਕ ਸਭਾ ਹਲਕਾ 01-ਗੁਰਦਾਸਪੁਰ ਤੋਂ ਚੋਣ ਲੜ ਚੁੱਕੇ ਉਮੀਦਵਾਰਾਂ ਦੇ ਚੋਣ ਖਰਚਿਆਂ ਦਾ ਮਿਲਾਨ ਕਰਨ ਲਈ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੰਤਿਮ ਲੇਖਾ-ਜੋਖਾ ਮੀਟਿੰਗ ਚੋਣ ਖ਼ਰਚਾ ਨਿਗਰਾਨ ਹਰਸ਼ਦ ਵੇਂਗੁਲੇਰਕਰ ਦੀ ਅਗਵਾਈ ਹੇਠ ਸਥਾਨਕ ਪੰਚਾਇਤ ਭਵਨ ਵਿਖੇ ਹੋਈ।

ਵਧੀਕ ਜ਼ਿਲ੍ਹਾ ਚੋਣ ਅਫ਼ਸਰ ਸੁਭਾਸ਼ ਚੰਦਰ ਦੀ ਮੌਜੂਦਗੀ ਵਿੱਚ ਹੋਈ ਮੀਟਿੰਗ ਦੌਰਾਨ ਚੋਣ ਲੜ ਚੁੱਕੇ ਸਾਰੇ 26 ਉਮੀਦਵਾਰਾਂ ਦੇ ਨੁਮਾਇੰਦਿਆਂ ਅਤੇ ਖਰਚਿਆਂ ਸੰਬੰਧੀ ਤੈਨਾਤ ਨੋਡਲ ਅਫਸਰਾਂ ਵੱਲੋਂ ਦਰਜ ਕੀਤੇ ਚੋਣ ਖਰਚਾ ਸਟੇਟਮੈਂਟਾਂ ਦਾ ਮਿਲਾਨ ਕੀਤਾ ਗਿਆ।ਇਸ ਮੌਕੇ ਚੋਣ ਖ਼ਰਚਾ ਨਿਗਰਾਨ ਹਰਸ਼ਦ ਵੇਂਗੁਲੇਰਕਰ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਤਹਿਤ ਪਈਆਂ ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਈ ਸੀ ਅਤੇ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਉਸ ਤੋਂ 26 ਦਿਨ ਬਾਅਦ ਅੱਜ ਚੋਣ ਲੜ ਚੁੱਕੇ ਉਮੀਦਵਾਰਾਂ ਦੇ ਚੋਣ ਖਰਚੇ ਦੇ ਬਿੱਲ/ਵਾਊਚਰ ਅਤੇ ਬੈਂਕ ਸਟੇਟਮੈਂਟਾਂ, ਖਾਤੇ ਦੇ ਰਜਿਸਟਰਾਂ ਆਦਿ ਵਿੱਚ ਦਰਜ ਵੇਰਵੇ ਮਿਲਾਏ ਗਏ ਹਨ।

# ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਨੇ ਨਵੇਂ ਅਹੁਦੇਦਾਰ ਥਾਪੇ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਕਿਸਾਨੀ ਮਸਲਿਆਂ ਨੂੰ ਲੈ ਕੇ ਬੀਤੇ ਲੰਮੇ ਸਮੇਂ ਤੋਂ ਸ਼ੰਭੂ ਖਨੌਰੀ ਬਾਰਡਰਾਂ 'ਤੇ ਚੱਲਦੇ ਕਿਸਾਨੀ ਸੰਘਰਸ਼ ਨੂੰ ਲੈ ਕੇ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਪੰਜਾਬ ਦੀ ਇੱਕ ਅਹਿਮ ਮੀਟਿੰਗ ਗੱਟੀ ਹਰੀਕੇ ਵਿਖੇ ਕਿਸਾਨ ਆਗੂ ਲਖਬੀਰ ਸਿੰਘ ਗ੍ਰਹਿ ਵਿਖੇ ਹੋਈ।ਮੀਟਿੰਗ 'ਚ ਜਵਾਨੀ, ਕਿਸਾਨੀ ਤੇ ਪਾਣੀ ਬਚਾਉਣ ਨੂੰ ਲੈ ਕੇ ਲੰਮੀ ਵਿਚਾਰ ਚਰਚਾ ਚੱਲੀ।ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ ਨੇ ਦੱਸਿਆ ਕਿ ਦਿੱਲੀ ਦੇ ਬਾਰਡਰਾਂ 'ਤੇ ਚੱਲੇ ਸੰਘਰਸ਼ ਦੌਰਾਨ ਮੋਦੀ ਸਰਕਾਰ ਵੱਲੋਂ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਟਾਲਾ ਵੱਟ ਰਹੀ ਕੇਂਦਰ ਦੀ ਅਗਵਾਈ ਵਾਲੀ ਮੋਦੀ ਸਰਕਾਰ ਤੇ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੋਵੇਂ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਸੂਬੇ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਵੱਲੋਂ 2022 ਦੀਆਂ ਚੋਣਾਂ ਦੌਰਾਨ ਸੂਬੇ ਅੰਦਰੋਂ ਨਸ਼ਾ ਖਤਮ ਕਰਨ, ਸਿਹਤ ਸਹੂਲਤਾਂ, ਫਸਲਾਂ 'ਤੇ ਐੱਮ. ਐੱਸ. ਪੀ. ਦੇਣਾ, ਧਰਤੀ ਹੇਠਲੇ ਪਾਣੀ ਨੂੰ ਬਚਾਉਣ, ਨਹਿਰੀ ਪਾਣੀ ਕਿਸਾਨਾਂ ਦੇ ਹਰੇਕ ਟੇਲ ਤਕ ਪਹੁੰਚਾਉਣ ਦਾ ਵਾਅਦਾ ਕੀਤਾ ਸੀ ਪਰ ਬਹੁਤੇ ਕਿਸਾਨ ਨਹਿਰੀ ਪਾਣੀ ਤੋਂ ਵਾਂਝੇ ਹਨ। ਆਗੂਆਂ ਨੇ ਮੰਗ ਕੀਤੀ ਕਿ ਬੇਲੋੜੀ ਪਾਣੀ ਦੀ ਵਰਤੋਂ ਬੰਦ ਕਰਕੇ ਪਾਣੀ ਬਚਾਉਣ ਦੇ ਨਾਲ-ਨਾਲ ਨਸ਼ੇ ਨੂੰ ਠੱਲ੍ਹ ਪਾ ਕੇ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾ ਕੇ ਨਸ਼ਿਆਂ ਵਾਲੇ ਪਾਸਿਓਂ ਹਟਾਇਆ ਜਾਵੇ। ਗਲੀਆਂ-ਮੁਹੱਲਿਆਂ, ਪਿੰਡਾਂ, ਸ਼ਹਿਰਾਂ, ਕਸਬਿਆਂ 'ਚ ਸ਼ਰੇਆਮ ਨਸ਼ਾ ਵਿਕ ਰਿਹਾ।ਮੀਟਿੰਗ ਦੌਰਾਨ ਸਰਬਸੰਮਤੀ ਨਾਲ ਬਾਬਾ ਪ੍ਰਗਟ ਸਿੰਘ, ਦਿਲਬਾਗ ਸਿੰਘ ਸਭਰਾਂ ਨੂੰ ਮੀਤ ਪ੍ਰਧਾਨ ਤੇ ਲਖਬੀਰ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।ਜੋਗਿੰਦਰ ਸਿੰਘ ਗੱਟੀ ਹਰੀਕੇ ਨੂੰ ਸੂਬਾ ਕਮੇਟੀ ਦਾ ਮੈਂਬਰ ਥਾਪਿਆ ਗਿਆ। ਇਸ ਮੌਕੇ ਸੂਬਾ ਕਮੇਟੀ ਮੈਂਬਰ ਸੁੱਚਾ ਸਿੰਘ ਲੱਧੂ, ਸੁਖਵੰਤ ਸਿੰਘ ਦੁੱਬਲੀ, ਸਾਹਿਬ ਸਿੰਘ ਸਭਰਾ, ਬਲਬੀਰ ਸਿੰਘ, ਬਿੱਕਰ ਸਿੰਘ, ਪ੍ਰਭਦੀਪ ਸਿੰਘ, ਮਲਕੀਤ ਸਿੰਘ ਅਤੇ ਵਜੀਰ ਸਿੰਘ ਆਦਿ ਹਾਜ਼ਰ ਸਨ।

# ਕਾਂਗਰਸ ਨੂੰ ਜਿਤਾਉਣਾ ਜਮਹੂਰੀਅਤ ਦੀ ਜਿੱਤ ਹੈ : ਆਸ਼ੂ, ਪੰਮਾ



**ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)**-ਵਿਧਾਨ ਸਭਾ ਹਲਕਾ ਪੱਛਮੀ ਜਲੰਧਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਬੀਬੀ ਸੁਰਿੰਦਰ ਕੌਰ ਦੇ ਹੱਕ ਵਿੱਚ ਵਾਰਡ ਨੰਬਰ 36 ਵਿੱਚ ਪ੍ਰਚਾਰ ਕਰਦੇ ਹੋਏ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਭਾਰਤ ਭੂਸ਼ਣ ਆਸ਼ੂ, ਜਲੰਧਰ ਕੈਂਟ ਤੋਂ ਐੱਮ. ਐੱਲ. ਏ. ਤੇ ਸਾਬਕਾ ਮੰਤਰੀ ਪਰਗਟ ਸਿੰਘ ਅਤੇ ਹਲਕਾ ਮਜੀਠਾ ਤੋ ਵਿਸ਼ੇਸ਼ ਤੌਰ ਤੇ ਗਏ ਪਰਮਜੀਤ ਸਿੰਘ ਪੰਮਾ ਪ੍ਰਧਾਨ ਮਜੀਠਾ ਨੇ ਡੋਰ ਟੂ ਡੋਰ ਜਾ ਕੇ ਪ੍ਰਚਾਰ ਕਰਦਿਆਂ ਕਾਂਗਰਸ ਪਾਰਟੀ ਦੀਆਂ ਨੀਤੀਆਂ ਦੁਹਰਾਉਂਦਿਆਂ ਕਿਹਾ ਕਿ ਕਾਂਗਰਸ ਪਾਰਟੀ ਹੀ ਹੈ ਜੋ ਜਮਹੂਰੀਅਤ ਨੂੰ ਕਾਇਮ ਰੱਖ ਸਕਦੀ ਹੈ ਜਦਕਿ ਭਾਵੇਂ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਹੋਵੇ ਜਾਂ ਕੇਂਦਰ ਵਿੱਚ ਭਾਜਪਾ ਹੋਵ, ਦੋਨੋਂ ਹੀ ਡਿਕਟੇਟਰਸ਼ਿਪ 'ਤੇ ਚੱਲ ਰਹੀਆਂ ਹਨ। ਲੋਕਤੰਤਰ ਦੀ ਰਾਖੀ ਲਈ ਪਾਰਟੀਆਂ ਦਾ ਜਮਹੂਰੀਅਤ ਵਿੱਚ ਵਿਸ਼ਵਾਸ ਹੋਣਾ ਚਾਹੀਦਾ ਹੈ ਜਦ ਕਿ ਇਹ ਦੋਨੋਂ ਪਾਰਟੀਆਂ ਵਿਸ਼ੇਸ਼ ਵਿਅਕਤੀਆਂ ਦੁਆਰਾ ਹੀ ਚਲਾਈਆਂ ਜਾ ਰਹੀਆਂ ਹਨ ਜੋ ਕਿ ਲੋਕਤੰਤਰ ਲਈ ਇੱਕ ਵੱਡਾ ਖਤਰਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕਾਂਗਰਸ ਪਾਰਟੀ ਜੋ ਕਿ ਇਸ ਵਾਰ ਮੁੱਖ ਵਿਰੋਧੀ ਪਾਰਟੀ ਦੇ ਤੌਰ ਤੇ ਕੇਂਦਰ ਵਿੱਚ ਭਾਜਪਾ ਨੂੰ ਮਨਮਾਨੀਆਂ ਕਰਨ ਤੋਂ ਰੋਕੇਗੀ ਅਤੇ ਸੰਵਿਧਾਨ ਦੇ ਵਿੱਚ ਲੋਕਾਂ ਦਾ ਵਿਸ਼ਵਾਸ ਬਹਾਲ ਕਰੇਗੀ। ਇਸ ਮੌਕੇ ਉਨ੍ਹਾਂ ਨਾਲ ਓਬੀਸੀ ਸੈੱਲ ਪੰਜਾਬ ਦੇ ਪ੍ਰਧਾਨ ਸਰਬਜੀਤ ਸਿੰਘ ਸੋਨੂ ਜੰਡਿਆਲਾ ਗੁਰੂ, ਸੀਨੀਅਰ ਕਾਂਗਰਸੀ ਆਗੂ ਗੋਗਾ ਮਜੀਠਾ, ਕੁਲਜੀਤ ਸਿੰਘ ਟਰਪਈ ਅਤੇ ਹਲਕਾ ਪੱਛਮੀ ਦੇ ਸੀਨੀਅਰ ਕਾਂਗਰਸੀ ਲੀਡਰ ਵੀ ਹਾਜ਼ਰ ਸਨ।

# ਰੀਸਟਰਕਚਰਿੰਗ ਦੇ ਨਾਂਅ 'ਤੇ ਟਰੇਡਾਂ ਬੰਦ ਕਰਕੇ ਕਿੱਤਾ-ਮੁਖੀ ਸਿਖਲਾਈ ਸੰਸਥਾਵਾਂ ਦਾ ਕੀਤਾ ਜਾ ਰਿਹਾ ਉਜਾੜਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਸ: ਪ੍ਰਤਾਪ ਸਿੰਘ ਕੈਰੋਂ ਦੀ ਅਗਾਂਹਵਧੂ ਸੋਚ ਸਦਕਾ ਪੰਜਾਬ ਵਿੱਚ ਉਦਯੋਗਿਕ ਵਿਕਾਸ ਲਈ ਵੱਡੇ ਪੱਧਰ 'ਤੇ ਸਰਕਾਰੀ ਆਈ.ਟੀ. ਆਈਜ਼ ਖੋਲ੍ਹੀਆਂ ਗਈਆਂ ਤਾਂ ਕਿ ਇੰਡਸਟਰੀਜ਼ ਨੂੰ ਇੱਕ ਪੜ੍ਹਿਆ-ਲਿਖਿਆ ਅਤੇ ਸਿੱਖਿਅਤ ਕਾਮਾ ਮਿਲ ਸਕੇ। ਉਸ ਤੋਂ ਬਾਅਦ ਫਿਰ ਬੇਅੰਤ ਸਿੰਘ ਦੀ ਸਰਕਾਰ ਵੱਲੋਂ ਵੀ ਨਵੀਆਂ ਸਰਕਾਰੀ ਆਈ.ਟੀ.ਆਈਜ਼ ਖੋਲ੍ਹੀਆਂ ਗਈਆਂ। ਉਸ ਸਮੇਂ ਚਲਾਈਆਂ ਜਾ ਰਹੀਆਂ ਟਰੇਡਾਂ ਵਿੱਚ ਇੰਸਟਰਕਟਰਜ਼ ਅਤੇ ਹੋਰ ਸਹਾਇਕ ਸਟਾਫ ਦੀ ਰੈਗੂਲਰ ਭਰਤੀ ਕੀਤੀ ਗਈ।ਇਸ ਉਪਰੰਤ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਇੱਕ ਵਾਰ ਫਿਰ ਪੰਜਾਬ ਵਿੱਚ 25 ਨਵੀਆਂ ਸਰਕਾਰੀ ਆਈ.ਟੀ.ਆਈਜ਼ ਖੋਲ੍ਹੀਆਂ ਗਈਆਂ। ਪੰਜਾਬ ਵਿੱਚ ਹੁਣ ਆਈ.ਟੀ.ਆਈਜ਼ ਦੀ ਕੁੱਲ ਗਿਣਤੀ 140 ਦੇ ਕਰੀਬ ਹੈ।ਕਾਂਗਰਸ ਦੀ ਪਿਛਲੀ ਕੈਪਟਨ ਅਤੇ ਚਰਨਜੀਤ ਚੰਨੀ ਦੀ ਪੰਜਾਬ ਸਰਕਾਰ ਵੱਲੋਂ ਨਵੀਆਂ ਚਲਾਈਆਂ ਗਈਆਂ 25 ਆਈ.ਟੀ.ਆਈਜ਼ ਵਿੱਚ ਚੱਲ ਰਹੀਆਂ ਟਰੇਡਾਂ ਲਈ ਮੌਜੂਦਾ ਸਰਕਾਰ ਨੇ ਟੂਲ ਇਕਊਪਮੈਂਟ ਅਤੇ ਮਸ਼ੀਨਰੀ ਦੀ ਖਰੀਦ ਕਰਨ ਲਈ ਬਜਟ ਜਾਰੀ ਨਹੀਂ ਕੀਤਾ ਗਿਆ। ਜਿਸ ਕਰਕੇ ਉਦਯੋਗਿਕ ਸਿਖਲਾਈ ਪ੍ਰਾਪਤ ਕਰ ਰਹੇ ਸਿਖਿਆਰਥੀ ਮਿਆਰੀ ਸਿਖਲਾਈ ਤੋਂ ਵਾਂਝੇ ਰਹੇ। ਪਰ ਆਪ ਦੀ ਸਰਕਾਰ ਵਲੋਂ ਪਿਛਲੇ ਸਾਲ ਜੋ ਬਜਟ ਜਾਰੀ ਕੀਤਾ ਗਿਆ ਸੀ ਉਹ ਖਰੀਦ ਦੌਰਾਨ ਹੀ ਵਿੱਤ ਵਿਭਾਗ ਵੱਲੋਂ ਵਾਪਸ ਲੈ ਲਿਆ ਗਿਆ। ਜਿਸ ਕਰਕੇ ਫਿਰ ਸਿਖਿਆਰਥੀ ਮਿਆਰੀ ਸਿਖਲਾਈ ਤੋਂ ਵਾਂਝੇ ਰਹੇ।ਨਵੀਆਂ ਬਣ ਰਹੀਆਂ ਜ਼ਿਆਦਾਤਰ ਸੰਸਥਾਵਾਂ ਦੀਆਂ ਬਿਲਡਿੰਗਾਂ ਵੀ ਅਧੂਰੀਆਂ ਹੀ ਪਈਆਂ ਹਨ। ਜਿਸ ਕਾਰਨ ਇਨ੍ਹਾਂ ਸੰਸਥਾਵਾਂ ਵਿੱਚ ਚੱਲ ਰਹੀਆਂ ਟਰੇਡਾਂ ਦੀ ਡਾਇਰੈਕਟਰ ਜਨਰਲ ਇੰਪਲਾਈਮੈਂਟ ਅਤੇ ਟ੍ਰੇਨਿੰਗ (ਡੀ.ਜੀ.ਈ ਅਤੇ ਟੀ.) ਭਾਰਤ ਸਰਕਾਰ ਵੱਲੋਂ ਪੱਕੇ ਕਰਨ ਲਈ ਐਫੀਲੇਸ਼ਨ ਦੇਣੀ ਸੰਭਵ ਨਹੀਂ ਸੀ ਜਿਸ ਕਰਕੇ ਹੁਣ ਤੱਕ ਇਨ੍ਹਾਂ 'ਚੋਂ ਬਹੁਤੀਆਂ ਸੰਸਥਾਵਾਂ ਦੀਆਂ ਟਰੇਡਾਂ ਪੱਕੇ ਕਰਨ ਲਈ ਐਫੀਲੇਸ਼ਨ ਨਹੀ ਹੋ ਸਕੀ। ਪਰ ਪੰਜਾਬ ਸਰਕਾਰ ਨੇ ਉਦਯੋਗਿਕ ਸਿਖਲਾਈ ਵਿਭਾਗ ਦੇ ਉੱਚ ਅਧਿਕਾਰੀਆਂ ਦੀ ਗਲਤ ਸਲਾਹ 'ਤੇ ਜਿਹੜੀਆਂ ਟਰੇਡਾਂ ਐਫੀਲੀਏਟ ਨਾ ਹੋਣ ਕਰਕੇ ਪੱਕੀਆਂ ਨਹੀਂ ਹੋ ਸਕੀਆਂ ਉਨ੍ਹਾਂ ਟਰੇਡਾਂ ਨੂੰ ਪੰਜਾਬ ਪੱਧਰ 'ਤੇ ਸਾਰੀਆਂ ਸੰਸਥਾਵਾਂ ਵਿੱਚ ਸਟੇਟ ਟਰੇਡ ਸਰਟੀਫਿਕੇਟ ਟਰੇਡਾਂ ਵਿੱਚ ਦਾਖਲਾ ਕਰਕੇ ਚਾਲੂ ਕਰ ਦਿੱਤੀਆਂ। ਇਨ੍ਹਾਂ ਟਰੇਡਾਂ ਅਧੀਨ ਟ੍ਰੇਨਿੰਗ ਕਰ ਰਹੇ ਸਿਖਿਆਰਥੀਆਂ ਨੂੰ ਪਾਸ ਕਰਨ ਉਪਰੰਤ ਭਾਰਤ ਸਰਕਾਰ ਵੱਲੋਂ ਸੰਸਾਰ ਪੱਧਰ ਦਾ ਮਾਨਤਾ ਪ੍ਰਾਪਤ ਐਨ.ਟੀ.ਸੀ. ਸਰਟੀਫਿਕੇਟ ਜਾਰੀ ਕਰਨ ਦੀ ਥਾਂ ਤਕਨੀਕੀ ਸਿੱਖਿਆ ਬੋਰਡ ਪੰਜਾਬ ਵਲੋਂ ਸਟੇਟ ਸਟੇਟ ਟਰੇਡ ਸਰਟੀਫਿਕੇਟ ਜਾਰੀ ਕੀਤਾ ਜਾ ਰਿਹਾ ਹੈ ਜਿਸ ਦੀ ਸਰਕਾਰੀ ਵਿਭਾਗਾਂ ਵਿੱਚ ਨੌਕਰੀ ਲੈਣ ਲਈ ਅਤੇ ਬਾਹਰਲੇ ਮੁਲਕਾਂ ਵਿੱਚ ਜਾਣ ਵਾਲੇ ਸਿਖਿਆਰਥੀਆਂ ਲਈ ਇਹ ਸਰਟੀਫਿਕੇਟ ਕਿਸੇ ਕੰਮ ਦੇ ਨਹੀਂ, ਭਾਵ ਸਟੇਟ ਟਰੇਡ ਸਰਟੀਫਿਕੇਟ ਦੀ ਕਿਤੇ ਵੀ ਕੋਈ ਵੈਲਿਊ (ਮਾਨਤਾ) ਨਹੀਂ ਹੈ। ਸਰਕਾਰ ਅਤੇ ਵਿਭਾਗ ਦਾ ਉਦਯੋਗਿਕ ਸਿਖਲਾਈ ਦੇ ਵਿਕਾਸ ਵੱਲ ਉੱਕਾ ਹੀ ਧਿਆਨ ਨਹੀਂ ਹੈ। ਆਪ ਦੀ ਸਰਕਾਰ ਨੂੰ ਲੱਗਭੱਗ ਢਾਈ ਸਾਲ ਦੇ ਕਰੀਬ ਹੋਣ ਜਾ ਰਹੇ ਹਨ। ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਵਿੱਚ ਮੁਲਾਜ਼ਮਾਂ ਦੀ ਭਰਤੀ ਕਰਨ ਦੇ ਪੰਜਾਬ ਵਿੱਚ ਵੱਡੇ-ਵੱਡੇ ਫਲੈਕਸ ਤਾਂ ਲਗਾ ਦਿੱਤੇ ਗਏ ਪਰ ਸਥਿਤੀ ਜਿਉਂ ਦੀ ਤਿਉਂ ਹੈ ਅਤੇ ਵਿਭਾਗ ਵਿੱਚ ਇੰਸਟਰਕਟਰਜ਼ ਦੀਆਂ 2400 ਤੋਂ ਉੱਪਰ ਪ੍ਰਵਾਨਿਤ ਅਸਾਮੀਆਂ ਹਨ। ਜਿਨ੍ਹਾਂ ਵਿੱਚੋਂ ਲੱਗਭੱਗ 1800 ਤੋਂ ਵੱਧ ਅਸਾਮੀਆਂ ਖਾਲੀ ਪਈਆਂ ਹਨ ਜਿਸ ਕਰਕੇ ਇੱਕ-ਇੱਕ ਇੰਸਟਰਕਟਰਜ਼ ਨੂੰ ਤਿੰਨ-ਤਿੰਨ ਯੂਨਿਟਾਂ ਦੀ ਟ੍ਰੇਨਿੰਗ ਕਰਵਾਉਣ ਲਈ ਹੁਕਮ ਕੀਤੇ ਜਾ ਰਹੇ ਹਨ। ਵੱਖ ਵੱਖ ਟ੍ਰੇਡਾਂ ਦੀ ਟ੍ਰੇਨਿੰਗ ਲਈ ਪਹਿਲਾ ਸਾਲ ਅਤੇ ਦੂਜੇ ਸਾਲ ਦੇ ਸਿਖਿਆਰਥੀ ਹੁੰਦੇ ਹਨ ਜਿਨ੍ਹਾਂ ਦਾ ਆਪਸ ਵਿੱਚ ਸਲੇਬਸ ਵੀ ਮੇਲ ਨਹੀਂ ਖਾਂਦਾ। ਇਸ ਕਰਕੇ ਇਨ੍ਹਾਂ ਸਿਖਿਆਰਥੀਆਂ ਨੂੰ ਇੱਕੋ ਹੀ ਇੰਨਸਟਰਕਟਰ ਵਲੋਂ ਸੁਚੱਜੀ ਟ੍ਰੇਨਿੰਗ ਦੇਣਾ ਅਸੰਭਵ ਹੈ। ਸਰਕਾਰ ਵੱਲੋਂ ਗੈਸਟ ਫੈਕਲਟੀ ਇੰਸਟਰਕਟਰ ਰੱਖ ਕੇ ਨਿਗੂਣੀਆਂ (15000) ਤਨਖਾਹਾਂ ਦੇ ਕੇ ਬੁੱਤਾ ਸਾਰਿਆ ਜਾ ਰਿਹਾ ਹੈ ਜਿਹੜਾ ਕਿ ਇਨ੍ਹਾਂ ਇੰਸਟਰਕਟਰਜ਼ ਦਾ ਬਹੁਤ ਵੱਡਾ ਆਰਥਿਕ ਸੋਸ਼ਣ ਹੈ। ਇਸ ਤੋਂ ਇਲਾਵਾ ਸੰਸਥਾਵਾਂ ਵਿੱਚ ਦਰਜਾਚਾਰ ਦੀਆਂ ਅਸਾਮੀਆਂ ਵੀ 90% ਤੋਂ ਵੱਧ ਖਾਲੀ ਪਈਆਂ ਹਨ। ਵਰਕਸ਼ਾਪ ਅਟੈਂਡੈਂਟ ਅਤੇ ਸਟੋਰ ਅਟੈਂਡੈਂਟ ਤਾਂ ਦੂਰ ਦੀ ਗੱਲ ਸੰਸਥਾਵਾਂ ਵਿੱਚ ਵਾਸ਼ਰੂਮ ਤੱਕ ਸਾਫ ਕਰਨ ਲਈ ਕੋਈ ਸਫਾਈ ਸੇਵਕ ਵੀ ਨਹੀਂ ਹਨ, ਇਸ ਤੋਂ ਇਲਾਵਾ ਸੰਸਥਾਵਾਂ ਵਿੱਚ ਕਰੋੜਾਂ ਰੁਪਏ ਦੀ ਮਸ਼ੀਨਰੀ ਦੀ ਰਾਖੀ ਲਈ ਚੌਕੀਦਾਰ ਵੀ ਹਨ। ਸਰਕਾਰ ਇਹ ਭਰਤੀ ਕਰਨ ਦੀ ਬਜਾਏ ਲੱਗਭੱਗ 14-15 ਆਈ.ਟੀ.ਆਈਜ਼ ਨੂੰ ਮਰਜਰ ਕਰਨ ਲੱਗੀ ਹੋਈ ਹੈ ਅਤੇ ਰੀਸਟਰਕਚਰਿੰਗ ਦੇ ਨਾਂਅ 'ਤੇ ਟਰੇਡਾਂ ਖ਼ਤਮ ਕਰਨ ਲੱਗੀ ਹੋਈ ਹੈ। ਜਦੋਂ ਕਿ ਉਨ੍ਹਾਂ ਟਰੇਡਾਂ ਦੀ ਕਰੋੜਾਂ ਰੁਪਏ ਦੀ ਨਵੇਂ ਯੁੱਗ ਦੀ ਮਸ਼ੀਨਰੀ ਸੰਸਥਾਵਾਂ ਵਿੱਚ ਪਈ ਹੈ। ਜੋ ਟਰੇਡਾਂ ਬੰਦ ਹੋਣ ਕਾਰਨ ਸੰਸਥਾਵਾਂ ਵਿੱਚ ਪਈ ਕਬਾੜ ਬਣ ਜਾਵੇਗੀ ਅਤੇ ਇਹ ਟਰੇਡਾਂ ਬੰਦ ਹੋਣ ਨਾਲ ਗਰੀਬ ਪਰਵਾਰਾਂ ਦੇ ਬੱਚੇ ਕਿੱਤਾਮੁਖੀ ਉਦਯੋਗਿਕ ਸਿਖਲਾਈ ਤੋਂ ਵਾਂਝੇ ਰਹਿ ਜਾਣਗੇ ਜਾਂ ਉਨ੍ਹਾਂ ਨੂੰ ਪ੍ਰਾਈਵੇਟ ਆਈ.ਟੀ.ਆਈਜ਼ ਵਿੱਚ ਬੇਤਹਾਸ਼ਾ ਫੀਸਾਂ ਦੇ ਕੇ ਦਾਖਲਾ ਲੈਣਾ ਪਵੇਗਾ। ਆਪ ਸਰਕਾਰ ਨੇ ਢਾਈ ਸਾਲ ਬੀਤ ਜਾਣ 'ਤੇ ਹੁਣ ਤੱਕ ਇੱਕ ਵੀ ਸਰਕਾਰੀ ਭਰਤੀ ਕਰਨ ਲਈ ਇਸ਼ਤਿਹਾਰ ਜਾਰੀ ਨਹੀਂ ਕੀਤਾ। ਸੋ ਆਈ.ਟੀ. ਆਈਜ਼ ਇੰਪਲਾਈਜ਼ ਯੂਨੀਅਨ ਪੰਜਾਬ (ਰਜਿ) ਪੰਜਾਬ ਦੇ ਉਦਯੋਗਿਕ ਵਿਕਾਸ ਲਈ ਵਿਭਾਗ ਅਤੇ ਲੋਕ ਦੇ ਹਿੱਤ ਵਿੱਚ ਮੰਗ ਕਰਦੀ ਹੈ ਕਿ ਸਰਕਾਰ ਫੋਕੇ ਦਮਗਜੇ ਮਾਰਨੇ ਛੱਡ ਕੇ ਆਈ.ਟੀ.ਆਈਜ਼ ਵਿੱਚ ਇੰਸਟਰਕਟਰਜ਼ ਅਤੇ ਦਰਜਾਚਾਰ ਮੁਲਾਜ਼ਮਾਂ ਦੀ ਰੈਗੂਲਰ ਭਰਤੀ ਤੁਰੰਤ ਕਰਕੇ ਲੋਕ ਪੱਖੀ ਫੈਸਲਾ ਲਵੇ ਤਾਂ ਕਿ ਇਨ੍ਹਾਂ ਸੰਸਥਾਵਾਂ ਵਿੱਚ ਸੁਚੱਜੇ ਢੰਗ ਨਾਲ਼ ਟ੍ਰੇਨਿੰਗ ਹੋ ਸਕੇ ਅਤੇ ਨੌਜਵਾਨ ਟ੍ਰੇਨਿੰਗ ਲੈ ਕੇ ਦੇਸ਼ ਅਤੇ ਵਿਦੇਸ਼ ਵਿੱਚ ਰੁਜ਼ਗਾਰ ਲੈਣ ਦੇ ਯੋਗ ਹੋ ਸਕਣ ਜਾਂ ਆਪਣਾ ਸਵੈਰੁਜ਼ਗਾਰ ਚਲਾ ਸਕਣ ।

# ਹਿਮਾਚਲ ਪ੍ਰਦੇਸ਼ ਦੀਆਂ ਵਾਦੀਆਂ 'ਚ ਪੰਜਾਬੀ ਲੋਕ-ਨਾਚਾਂ ਦੀ ਹੋਈ ਬਰਸਾਤ : ਜੈਕਬ ਤੇਜਾ




**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਪਿਛਲੇ ਕਾਫ਼ੀ ਸਮੇ ਤੋਂ ਲੋਕ ਨਾਚਾਂ ਦੀ ਸੇਵਾ ਸੇਵਾ ਨਿਭਾ ਰਹੇ ਅਤੇ ਪੰਜਾਬੀ ਸੱਭਿਆਚਾਰ ਨੂੰ ਨਵੀਆਂ ਬੁਲੰਦੀਆਂ ਤੇ ਪਹੁੰਚਾ ਰਹੇ ਲੋਕ ਸੱਭਿਆਚਾਰਕ ਪਿੜ (ਰਜਿ.) ਗੁਰਦਾਸਪੁਰ ਦੇ ਪ੍ਰਧਾਨ ਤੇ ਭੰਗੜਾ ਕੋਚ ਜੈਕਬ ਮਸੀਹ ਤੇਜਾ ਵੱਲੋਂ ਇਕ ਵਾਰ ਫਿਰ ਪੰਜਾਬੀ ਲੋਕ ਨਾਚਾਂ ਦੀ ਧਮਾਲਾਂ ਹਿਮਾਚਲ ਪ੍ਰਦੇਸ਼ ਦੇ ਖੂਬਸੂਰਤ ਵਾਦੀਆਂ 'ਚ ਘਿਰੇ ਸ਼ਹਿਰ ਡਲਹੌਜ਼ੀ ਵਿੱਚ ਕੈਂਪ ਲਗਾ ਕੇ ਪਾਈਆਂ ਗਈਆਂ।ਪੰਜਾਬ ਦੇ ਵੱਖ-ਵੱਖ ਇੰਸਟੀਚਿਊਟ ਦੇ 16 ਗੱਭਰੂਆਂ ਨੇ ਇਸ ਛੇ ਦਿਨਾਂ ਪੰਜਾਬੀ ਲੋਕ ਨਾਚਾਂ ਦੀ ਵਰਕਸ਼ਾਪ ਵਿੱਚ ਭਾਗ ਲਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਭੰਗੜਾ ਕੋਚ ਜੈਕਬ ਤੇਜਾ ਨੇ ਕਿ ਇਸ ਕੈਂਪ ਦੌਰਾਨ ਪੰਜਾਬ ਵੱਖ-ਵੱਖ ਲੋਕ ਨਾਚਾਂ ਵਿੱਚ ਝੂਮਰ, ਡੰਡਾਸ, ਭੰਗੜਾ ਦੀ ਸਿਖਲਾਈ ਦਿੱਤੀ ਗਈ।ਲੋਕ ਨਾਚਾਂ ਕੈਂਪ ਦੀ ਸਮਾਪਤੀ ਸਮਾਰੋਹ ਮੌਕੇ ਮੁੱਖ ਮਹਿਮਾਨ ਡਲਹੌਜ਼ੀ ਦੇ ਐੱਸ. ਡੀ. ਐੱਮ. ਅਨਿਲ ਭਾਰਦਵਾਜ਼ ਪਹੁੰਚੇ। ਲੋਕ ਨਾਚ ਦੀਆਂ ਵੱਖ-ਵੱਖ ਵੰਨਗੀਆਂ ਜਿਵੇਂ ਕਿ ਝੂਮਰ, ਡੰਡਾਸ ਅਤੇ ਭੰਗੜਾ ਦੇਖ ਕੇ ਬਹੁਤ ਹੀ ਖੁਸ਼ ਹੋਏ।ਪੰਜਾਬੋ ਗਈ 16 ਮੈਂਬਰੀ ਟੀਮ ਦੇ ਨਾਲ ਉਹਨਾਂ ਵੀ ਭੰਗੜਾ ਪਾਇਆ। ਆਪਣੇ ਭਾਸ਼ਣ ਵਿੱਚ ਬੋਲਦੇ ਹੋਏ ਐਸ.ਡੀ.ਐਮ ਸ੍ਰੀ ਅਨਿਲ ਭਾਰਦਵਾਜ਼ ਨੇ ਬੋਲਦਿਆ ਆਖਿਆ ਕਿ ਲੋਕ ਸੱਭਿਆਚਾਰਕ ਪਿੜ ਦਾ ਇਹ ਉਪਰਾਲਾ ਬਹੁਤ ਹੀ ਸਲਾਘਾਣਯੋਗ ਹੈ।ਵਰਕਸ਼ਾਪ ਲਾਉਣ ਨਾਲ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੇ ਸੱਭਿਆਚਾਰ ਦਾ ਇਕ ਦੂਜੇ ਨੂੰ ਸਮਝਣ ਦਾ ਮੌਕਾ ਮਿਲੇਗਾ।ਇਸ ਕੈਂਪ ਦੇ ਇੰਚਾਰਜ ਭੰਗੜਾ ਕੋਚ ਜੈਕਬ ਮਸੀਹ ਤੇਜਾ ਲੋਕ ਸਭਾ ਦੇ ਪਿੜ ਦੀ ਕੋਸ਼ਿਸ਼ ਹੈ ਕਿ ਆਪਣੇ ਲੋਕ ਨਾਚਾਂ ਨੂੰ ਹਰ ਸਟੇਟ ਦੇ ਲੋਕਾਂ ਨਾਲ ਸਾਂਝਾ ਕੀਤਾ ਜਾਵੇ।

ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ਤੇ ਆਏ ਹਰੀਸ਼ ਮਹਾਜਨ ਸ਼ੇਰੇ ਪੰਜਾਬ ਹੋਟਲ ਦੇ ਮਾਲਕ ਉਹਨਾਂ ਨਾਲ ਸ੍ਰੀ ਦਵਿੰਦਰ ਸ਼ਰਮਾ ਮੈਨੇਜਰ ਗੌਰਮੈਂਟ ਯੂਥ ਹੋਸਟਲ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਗੁਰਦਾਸਪੁਰ ਦੇ ਵੱਖ-ਵੱਖ ਸਕੂਲਾਂ ਦੇ ਬੱਚੇ ਜਿਨਾਂ ਵਿੱਚ ਕਾਨਵ ਅਨੰਦ, ਸਿਮਰਨਜੀਤ ਸਿੰਘ, ਕਰਨਬੀਰ ਸਿੰਘ ਲਿਟਲ ਫਲਾਵਰ ਕਾਨਵੈਂਟ ਸਕੂਲ ਗੁਰਦਾਸਪੁਰ, ਏਕਮਦੀਪ, ਮਨਦੀਪ ਸਿੰਘ,ਜਸਨੂਰ ਸਿੰਘ, ਨਵਰਾਜ ਸਿੰਘ, ਸਨੋਵਰ ਕਿਡਜ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ, ਹਨੂਰ ਸ਼ਰਮਾ ਪ੍ਰਤਾਪ ਵਰਲਡ ਸੀਨੀਅਰ ਸੈਕੰਡਰੀ ਸਕੂਲ ਪਠਾਨਕੋਟ, ਮਨਮੀਤ ਸਿੰਘ, ਨਿਤਨ ਸਿੰਘ ਜੰਜੂਆ ਬੇਅੰਤ ਇੰਜੀਨੀਅਰ ਕਾਲਜ ਗੁਰਦਾਸਪੁਰ, ਗੁਰਸ਼ਾਤ ਸਿੰਘ, ਕਾਰਤਿਕ ਸ਼ਰਮਾ ਹੈਪੀ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ ਸਾਰਿਆਂ ਨਾਲ ਢੋਲ 'ਤੇ ਸਾਥ ਛੋਟੀ ਉਮਰ ਦੇ ਪ੍ਰਸਿੱਧ ਢੋਲ ਮਾਸਟਰ ਰਾਜਨ ਧਾਲੀਵਾਲ ਨਿਭਾਈ।

ਇਸ ਛੇ ਦਿਨਾ ਵਰਕਸ਼ਾਪ ਦੌਰਾਨ ਸਟੇਜ ਸੈਕਟਰੀ ਦੀ ਭੂਮਿਕਾ ਰਾਮ ਸਿੰਘ ਸੁਰ ਸਾਗਰ ਸੰਗੀਤ ਸੰਦਨ ਹਿਮਾਚਲ ਪ੍ਰਦੇਸ਼ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ।ਸਿਖਿਆਰਥੀ ਨੂੰ ਟਰਾਫੀਆਂ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਭੰਗੜਾ ਕੋਚ ਜੈਕਬ ਤੇਜਾ ਨੇ ਮੁੱਖ ਪ੍ਰਾਹੁਣੇ ਦਾ ਕੈਂਪ ਵਿਚ ਪੁੱਜਣ ਤੇ ਧੰਨਵਾਦ ਕੀਤਾ।ਆਖਰ ਵਿੱਚ ਸਾਰਿਆਂ ਨੇ ਰਲ ਕੇ ਗਰਾਊਂਡ ਵਿੱਚ ਭੰਗੜਾ ਪਾਇਆ।

# ਲਾਇਨ ਗੁਰਦੀਪ ਸਿੰਘ ਕੰਗ ਦੀ ਅਗਵਾਈ 'ਚ ਮਾਸਿਕ ਰਾਸ਼ਨ ਵੰਡ ਸਮਾਗਮ

**ਫਗਵਾੜਾ (ਡਾ. ਰਮਨ)**- ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ ਲਾਇਨ ਗੁਰਦੀਪ ਸਿੰਘ ਕੰਗ ਵਲੋਂ 76ਵੇਂ ਮਾਸਿਕ ਰਾਸ਼ਨ ਵੰਡ ਸਮਾਗਮ ਬਾਬਾ ਬਾਲਕ ਨਾਥ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਸ਼ਿਵ ਸ਼ਕਤੀ ਮਾਤਾ ਮੰਦਰ ਜੋਸ਼ੀਆਂ ਮੁਹੱਲਾ ਫਗਵਾੜਾ ਵਿਖੇ ਕਰਵਾਇਆ ਗਿਆ। ਇਸ ਮੌਕੇ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਵਾਈਸ ਗਵਰਨਰ-1 ਲਾਈਨ ਵੀ.ਐਮ. ਗੋਇਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਦੇ ਨਾਲ ਬਟਾਲਾ ਤੋਂ ਲਾਇਨ ਧਰਮਵੀਰ ਢੱਲਾ ਵੀ ਖਾਸ ਤੌਰ 'ਤੇ ਸਮਾਗਮ 'ਚ ਪਹੁੰਚੇ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਬਾਬਾ ਬਾਲਕ ਨਾਥ ਸੇਵਾ ਸੁਸਾਇਟੀ ਦੇ ਸਰਪ੍ਰਸਤ ਧਰਮਪਾਲ ਨਿਸ਼ਚਲ, ਸਮਾਜ ਸੇਵਕ ਐਸ.ਪੀ. ਬਸਰਾ, ਸਾਬਕਾ ਕੌਂਸਲਰ ਮਨੀਸ਼ ਪ੍ਰਭਾਕਰ, ਸਾਬਕਾ ਕੌਂਸਲਰ ਪਰਮਜੀਤ ਕੌਰ ਕੰਬੋਜ, ਆਪ ਆਗੂ ਹਰਮੇਸ਼ ਪਾਠਕ, ਸੂਬਾਈ ਅਧਿਆਪਕ ਆਗੂ ਵਰਿੰਦਰ ਸਿੰਘ ਕੰਬੋਜ, ਪੰਜਾਬ ਪ੍ਰਦੇਸ਼ ਧਾਰਮਿਕ ਕਮੇਟੀ ਦੇ ਪ੍ਰਧਾਨ ਮਨੀਸ਼ ਕਨੌਜੀਆ, ਰਿਜਨ ਚੇਅਰਮੈਨ ਲਾਇਨ ਆਸ਼ੂ ਮਾਰਕੰਡਾ, ਡਿਵਾਈਨ ਏਂਜਲ ਵੈਲਫੇਅਰ ਸੁਸਾਇਟੀ (ਰਜਿ.) ਫਗਵਾੜਾ ਤੋਂ ਪ੍ਰਧਾਨ ਨਵਿਤਾ ਛਾਬੜਾ ਤੇ ਅੰਸ਼ੁਲ ਸਹਿਗਲ ਅਤੇ ਐਡਵੋਕੇਟ ਅਨੂ ਆਜ਼ਾਦ ਨੇ ਹਾਜ਼ਰੀ ਲਗਵਾਈ। ਮੁੱਖ ਮਹਿਮਾਨ ਦਾ ਸਵਾਗਤ ਫੁੱਲਾਂ ਦੇ ਹਾਰ ਪਾ ਕੇ ਕੀਤਾ ਗਿਆ। ਉਪਰੰਤ ਲਾਇਨ ਵੀ.ਐਮ. ਗੋਇਲ ਨੇ 20 ਲੋੜਵੰਦ ਪਰਵਾਰਾਂ ਦੀਆਂ ਔਰਤਾਂ ਨੂੰ ਮਹੀਨਾਵਾਰ ਰਾਸ਼ਨ ਵੰਡਣ ਦੀ ਆਰੰਭਤਾ ਕਰਵਾਈ। ਉਨ੍ਹਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਲਾਇਨ ਗੁਰਦੀਪ ਸਿੰਘ ਕੰਗ ਅਤੇ ਬਾਬਾ ਬਾਲਕ ਨਾਥ ਸੇਵਾ ਸੁਸਾਇਟੀ ਵਲੋਂ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦੀ ਵੰਡ ਕਰਕੇ ਬਹੁਤ ਹੀ ਸ਼ਲਾਘਾ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲਾਇਨ ਗੁਰਦੀਪ ਸਿੰਘ ਕੰਗ 'ਤੇ ਲਾਇਨਜ਼ ਇੰਟਰਨੈਸ਼ਨਲ ਨੂੰ ਹਮੇਸ਼ਾ ਮਾਣ ਰਹੇਗਾ ਕਿਉਂਕਿ ਉਨ੍ਹਾਂ ਨੇ ਵੱਖ ਵੱਖ ਅਹੁਦਿਆਂ 'ਤੇ ਰਹਿੰਦੇ ਹੋਏ ਨਾ ਸਿਰਫ ਖੁਦ ਸਮਾਜ ਸੇਵਾ ਕਰਦਿਆਂ ਲਾਇਨਜ਼ ਇੰਟਰਨੈਸ਼ਨਲ ਦਾ ਨਾਂਅ ਰੌਸ਼ਨ ਕੀਤਾ ਹੈ, ਬਲਕਿ ਫਗਵਾੜਾ ਦੀਆਂ ਸਮੂਹ ਲਾਇਨਜ਼ ਕਲੱਬਾਂ ਨੂੰ ਵੀ ਹਮੇਸ਼ਾ ਵੱਧ-ਚੜ੍ਹ ਕੇ ਲਗਾਤਾਰ ਸਮਾਜ ਸੇਵੀ ਪ੍ਰੋਜੈਕਟ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ ਹੈ। ਇਸ ਦੌਰਾਨ ਸੂਬਾਈ ਅਧਿਆਪਕ ਆਗੂ ਵਰਿੰਦਰ ਸਿੰਘ ਕੰਬੋਜ ਨੇ ਵੀ ਗੁਰਦੀਪ ਸਿੰਘ ਕੰਗ ਅਤੇ ਬਾਬਾ ਬਾਲਕ ਨਾਥ ਸੇਵਾ ਸੁਸਾਇਟੀ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਗੁਰਦੀਪ ਸਿੰਘ ਕੰਗ ਨੇ



ਸਮੂਹ ਪਤਵੰਤਿਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਭਰੋਸਾ ਦਿੱਤਾ ਕਿ ਬਾਬਾ ਬਾਲਕ ਨਾਥ ਦੀ ਕਿਰਪਾ ਨਾਲ ਉਹ ਰਾਸ਼ਨ ਵੰਡਣ ਸਮੇਤ ਹੋਰ ਵੀ ਕਈ ਸਮਾਜ ਸੇਵੀ ਪ੍ਰੋਜੈਕਟ ਅੱਗੇ ਵੀ ਜਾਰੀ ਰੱਖਣਗੇ। ਲਾਇਨ ਕੰਗ ਵਲੋਂ ਮੁੱਖ ਮਹਿਮਾਨ ਤੋਂ ਇਲਾਵਾ ਨਵ ਨਿਯੁਕਤ ਰਿਜਨ ਚੇਅਰਮੈਨ ਲਾਇਨ ਆਸ਼ੂ ਮਾਰਕੰਡਾ ਅਤੇ ਰਿਜਨ ਚੇਅਰਮੈਨ ਲਾਇਨ ਹਰਮੇਸ਼ ਲਾਲ ਕੁਲਥਮ ਨੂੰ ਸਿਰੋਪੇ ਪਾ ਕੇ ਅਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਸਟੇਜ ਦੀ ਸੇਵਾ ਲਾਇਨ ਸੁਸ਼ੀਲ ਸ਼ਰਮਾ ਵਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਮੰਦਰ ਕਮੇਟੀ ਪ੍ਰਧਾਨ ਚੰਚਲ ਸੇਠ, ਕਿੱਟੀ ਬਸਰਾ, ਪ੍ਰੇਮ ਕੌਰ ਚਾਨਾ, ਲਾਇਨ ਸੁਖਬੀਰ ਸਿੰਘ ਕਿੰਨੜਾ, ਲਾਇਨ ਸੰਜੀਵ ਲਾਂਬਾ, ਲਾਇਨ ਸੁਮਿਤ ਭੰਡਾਰੀ, ਲਾਇਨ ਦਿਨੇਸ਼ ਖਰਬੰਦਾ, ਲਾਇਨ ਸਤਿੰਦਰ ਭਮਰਾ, ਲਾਇਨ ਪਵਨ ਚਾਵਲਾ, ਲਾਇਨ ਵਿਪਨ ਸ਼ਰਮਾ, ਵਿਨੇ ਕੁਮਾਰ ਬਿੱਟੂ, ਵਿਜੇ ਅਰੋੜਾ, ਅਜੇ ਕੁਮਾਰ, ਸ਼ਸ਼ੀ ਕਾਲੀਆ, ਹੈਪੀ ਮੱਲ੍ਹਣ, ਰਮੇਸ਼ ਸ਼ਿੰਗਾਰੀ, ਪ੍ਰਦੀਪ ਆਹੂਜਾ, ਕਮਲ, ਲਾਇਨ ਚਮਨ ਲਾਲ, ਅਸ਼ੋਕ ਬਤਰਾ, ਸਵਰਨ ਸਿੰਘ, ਮੁਕੇਸ਼ ਡੰਗ, ਅਨੂਪ ਦੁੱਗਲ ਆਦਿ ਹਾਜ਼ਰ ਸਨ।

# ਅੱਜ ਤਿੰਨਾਂ ਜਾਬਰ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ : ਤਰਕਸ਼ੀਲ ਸੁਸਾਇਟੀ

**ਗੁਰਦਾਸਪੁਰ (ਜਨਕ ਮਹਾਜਨ)**-ਤਰਕਸ਼ੀਲ ਸੁਸਾਇਟੀ ਇਕਾਈ ਗੁਰਦਾਸਪੁਰ ਦੇ ਮੁੱਖੀ ਸਰਦਾਰ ਤਰਲੋਚਨ ਸਿੰਘ ਲੱਖੋਵਾਲ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਤਰਕਸ਼ੀਲ ਭਵਨ ਬਰਨਾਲਾ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸਾਂਝੇ ਸੱਦੇ ਤੇ ਪੰਜਾਬ ਭਰ ਦੀਆਂ 40 ਦੇ ਲਗਭਗ ਜਨਤਕ ਜਮਹੂਰੀ ਤੇ ਸਾਹਿਤਕ ਜਥੇਬੰਦੀਆਂ ਦੀ ਭਰਵੀਂ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਤੋਂ ਬਾਅਦ ਅਰੁੰਧਤੀ ਰਾਇ ਅਤੇ ਪ੍ਰੋ. ਸ਼ੇਖ ਹੁਸੈਨ ਤੇ 14 ਸਾਲ ਪੁਰਾਣੇ ਕੇਸ ਤਹਿਤ ਮੁਕੱਦਮਾ ਚਲਾਉਣ ਦੀ ਦਿੱਲੀ ਦੇ ਗਵਰਨਰ ਵੱਲੋਂ ਦਿੱਤੀ ਮਨਜ਼ੂਰੀ ਦਾ ਗੰਭੀਰ ਨੋਟਿਸ ਲੈਂਦਿਆਂ ਸਾਂਝੇ ਤੌਰ ਤੇ ਸੰਘਰਸ਼ ਕਰਨ ਦਾ ਫੈਸਲਾ ਕੀਤਾ ਹੈ।ਇਸ ਦੇ ਨਾਲ ਹੀ ਇੱਕ ਜੁਲਾਈ 2024 ਤੋਂ ਦੇਸ਼ ਭਰ ਵਿੱਚ ਲਾਗੂ ਕੀਤੇ ਜਾ ਰਹੇ ਤਿੰਨ ਜਾਬਰ ਕਾਨੂੰਨਾਂ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਹੈ।ਜਿਸ ਦੀ ਕੜੀ ਵਜੋਂ ਇੱਕ ਜੁਲਾਈ 2024 ਨੂੰ ਹੀ ਸਾਰੇ ਜਿਲ੍ਹਾ ਪੱਧਰ/ ਸੰਭਵ ਹੋਵੇ ਤਾਂ ਤਹਿਸੀਲ ਪੱਧਰ ਤੇ ਤਿੰਨੇ ਜਾਬਰ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ ਅਤੇ ਹਾਜ਼ਰ ਅਧਿਕਾਰੀ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਉਪ੍ਰੋਕਤ ਸੰਘਰਸ਼ ਦੀ ਅਗਲੀ ਕੜੀ ਵਜੋਂ 21 ਜੁਲਾਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਇੱਕ ਵੱਡੀ ਕਨਵੈਨਸ਼ਨ ਅਤੇ ਵਿਸ਼ਾਲ ਮੁਜ਼ਾਹਰਾ ਕੀਤਾ ਜਾਵੇਗਾ।ਉਪ੍ਰੋਕਤ ਸੰਘਰਸ਼ ਵਿਚ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਭਰਵੀਂ ਸ਼ਮੂਲੀਅਤ ਅਤੇ ਬਾਕੀ ਜਥੇਬੰਦੀਆਂ ਨਾਲ ਤਾਲਮੇਲ ਬਣਾਉਣ ਦੀ ਜ਼ਿੰਮੇਵਾਰੀ ਹੈ।ਸੋ ਸਾਰੇ ਜ਼ੋਨ ਮੁਖੀ ਆਪਣੇ ਨਾਲ ਸਬੰਧਤ ਜ਼ਿਲ੍ਹਿਆਂ ਵਿੱਚ ਸਰਗਰਮੀ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਭਰਵੇਂ ਯਤਨ ਜੁਟਾਉਣ।ਸਾਰੇ ਸੂਬਾ ਮੁਖੀ ਆਪਣੇ ਆਪਣੇ ਜ਼ਿਲ੍ਹਿਆਂ ਵਿੱਚ ਇਸ ਸੰਘਰਸ਼ 'ਚ ਅਗਵਾਈ ਦੇਣ ਸ਼ਾਮਲ ਜਥੇਬੰਦੀਆਂ ਦੀ ਸੂਚੀ ਪ੍ਰੈਸ ਨੋਟ ਵਿਚੋਂ ਲਈ ਜਾ ਸਕਦੀ ਹੈ।ਜੇਕਰ ਕੋਈ ਜਥੇਬੰਦੀ ਤੁਹਾਡੇ ਧਿਆਨ ਵਿੱਚ ਹੈ ਪਰ ਉਹ ਲਿਸਟ ਵਿੱਚ ਸ਼ਾਮਲ ਨਹੀਂ ਹੈ ਤਾਂ ਉਸ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ।ਇਕਾਈ ਦੇ ਮੁੱਖੀ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗੁਰਦਾਸਪੁਰ ਗੁਰੂ ਨਾਨਕ ਪਾਰਕ ਵਿੱਚ ਜਮਹੂਰੀ ਅਧਿਕਾਰ ਸਭਾ ਅਤੇ ਹੋਰ ਸਹਿਯੋਗੀ ਜਥੇਬੰਦੀਆਂ ਸਹਿਤ ਰੋਸ ਪ੍ਰਦਰਸ਼ਨ ਉਪਰੰਤ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ ।



# ਰੋਟਰੀ ਡਿਸਟ੍ਰਿਕਟ-3070 ਦਾ ਸਾਲਾਨਾ ਸਰਾਹਨਾ ਐਵਾਰਡ ਸਮਾਗਮ ਧੂਮਧਾਮ ਨਾਲ ਸੰਪੰਨ

**ਅੰਮ੍ਰਿਤਸਰ (ਅਰੋੜਾ)**-ਰੋਟਰੀ ਇੰਟਰਨੈਸ਼ਨਲ ਵੱਲੋਂ ਨਿਰਧਾਰਿਤ ਨਿਯਮਾਂ ਦੇ ਅਨੁਸਾਰ ਰੋਟਰੀ 3070 ਦਾ ਐਵਾਰਡ ਸਮਾਗਮ ਸਾਲ 2023-2024 ਦੇ ਰੋਟਰੀ ਗਵਰਨਰ ਐਡਵੋਕੇਟ ਵਿਪਨ ਭਸੀਨ ਦਾ ਕਾਰਜਕਾਲ ਸੰਪੰਨ ਹੋਣ ਤੋਂ ਬਾਅਦ ਗਵਰਨਰ ਦੀ ਪ੍ਰਧਾਨਗੀ ਹੇਠਾਂ ਗੁਰੂ ਦੀ ਨਗਰੀ ਅੰਮ੍ਰਿਤਸਰ ਵਿੱਖੇ ਦੇ ਇੱਕ ਹੋਟਲ ਵਿੱਚ ਬੜੇ ਵਿਧੀ ਵਿਧਾਨ ਅਤੇ ਧੂਮਧਾਮ ਦੇ ਨਾਲ ਸੰਪੰਨ ਹੋਇਆ।ਇਸ ਮੌਕੇ ਗਵਰਨਰ ਦੇ ਵੱਲੋਂ ਨਿਯਮਿਤ ਐਵਾਰਡ ਸਮਾਗਮ ਵੀ ਕਰਵਾਇਆ ਗਿਆ। ਇਸ ਸਮਾਗਮ ਵਿੱਚ ਰੋਟਰੀ 3070 ਦੇ ਅੰਤਰਗਤ ਆਉਣ ਵਾਲੇ ਰੋਟਰੀ ਕਲੱਬਾਂ ਜਿਸ ਵਿੱਚ ਪੰਜਾਬ, ਹਿਮਾਚਲ, ਜੰਮੂ-ਕਸ਼ਮੀਰ ਦੀਆਂ ਕਲੱਬਾਂ ਦੇ ਅਹੁਦੇਦਾਰਾਂ ਨੇ ਭਾਗ ਲਿਆ। ਗਵਰਨਰ ਵਿਪਨ ਭਸੀਨ ਨੇ ਉਨ੍ਹਾਂ ਦੇ ਕਾਰਜਕਾਲ ਵਿੱਚ ਯੋਗਦਾਨ ਦੇਣ ਵਾਲੀਆਂ ਕਲੱਬਾਂ ਅਤੇ ਵੱਧ ਤੋਂ ਵੱਧ ਦੇਸ਼ ਅਤੇ ਸਮਾਜ ਭਲਾਈ ਦੇ ਕੰਮਾ ਦੇ ਪ੍ਰੋਜੈਕਟ ਕਰਨ ਵਾਲੀਆਂ ਕਲੱਬਾਂ ਦੇ ਅਹੁਦੇਦਾਰਾਂ ਨੂੰ ਰੋਟਰੀ ਦਾ ਸਰਾਹਨਾ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਰਾਜ ਪੱਧਰੀ ਸਮਾਗਮ ਵਿੱਚ ਰੋਟਰੀ ਦੇ ਸਾਬਕਾ ਗਵਰਨਰ ਉਪਕਾਰ ਸਿੰਘ ਸੇਠੀ, ਡਾ. ਸਰਬਜੀਤ ਸਿੰਘ, ਅਵਿਨਾਸ਼ ਮਹਿੰਦਰੋ, ਅਰੁਣ ਕਪੂਰ, ਯੂ. ਐੱਸ. ਘਈ, ਸਾਲ 2024-2025 ਦੇ ਗਵਰਨਰ ਡਾ. ਪੀ. ਐੱਸ. ਗਰੋਵਰ, ਸਾਲ 2025 -2026 ਦੇ ਗਵਰਨਰ ਰੋਹਿਤ ਓਬਰਾਏ, ਸਾਲ 2026-2027 ਦੇ ਗਵਰਨਰ ਅਨਿਲ ਸਿੰਗਲਾ ਅਤੇ ਰੋਟਰੀ ਦੇ ਜ਼ੋਨਲ ਚੇਅਰਮੈਨ ਐਵਾਰਡ ਸਮਾਗਮ ਦੇ ਪ੍ਰਬੰਧਕ ਜਤਿੰਦਰ ਸਿੰਘ ਪੱਪੂ, ਸਹਾਇਕ ਗਵਰਨਰ ਵਿਜੇ ਭਸੀਨ, ਸਾਬਕਾ ਸਹਾਇਕ ਗਵਰਨਰ ਆਰ.ਐਸ.ਖੇੜਾ, ਮੇਜਰ ਡੋਨਰ ਡਾ.ਜੀ.ਐਸ.ਮਦਾਨ, ਸਾਬਕਾ ਸਹਾਇਕ ਗਵਰਨਰ ਡਾ. ਨਰੇਸ਼ ਗਰੋਵਰ, ਰੋਟਰੀ ਸਾਊਥ ਦੇ ਸੀਨੀਅਰ ਰੋਟੇਰੀਅਨ ਸਾਬਕਾ ਪ੍ਰਧਾਨ ਅਮਨਦੀਪ ਸਿੰਘ ਦੂਆ, ਹਰੀਸ਼ ਸ਼ਰਮਾ, ਰੋਟਰੀ ਨਾਰਥ ਦੇ ਪ੍ਰਧਾਨ ਗੁਰਮੀਤ ਸਿੰਘ ਹੀਰਾ, ਰੋਟਰੀ ਆਸਥਾ ਦੇ ਪ੍ਰਧਾਨ ਅਮਨ ਸ਼ਰਮਾ, ਰੋਟਰੀ ਨਿਊ ਅੰਮ੍ਰਿਤਸਰ ਦੇ ਸੋਹਨ ਲਾਲ ਖੰਨਾ ਦੇ ਨਾਲ ਨਾਲ ਹੋਰ ਰੋਟਰੀ ਕਲੱਬਾਂ ਨੂੰ ਸਰਾਹਨਾ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।ਸਮਾਗਮ ਵਿੱਚ ਸ਼ਲਾਘਾਯੋਗ ਪ੍ਰੋਜੈਕਟ ਚਲਾਉਣ ਵਾਲੇ ਰੋਟਰੀ ਦੇ ਕੇ. ਡੀ. ਡਾਇਲਿਸਿਸ ਸੈਂਟਰ ਦੇ ਪ੍ਰਮੁੱਖ ਡਾ. ਕੁਲਦੀਪ ਸਿੰਘ ਅਰੋੜਾ ਨੂੰ ਰੋਟਰੀ ਰਤਨ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।ਰੋਟਰੀ ਕੈਂਟ ਦੇ ਆਉਣ ਵਾਲੇ ਪ੍ਰਧਾਨ ਡਾ.ਅਮਰਜੀਤ ਸਿੰਘ ਸਚਦੇਵਾ, ਡਾ. ਰਮਨ ਗੁਪਤਾ, ਪਰਮਜੀਤ ਸਿੰਘ, ਐੱਸ. ਐੱਚ. ਜੋਗੀ, ਅਨਦੇਸ਼ ਭੱਲਾ, ਇੰਜੀ. ਅਸ਼ੋਕ ਸ਼ਰਮਾ ਨੂੰ ਵੀ ਸਨਮਾਨਿਤ ਕੀਤਾ ਗਿਆ।ਗਵਰਨਰ ਵਿਪਨ ਭਸੀਨ ਨੇ ਸਾਰੇ ਰੋਟਰੀ ਕਲੱਬਾਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਦੀ ਹਾਰਦਿਕ ਸ਼ਲਾਘਾ ਕਰਦੇ ਕਿਹਾ ਕਿ ਸਾਲ 2023-2024 ਵਿੱਚ ਜਿਸ ਤਰ੍ਹਾਂ ਸਾਰੇ ਕਲੱਬਾਂ ਨੇ ਮੇਰਾ ਸਾਥ ਦਿੱਤਾ ਹੈ ਉਹ ਸਾਰੇ ਸਰਾਹਨਾ ਦੇ ਪਾਤਰ ਹਨ। ਮੈ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਉਨ੍ਹਾਂ ਨੇ ਆਉਣ ਵਾਲੇ 2024 -2025 ਦੇ ਗਵਰਨਰ ਡਾ.ਪੀ.ਐਸ.ਗਰੋਵਰ ਨੂੰ ਇਸ ਤਰ੍ਹਾਂ ਸਹਿਯੋਗ ਦੇਣ ਦੀ ਗੱਲ ਕਹੀ। ਇਸ ਮੋਕੇ ਤੇ ਰੋਟਰੀ 3070 ਵਿੱਚ ਸਾਰੇ ਕਲੱਬਾ ਦੇ ਮੈਂਬਰ ਆਪਣੇ ਪਰਿਵਾਰ ਦੇ ਨਾਲ ਸ਼ਾਮਿਲ ਹੋਏ। ਸਮਾਗਮ ਦੇ ਅੰਤ ਵਿੱਚ ਸਾਰੇ ਸਾਬਕਾ ਅਤੇ ਆਉਣ ਵਾਲੇ ਗਵਰਨਰਾਂ ਵੱਲੋ ਸਮਾਗਮ ਦੇ ਆਯੋਜਕ ਗਵਰਨਰ ਵਿਪਨ ਭਸੀਨ ਅਤੇ ਉਨ੍ਹਾਂ ਦੀ ਪਤਨੀ ਨੂੰ ਖਾਸ ਰੂਪ ਵਿੱਚ ਸਨਮਾਨਿਤ ਕੀਤਾ ਗਿਆ।



# ਬੱਚਿਆਂ ਨੂੰ ਸਿੱਖ ਵਿਰਸੇ ਨਾਲ ਜੋੜਨ ਲਈ ਸ਼੍ਰੋਮਣੀ ਕਮੇਟੀ ਦਾ ਉਪਰਾਲਾ ਸ਼ਲਾਘਾਯੋਗ: ਗਿਆਨੀ ਹਰਪ੍ਰੀਤ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਨਸਾ ਜ਼ਿਲ੍ਹੇ ਦੇ ਹਲਕਾ ਜੋਗਾ ਵਿਖੇ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ ਦੇ ਯਤਨਾਂ ਨਾਲ ਪਿਛਲੇ ਇਕ ਮਹੀਨੇ ਤੋਂ ਵੱਖ-ਵੱਖ ਪਿੰਡਾਂ ਵਿਚ ਲਗਾਏ ਗਏ ਗੁਰਮਤਿ ਕੈਂਪਾਂ ਵਿਚ ਭਾਗ ਲੈਣ ਵਾਲੇ ਬੱਚਿਆਂ ਦਾ ਸਨਮਾਨ ਸਮਾਰੋਹ ਗੁਰਦੁਆਰਾ ਭਾਈ ਬਹਿਲੋ ਜੀ ਫਫੜੇ ਭਾਈਕੇ ਵਿਖੇ ਆਯੋਜਤ ਕੀਤਾ ਗਿਆ।ਇਸ ਮੁੱਖ ਸਮਾਗਮ ਵਿਚ 54 ਪਿੰਡਾਂ ਤੋਂ ਕੈਂਪ ਲਗਾ ਕੇ ਆਏ 3200 ਤੋਂ ਵੱਧ ਬੱਚਿਆਂ ਦੇ ਸ਼ਮੂਲੀਅਤ ਕੀਤੀ ਅਤੇ ਵੱਖ-ਵੱਖ ਧਾਰਮਿਕ ਮੁਕਾਬਲਿਆਂ ਵਿਚ ਭਾਗ ਲਿਆ।ਇਸ ਮੌਕੇ ਉਨ੍ਹਾਂ 540 ਬੱਚਿਆਂ ਦਾ ਗੁਰਮਤਿ ਸਬੰਧੀ ਲਿਖਤੀ ਪੇਪਰ ਵੀ ਲਿਆ ਗਿਆ, ਜੋ ਪਿੰਡਾਂ ਵਿਚ ਲੱਗੇ ਗੁਰਮਤਿ ਕੈਂਪਾਂ ਦੌਰਾਨ ਅੱਵਲ ਆਏ ਸਨ।ਇਹ ਕੈਂਪ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ-ਜੋਤਿ ਦਿਵਸ ਨੂੰ ਸਮਰਪਿਤ ਲਗਾਏ ਗਏ ਸਨ।ਸਨਮਾਨ ਸਮਾਰੋਹ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਉਨ੍ਹਾਂ ਸਮਾਗਮ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਗੁਰਬਾਣੀ ਦੀ ਸਿੱਖਿਆ ਦਾ ਮਨੁੱਖੀ ਜੀਵਨ ਲਈ ਵੱਡਾ ਮਹੱਤਵ ਹੈ ਅਤੇ ਖੁਸ਼ੀ ਦੀ ਗੱਲ ਹੈ ਕਿ ਗੁਰਮਤਿ ਕੈਂਪਾਂ ਵਿਚ ਸਿੱਖਿਆ ਲੈ ਕੇ ਬੱਚੇ ਅੱਗੇ




ਸਮਾਜ ਨੂੰ ਵੀ ਆਪਣੇ ਸ਼ਾਨਾਮੱਤੇ ਇਤਿਹਾਸ ਨਾਲ ਜੋੜਨ ਦਾ ਉਪਰਾਲਾ ਕਰ ਰਹੇ ਹਨ।ਉਨ੍ਹਾਂ ਬੱਚਿਆਂ ਨੂੰ ਸਿੱਖ ਵਿਰਸੇ ਨਾਲ ਜੋੜਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹਲਕਾ ਜੋਗਾ ਦੇ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਅਜਿਹੇ ਕੈਂਪ ਹਰ ਹਲਕੇ ਵਿਚ ਲਗਾਉਣ ਲਈ ਯਤਨਸ਼ੀਲ ਹੋਣ ਲਈ ਕਿਹਾ।ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਨੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਤੇ ਪ੍ਰਮੁੱਖ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ ਅਤੇ ਕੈਂਪ ਵਿਚ ਸਹਿਯੋਗ ਦੇਣ ਵਾਲੇ ਗ੍ਰੰਥੀ ਸਿੰਘਾਂ, ਹਲਕਾ ਨਿਵਾਸੀਆਂ ਅਤੇ ਕੈਂਪ 'ਚ ਸ਼ਾਮਲ ਰਹੇ ਬੱਚਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਇਹ ਕਾਰਜ ਲਗਾਤਾਰ ਜਾਰੀ ਰੱਖਿਆ ਜਾਵੇਗਾ ਅਤੇ ਇਸ ਦੇ ਨਾਲ ਹੀ ਸਮੇਂ-ਸਮੇਂ 'ਤੇ ਹਲਕੇ ਦੇ ਸਕੂਲਾਂ ਅੰਦਰ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਜਥੇ ਭੇਜ ਕੇ ਗੁਰਮਤਿ ਬਾਰੇ ਜਾਣਕਾਰੀ ਦਿੱਤੀ ਜਾਂਦੀ ਰਹੇਗੀ। ਸਮਾਗਮ ਸਮੇਂ ਵੱਖ-ਵੱਖ ਮੁਕਾਬਲਿਆਂ ਅਤੇ ਲਈ ਗਈ ਧਾਰਮਿਕ ਪ੍ਰੀਖਿਆ ਵਿੱਚੋਂ ਅੱਵਲ ਆਏ ਬੱਚਿਆਂ ਨੂੰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਗੁਰਪ੍ਰੀਤ ਸਿੰਘ ਝੱਬਰ, ਬੀਬੀ ਜਸਪਾਲ ਕੌਰ, ਮੈਂਬਰ ਸੁਰਜੀਤ ਸਿੰਘ ਰਾਏਪੁਰ, ਬੀਬੀ ਜੋਗਿੰਦਰ ਕੌਰ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਇਨਾਮ ਵਜੋਂ ਸਾਈਕਲ ਦੇ ਕੇ ਸਨਮਾਨਿਤ ਕੀਤਾ।ਇਸ ਤੋਂ ਇਲਾਵਾ ਕੈਂਪਾਂ ਦੌਰਾਨ ਭਾਗ ਲੈਣ ਵਾਲੇ ਬੱਚਿਆਂ ਨੂੰ ਵੀ ਮੈਡਲ, ਸਨਮਾਨ ਪੱਤਰ ਦੇ ਕੇ ਸਨਮਾਨ ਦਿੱਤਾ ਗਿਆ। ਇਸ ਮੌਕੇ ਗਤਕਾ ਟੀਮਾਂ ਵੱਲੋਂ ਗੱਤਕੇ ਦੇ ਜੌਹਰ ਵੀ ਵਿਖਾਏ।ਇਸ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਤਿਆਰ ਕੀਤੀ ਗਈ ਡਿਓਢੀ ਦਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਉਦਘਾਟਨ ਕੀਤਾ।ਇਸ ਮੌਕੇ ਗੁਰਮੇਲ ਸਿੰਘ ਫਫੜੇ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸ. ਹਰਦੇਵ ਸਿੰਘ ਬਾਦਲ ਪ੍ਰਧਾਨ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ, ਸੁਖਦੇਵ ਸਿੰਘ ਮੀਤ ਪ੍ਰਧਾਨ, ਬਲਜੀਤ ਸਿੰਘ ਅਤਲਾ, ਨਵਤੇਜ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ, ਮੈਨੇਜਰ ਅਜੈਬ ਸਿੰਘ ਜੋਗਾ, ਸੋਹਣ ਸਿੰਘ, ਇੰਚਾਰਜ ਭੋਲਾ ਸਿੰਘ, ਸਹਾਇਕ ਇੰਚਾਰਜ ਜਸਬੀਰ ਸਿੰਘ ਜੱਸੀ ਲੌਂਗੋਵਾਲ, ਪ੍ਰਿੰ. ਜਸਵਿੰਦਰ ਸਿੰਘ, ਬਾਬਾ ਸੁਖਦੇਵ ਸਿੰਘ, ਪ੍ਰਚਾਰਕ ਭਾਈ ਅਮਰੀਕ ਸਿੰਘ, ਭਾਈ ਸਵਿੰਦਰ ਸਿੰਘ, ਭਾਈ ਗੁਰਪ੍ਰੀਤ ਸਿੰਘ ਅਤੇ ਵੱਡੀ ਗਿਣਤੀ ਵਿਚ ਬੱਚੇ ਮੌਜੂਦ ਸਨ।

# ਨਿਗਰਾਨ ਇੰਜੀਨੀਅਰ ਇੰਦਰਜੀਤ ਸਿੰਘ ਨੂੰ ਸੇਵਾ-ਮੁਕਤੀ 'ਤੇ ਨਿੱਘੀ ਵਿਦਾਇਗੀ ਪਾਰਟੀ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਲੋਕ ਨਿਰਮਾਣ ਵਿਭਾਗ ਵਿੱਚ ਲੰਮਾ ਸਮਾਂ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਚੰਗੀਆਂ ਸੇਵਾਵਾਂ ਨਿਭਾਉਣ ਉਪਰੰਤ ਨਿਗਰਾਨ ਇੰਜੀਨੀਅਰ ਇੰਦਰਜੀਤ ਸਿੰਘ ਨੂੰ ਮਹਿਕਮੇ ਦੇ ਸਮੁੱਚੇ ਸਟਾਫ ਤੇ ਉੱਚ ਅਧਿਕਾਰੀਆਂ ਵੱਲੋਂ ਇੱਕ ਨਿੱਘੀ ਤੇ ਯਾਦਗਾਰੀ ਵਿਦਾਇਗੀ ਪਾਰਟੀ ਦਿੱਤੀ ਗਈ ਜਿਸ ਵਿੱਚ ਸਾਰੇ ਸਟਾਫ ਨੇ ਉਨ੍ਹਾਂ ਵੱਲੋਂ ਨਿਭਾਈਆਂ ਗਈਆਂ ਮਹਿਕਮੇ ਵਿੱਚ ਚੰਗੀਆਂ ਸੇਵਾਵਾਂ ਨੂੰ ਯਾਦ ਕੀਤਾ ਗਿਆ। ਬੁਲਾਰਿਆਂ ਨੇ ਦੱਸਿਆ ਕਿ ਇੰਦਰਜੀਤ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਕੰਮ ਦੀ ਰਫ਼ਤਾਰ ਨੂੰ ਕਦੇ ਵੀ ਮੱਠਾ ਨਹੀਂ ਸੀ ਪੈਣ ਦਿੱਤਾ, ਉਨ੍ਹਾਂ ਦੀ ਕੰਮ ਦੀ ਕਾਰਜਸ਼ੈਲੀ ਤੋਂ ਹਰ ਵਿਅਕਤੀ ਤੇ ਸਟਾਫ ਬਹੁਤ ਖੁਸ਼ ਰਹਿੰਦਾ ਸੀ। ਇਸ ਮੌਕੇ ਇੰਦਰਜੀਤ ਸਿੰਘ ਨਿਗਰਾਨ ਇੰਜੀਨੀਅਰ, ਜਸਬੀਰ ਸਿੰਘ ਸੋਢੀ ਨਿਗਰਾਨ ਇੰਜੀਨੀਅਰ, ਦਿਆਲ ਸ਼ਰਮਾ ਐਕਸੀਅਨ, ਇੰਦਰਜੀਤ ਸਿੰਘ ਐਕਸੀਅਨ, ਦਿਲਬਾਬ ਸਿੰਘ ਐਕਸੀਅਨ, ਕੁਸ਼ਲਦੀਪ ਸਿੰਘ ਐਕਸੀਅਨ, ਕਸ਼ਮੀਰ ਸਿੰਘ ਵਡਾਲਾ ਐੱਸਡੀਓ, ਮਨਜਿੰਦਰ ਸਿੰਘ ਮੱਤੇਨੰਗਲ, ਲਖਬੀਰ ਸਿੰਘ, ਸ਼ਰਨਜੀਤ ਸਿੰਘ, ਰਾਜਿੰਦਰ ਕੱਕੜ, ਦਿਲਬਾਗ ਸਿੰਘ, ਰਾਜਿੰਦਰ ਗੌੜ, ਪਰਮਜੀਤ ਸਿੰਘ (ਸਾਰੇ ਐੱਸਡੀਓ) ਮੋਨਿਕਾ ਕੁਮਾਰੀ, ਬਚਿੱਤਰ ਕੌਰ, ਅਨੂ ਗਿੱਲ, ਮੈਡਮ ਸ਼ਬਨਮ, ਜੈਸਮੀਨ ਕੌਰ ਤੇ ਗੁਰਪ੍ਰੀਤ ਕੌਰ ਸੱਚਰ ਵੀ ਹਾਜ਼ਰ ਸਨ।

ਨਵਾਂ ਜ਼ਮਾਨਾ
ਸੋਮਵਾਰ, 1 ਜੁਲਾਈ 2024

# ਚਿਹਰਾ ਨਹੀਂ, ਗੱਠਜੋੜ ਹੀ ਜਿੱਤ ਦਾ ਜ਼ਾਮਨ

ਨਰਿੰਦਰ ਮੋਦੀ ਨੂੰ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦਾ ਚਿਹਰਾ ਬਣਾ ਕੇ ਪੇਸ਼ ਕਰਨ ਤੋਂ ਬਾਅਦ ਲਗਭਗ ਹਰ ਚੋਣ 'ਚ ਪ੍ਰਧਾਨ ਮੰਤਰੀ ਜਾਂ ਮੁੱਖ ਮੰਤਰੀ ਦਾ ਚਿਹਰਾ ਦੱਸਣ ਦੀ ਰਵਾਇਤ ਜਿਹੀ ਪੈ ਗਈ ਹੈ। ਸਿਆਲਾਂ ਵਿਚ ਜਿਨ੍ਹਾਂ ਰਾਜਾਂ 'ਚ ਅਸੰਬਲੀ ਚੋਣਾਂ ਹੋਣ ਜਾ ਰਹੀਆਂ ਹਨ, ਉਨ੍ਹਾਂ 'ਚ ਮਹਾਰਾਸ਼ਟਰ ਵੀ ਹੈ। ਇੱਥੇ ਸ਼ਿਵ ਸੈਨਾ (ਊਧਵ ਬਾਲਾਸਾਹਿਬ ਠਾਕਰੇ), ਕਾਂਗਰਸ ਤੇ ਐੱਨ ਸੀ ਪੀ (ਸ਼ਰਦ ਪਵਾਰ) ਮਹਾਂ ਵਿਕਾਸ ਅਘਾੜੀ ਨਾਂਅ ਦਾ ਗੱਠਜੋੜ ਬਣਾ ਕੇ ਵਿਚਰ ਰਹੀਆਂ ਹਨ। ਭਾਜਪਾ ਵੱਲੋਂ ਸ਼ਿਵ ਸੈਨਾ ਤੇ ਐੱਨ ਸੀ ਪੀ ਵਿਚ ਫੁੱਟ ਪਾਉਣ ਤੋਂ ਪਹਿਲਾਂ ਇਹ ਗੱਠਜੋੜ ਸੂਬੇ 'ਚ ਸੱਤਾ ਵਿਚ ਸੀ। ਸੱਤਾ ਗੁਆਉਣ ਤੋਂ ਬਾਅਦ ਇਹ ਮਿਲ ਕੇ ਚੱਲਿਆ ਤੇ ਲੋਕ ਸਭਾ ਚੋਣਾਂ ਵਿਚ ਇਸ ਨੇ ਵਧੀਆ ਪ੍ਰਦਰਸ਼ਨ ਕੀਤਾ। ਅਸੰਬਲੀ ਚੋਣਾਂ ਵੀ ਇਹ ਪਾਰਟੀਆਂ ਮਿਲ ਕੇ ਲੜਨਗੀਆਂ। ਇਸੇ ਦਰਮਿਆਨ ਊਧਵ ਠਾਕਰੇ ਦੇ ਕਰੀਬੀ ਤੇ ਪਾਰਟੀ ਦੇ ਬੁਲਾਰੇ ਸੰਜੇ ਰਾਊਤ ਨੇ ਇਹ ਰਾਗ ਛੇੜ ਦਿੱਤਾ ਹੈ ਕਿ ਊਧਵ ਠਾਕਰੇ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾ ਕੇ ਅਸੰਬਲੀ ਚੋਣਾਂ ਲੜੀਆਂ ਜਾਣ। ਰਾਊਤ ਦਾ ਇਹ ਵੀ ਕਹਿਣਾ ਹੈ ਕਿ ਜੇ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਦਾ ਚਿਹਰਾ ਬਣਾ ਕੇ ਚੋਣਾਂ ਲੜੀਆਂ ਜਾਂਦੀਆਂ ਤਾਂ ਲੋਕ ਸਭਾ ਦੀਆਂ 25-30 ਸੀਟਾਂ ਹੋਰ ਮਿਲ ਸਕਦੀਆਂ ਸਨ ਤੇ 'ਇੰਡੀਆ' ਗੱਠਜੋੜ ਸਰਕਾਰ ਬਣਾ ਸਕਦਾ ਸੀ। ਉਨ੍ਹਾ ਮੋਦੀ ਤੇ ਇੰਦਰਾ ਦਾ ਨਾਂਅ ਲੈ ਕੇ ਕਿਹਾ ਕਿ ਲੋਕ ਚਿਹਰੇ ਨੂੰ ਵੋਟ ਪਾਉਂਦੇ ਹਨ।

ਸ਼ਰਦ ਪਵਾਰ ਨੇ ਰਾਊਤ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਕਿਹਾ ਹੈ ਕਿ ਗੱਠਜੋੜ ਕਿਸੇ ਇਕ ਚਿਹਰੇ ਦੀ ਥਾਂ ਸਮੂਹਕ ਚਿਹਰੇ ਨਾਲ ਚੋਣਾਂ ਲੜੇਗਾ। ਇਹੀ ਫਾਰਮੂਲਾ ਜਿੱਤ ਦਿਵਾ ਸਕਦਾ ਹੈ। ਪਵਾਰ ਦਾ ਇਹ ਵੀ ਕਹਿਣਾ ਹੈ ਕਿ ਚਿਹਰੇ 'ਤੇ ਜ਼ੋਰ ਦੇਣ ਦੀ ਥਾਂ ਗੱਠਜੋੜ ਨੂੰ ਵਿਸ਼ਾਲ ਬਣਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾ ਮੁਤਾਬਕ ਲੋਕ ਸਭਾ ਚੋਣਾਂ ਵਿਚ ਪੀਜ਼ੈਂਟਸ ਐਂਡ ਵਰਕਰਜ਼ ਪਾਰਟੀ ਤੇ ਕਮਿਊਨਿਸਟ ਪਾਰਟੀਆਂ ਨੇ ਗੱਠਜੋੜ ਦੀ ਮਦਦ ਕੀਤੀ। ਇਨ੍ਹਾਂ ਨੂੰ ਵੀ ਮਹਾਂ ਵਿਕਾਸ ਅਘਾੜੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਲੋਕ ਸਭਾ ਚੋਣਾਂ ਵਿਚ ਅਸੀਂ ਇਨ੍ਹਾਂ ਲਈ ਸੀਟਾਂ ਨਹੀਂ ਛੱਡ ਸਕੇ। ਹੁਣ ਇਹ ਸਾਡੀ ਇਖਲਾਕੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਇਨ੍ਹਾਂ ਪਾਰਟੀਆਂ ਦੇ ਹਿੱਤਾਂ ਦੀ ਰਾਖੀ ਕਰਦਿਆਂ ਇਨ੍ਹਾਂ ਨੂੰ ਗੱਠਜੋੜ ਵਿਚ ਲਿਆਈਏ। ਮੋਦੀ ਦਾ ਵਿਰੋਧ ਕਰਨ ਵਾਲੇ ਸਾਰੇ ਲੋਕਾਂ ਨੂੰ ਗੱਠਜੋੜ ਨਾਲ ਜੋੜਨਾ ਚਾਹੀਦਾ ਹੈ। ਮੁੱਖ ਮੰਤਰੀ ਦਾ ਫੈਸਲਾ ਚੋਣਾਂ ਤੋਂ ਬਾਅਦ ਕੀਤਾ ਜਾ ਸਕਦਾ ਹੈ।

ਸ਼ਰਦ ਪਵਾਰ ਦੀ ਦਲੀਲ ਵਿਚ ਵਜ਼ਨ ਹੈ। ਲੋਕ ਸਭਾ ਚੋਣਾਂ ਨੇ ਦਿਖਾਇਆ ਹੈ ਕਿ ਮੋਦੀ ਦਾ ਚਿਹਰਾ ਭਾਜਪਾ ਨੂੰ ਬਹੁਮਤ ਨਹੀਂ ਦਿਵਾ ਸਕਿਆ, ਜਦਕਿ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਨੇ ਯੂ ਪੀ ਵਿਚ ਨਿੱਕੀਆਂ-ਨਿੱਕੀਆਂ ਪਾਰਟੀਆਂ ਇਕੱਠੀਆਂ ਕਰਕੇ ਭਾਜਪਾ ਨਾਲੋਂ ਵੱਧ ਸੀਟਾਂ ਹਾਸਲ ਕਰ ਲਈਆਂ।

## ਜਨਮ ਦਿਨ 'ਤੇ ਵਿਸ਼ੇਸ਼

# ਕ੍ਰਾਂਤੀਕਾਰੀ ਗ਼ਦਰੀ ਬਾਗੀ ਸ਼ਾਇਰ : ਮੁਨਸ਼ਾ ਸਿੰਘ ਦੂਖੀ

**ਉਜਾਗਰ ਸਿੰਘ**

ਦੇਸ਼ ਦੀ ਆਜ਼ਾਦੀ ਦੀ ਮੁਹਿੰਮ ਵਿੱਚ ਸਭ ਤੋਂ ਵਧੇਰੇ ਯੋਗਦਾਨ ਪੰਜਾਬੀਆਂ/ਸਿੱਖਾਂ ਨੇ ਪਾਇਆ ਹੈ। ਉਹ ਫ਼ਾਂਸੀਆਂ 'ਤੇ ਚੜ੍ਹੇ ਅਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਭੁਗਤੀਆਂ, ਪ੍ਰੰਤੂ ਉਹ ਆਪਣੇ ਨਿਸ਼ਾਨੇ ਤੋਂ ਪਿੱਛੇ ਨ੍ਹੀਂ ਹਟੇ, ਸਗੋਂ ਹਰ ਜ਼ਿਆਦਤੀ ਤੋਂ ਬਾਅਦ ਅੰਦੋਲਨ ਨੂੰ ਹੋਰ ਗਰਮਜੋਸ਼ੀ ਨਾਲ ਤੇਜ਼ ਕਰ ਦਿੰਦੇ ਸਨ। ਉਨ੍ਹਾਂ ਕ੍ਰਾਂਤੀਕਾਰੀ ਗ਼ਦਰੀ ਬਾਬਿਆਂ ਵਿੱਚੋਂ ਜੁਝਾਰੂ ਇਨਕਲਾਬੀ ਕਵੀ ਮੁਨਸ਼ਾ ਸਿੰਘ ਦੂਖੀ ਦਾ ਯੋਗਦਾਨ ਬਹੁਪੱਖੀ ਤੇ ਬਹੁਪ੍ਰਤੀ ਹੈ। ਉਹ ਨਿਡਰ, ਬੇਪ੍ਰਵਾਹ, ਦ੍ਰਿੜ੍ਹ ਇਰਾਦੇ ਵਾਲਾ ਕ੍ਰਾਂਤੀਕਾਰੀ ਸੀ, ਜਿਸ ਨੇ ਆਪਣੀਆਂ ਬੀਰ ਰਸੀ ਕਵਿਤਾਵਾਂ ਅਤੇ ਜਜ਼ਬਾਤੀ ਲੇਖਾਂ ਰਾਹੀਂ ਪੰਜਾਬੀਆਂ/ਸਿੱਖਾਂ ਨੂੰ ਆਜ਼ਾਦੀ ਦੀ ਲੜਾਈ ਵਿੱਚ ਮੋਹਰੀ ਬਣਨ ਲਈ ਪ੍ਰੇਰਿਤ ਹੀ ਨਹੀਂ ਕੀਤਾ, ਸਗੋਂ ਮਰ ਮਿਟਣ ਲਈ ਤਿਆਰ ਕੀਤਾ। ਉਸ ਦੇ ਜੋਸ਼ੀਲੇ ਭਾਸ਼ਣ ਅਤੇ ਕਵਿਤਾਵਾਂ ਨੌਜਵਾਨਾਂ ਨੂੰ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਲਈ ਉਤਸ਼ਾਹਤ ਕਰਦੀਆਂ ਸਨ। ਉਹ 1913 ਵਿੱਚ ਗ਼ਦਰ ਲਹਿਰ ਦੀ ਨੀਂਹ ਰੱਖਣ ਵਾਲੇ ਗ਼ਦਰੀ ਮੋਢੀਆਂ ਵਿੱਚੋਂ ਇੱਕ ਸਨ। ਉਨ੍ਹਾਂ ਨੂੰ ਕਾਮਾਗਾਟਾ ਮਾਰੂ ਜਹਾਜ ਕਾਂਡ ਦੇ ਨਾਇਕ ਵੀ ਕਿਹਾ ਜਾਂਦਾ ਹੈ। ਉਹ ਹਰਫ਼ਨ ਮੌਲਾ ਸ਼ਖ਼ਸ਼ੀਅਤ ਦਾ ਮਾਲਕ ਸੀ। ਮੁਨਸ਼ਾ ਸਿੰਘ ਦੂਖੀ ਨੂੰ ਤੀਜੇ ਲਾਹੌਰ ਸਾਜ਼ਿਸ਼ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਹੋਈ ਸੀ। ਉਨ੍ਹਾ ਨੂੰ ਬਿਹਾਰ ਦੀ ਹਜ਼ਾਰੀ ਬਾਗ ਜੇਲ੍ਹ ਵਿੱਚ ਰੱਖਿਆ ਗਿਆ ਅਤੇ ਅਨੇਕਾਂ ਅਣਮਨੁੱਖੀ ਤਸੀਹੇ ਦਿੱਤੇ ਗਏ। ਗ਼ਦਰੀ ਬਾਬਿਆਂ ਵਿੱਚੋਂ ਮੁਨਸ਼ਾ ਸਿੰਘ ਦੂਖੀ ਸਭ ਤੋਂ ਵਧੇਰੇ ਵਿਦੇਸ਼ਾਂ ਹਾਂਗਕਾਂਗ, ਚੀਨ, ਜਰਮਨੀ, ਇੰਗਲੈਂਡ, ਕੀਨੀਆ, ਤਨਜਾਨੀਆ, ਜਾਪਾਨ, ਕੈਨੇਡਾ ਅਤੇ ਅਮਰੀਕਾ ਵਿੱਚ ਜਾ ਕੇ ਭਾਰਤੀਆਂ/ਪੰਜਾਬੀਆਂ/ਸਿੱਖਾਂ ਵਿੱਚ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਦਾ ਹੋਇਆ ਲਾਮਬੰਦ ਕਰਦਾ ਰਿਹਾ। ਮੁਨਸ਼ਾ ਸਿੰਘ ਦੂਖੀ ਅਲੌਕਿਕ ਪ੍ਰਤਿਭਾ ਦਾ ਮਾਲਕ ਸੀ। ਉਸ ਦੀ ਕਾਬਲੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਸਿਰਫ਼ ਪ੍ਰਾਇਮਰੀ ਤੱਕ ਦੀ ਪੜ੍ਹਾਈ ਕਰਨ ਦੇ ਬਾਵਜੂਦ ਪੰਜਾਬੀ, ਹਿੰਦੀ, ਬੰਗਾਲੀ, ਚੀਨੀ, ਜਪਾਨੀ ਅਤੇ ਅੰਗਰੇਜ਼ੀ ਭਾਸ਼ਾਵਾਂ ਦਾ ਗਿਆਤਾ ਸੀ। ਰੂਪੋਸ਼ ਹੋਣ ਸਮੇਂ ਜਿਥੇ ਵੀ ਉਹ ਜਾਂਦਾ ਸੀ, ਸਭ ਤੋਂ ਪਹਿਲਾਂ ਉਥੋਂ ਦੀ ਭਾਸ਼ਾ ਸਿੱਖਦਾ ਸੀ, ਜਿਸ ਕਰਕੇ ਉਸ ਨੂੰ ਆਪਣੀ ਇਲਕਲਾਬੀ ਜੱਦੋਜਹਿਦ ਵਿੱਚ ਕਦੀ ਕੋਈ ਮੁਸ਼ਕਲ ਪੇਸ਼ ਨਹੀਂ ਆਈ। ਕਿਸੇ ਵੀ ਦੇਸ਼ ਵਿੱਚ ਸਥਾਨਕ ਬੋਲੀ ਉਸ ਦੀਆਂ ਸਰਗਰਮੀਆਂ ਵਿੱਚ ਰੁਕਾਵਟ ਨਾਂ ਪਾ ਸਕੀ। ਉਸ ਨੇ ਕੁਝ ਸਮਾਂ ਵਿਦੇਸ਼ ਵਿੱਚ ਦੋਭਾਸ਼ੀਆ ਦਾ ਕੰਮ ਵੀ ਕੀਤਾ। 15 ਸਾਲ ਦੀ ਉਮਰ ਵਿੱਚ 1905 ਵਿੱਚ ਉਹ ਬਗਾਵਤੀ ਸੁਰਾਂ ਅਲਾਪਣ ਲੱਗ ਗਿਆ ਸੀ। ਹਾਲਾਂ ਕਿ ਉਸ ਦਾ ਪਿਤਾ ਬਰਤਾਨਵੀ ਫ਼ੌਜ ਵਿੱਚ ਸੂਬੇਦਾਰ ਸੀ। ਅੰਗਰੇਜ਼ਾਂ ਦੀ ਪੁਲਸ ਤੋਂ ਬਚਣ ਲਈ ਉਹ 5 ਮਈ 1908 ਨੂੰ 18 ਸਾਲ ਦੀ ਅੱਲ੍ਹੜ ਉਮਰ ਵਿੱਚ ਹੀ ਅਮਰੀਕਾ ਜਾਣ ਲਈ ਕਲਕੱਤੇ ਤੋਂ ਆਪਣੇ ਭਰਾ ਦੇ ਨਾਲ ਜਹਾਜ਼ ਚੜ੍ਹਿਆ, ਪ੍ਰੰਤੂ ਰਾਹ ਵਿੱਚ ਹੀ ਪਹਿਲਾਂ ਹਾਂਗਕਾਂਗ ਆਪਣੇ ਭਰਾ ਪਾਲਾ ਸਿੰਘ ਨਾਲ ਤੇ ਫਿਰ ਹੋਨੋਲੂਲੂ ਵਿੱਚ ਠਹਿਰ ਗਿਆ, ਕਿਉਂਕਿ ਉਸ ਨੂੰ ਦੱਸਿਆ ਗਿਆ ਕਿ ਸ਼ਾਇਦ ਅਮਰੀਕਾ ਵੜਨ ਨਾ ਦਿੱਤਾ ਜਾਵੇ। ਉਥੇ ਉਸ ਨੇ ਪਹਿਲਾਂ ਗੰਨਾ ਫਾਰਮ ਵਿੱਚ ਥੋੜ੍ਹੀ ਤਨਖ਼ਾਹ 'ਤੇ ਅਤਿ ਕਠਨ ਕੰਮ ਕੀਤਾ ਅਤੇ ਫਿਰ ਸੈਟਲ ਹੋਣ ਲਈ ਕਈ ਪਾਪੜ ਵੇਲੇ। ਅਖ਼ੀਰ 1910 ਵਿੱਚ ਅਮਰੀਕਾ ਦੇ ਸਨਫਰਾਂਸਿਸਕੋ ਸ਼ਹਿਰ ਵਿੱਚ ਪਹੁੰਚ ਗਿਆ। ਉਥੇ ਦੋਭਾਸ਼ੀਏ ਦਾ ਕੰਮ ਕਰਦਾ ਰਿਹਾ। ਪਰਵਾਸ ਵਿੱਚ ਉਹ ਆਪਣੀ ਰੋਜ਼ੀ-ਰੋਟੀ ਕਮਾਉਣ ਦੇ ਨਾਲ ਹੀ ਗਦਰੀ ਲਹਿਰ ਵਿੱਚ ਕੰਮ ਕਰਦਾ ਰਿਹਾ। ਪਰਵਾਸ ਵਿੱਚ ਰਹਿੰਦਿਆਂ ਉਹ ਗੁਰੂ ਘਰਾਂ ਵਿੱਚ ਜੋਸ਼ੀਲੇ ਭਾਸ਼ਣ ਦਿੰਦਾ ਰਿਹਾ। ਉਹ ਤਿੰਨ ਵਾਰ 1908, 1951 ਅਤੇ 1969 ਵਿੱਚ ਵਿਦੇਸ਼ ਵਿੱਚ ਗਿਆ ਸੀ। ਉਹ ਲਗਭੱਗ 12 ਸਾਲ ਵਿਦੇਸ਼ ਵਿੱਚ ਰਿਹਾ। ਉਸ ਦਾ ਭਰਾ ਪਾਲਾ ਸਿੰਘ ਕੈਨੇਡਾ ਚਲਾ ਗਿਆ ਤੇ 1912 ਵਿੱਚ ਮੁਨਸ਼ਾ ਸਿੰਘ ਪਾਲਾ ਸਿੰਘ ਕੋਲ ਵੈਨਕੂਵਰ ਪਹੁੰਚ ਗਿਆ। 1914 ਵਿੱਚ ਕਾਮਾਗਾਟਾ ਮਾਰੂ ਜਹਾਜ਼ ਵਿੱਚ ਵਾਪਸ ਭਾਰਤ ਆ ਗਿਆ । ਉਹ ਚੁਸਤ-ਚਲਾਕ ਤੇ ਤੇਜ਼-ਤਰਾਰ ਬਹੁਤ ਸੀ, ਇਸ ਕਰਕੇ ਕਿਸੇ ਪੁਲਸ ਦੇ ਸੂਹੀਏ ਨੂੰ ਆਪਣੇ ਆਪ ਨੂੰ ਬਰਤਾਨੀਆ ਦੀ ਪੁਲਸ ਦਾ ਸੂਹੀਆ ਦੱਸ ਕੇ ਕਾਮਾਗਾਟਾ ਮਾਰੂ ਜਹਾਜ਼ ਵਿੱਚੋਂ ਬਚ ਕੇ ਨਿਕਲਣ ਵਿੱਚ ਸਫਲ ਹੋ ਗਿਆ, ਪ੍ਰੰਤੂ 1915 ਵਿੱਚ ਉਹ ਗ੍ਰਿਫ਼ਤਾਰ ਹੋ ਗਿਆ ਅਤੇ 1920 ਵਿੱਚ ਰਿਹਾਅ ਹੋਇਆ।

**ਸਾਹਿਤਕ ਸਫ਼ਰ** : ਅਜ਼ਾਦੀ ਦੀ ਜੱਦੋਜਹਿਦ ਵਿੱਚ ਉਹ ਦੇਸ਼ ਭਗਤੀ ਦੀਆਂ ਬੀਰ ਰਸੀ ਕਵਿਤਾਵਾਂ ਲਿਖਦਾ ਰਿਹਾ, ਜਿਹੜੀਆਂ ਭਾਰਤੀਆਂ /ਪੰਜਾਬੀਆਂ/ਸਿੱਖਾਂ ਨੂੰ ਦੇਸ਼ ਆਜ਼ਾਦੀ ਦੀ ਚੱਲ ਰਹੀ ਲਹਿਰ ਵਿੱਚ ਸ਼ਾਮਲ ਹੋਣ ਦੀ ਪ੍ਰੇਰਨਾ ਦਿੰਦੀਆਂ ਸਨ। ਉਸ ਦਾ ਸਾਰਾ ਸਾਹਿਤ ਇਨਕਲਾਬੀ ਸੀ। ਨੌਜਵਾਨਾ ਨੂੰ ਕੁਰੇਦਦਾ ਹੋਇਆ ਲਿਖਦਾ ਹੈ:

*ਵਤਨ ਦੀ ਆਪਣੀ ਅਣਖ਼ ਆਨ ਨਾ ਢਾ,*
*ਕਦੀਮੀ ਚਮਕ ਸ਼ਾਨ 'ਤੇ ਖਾਕ ਨਾ ਪਾ।*
*ਓ ਭਾਰਤ ਦਿਆ ਕਮਲਿਆ ਨੌਜਵਾਨਾ,*
*ਦੁਖੀ ਦੇਸ਼ ਨੂੰ, ਕੌਮ ਨੂੰ ਦਾਗ਼ ਨਾ ਲਾ।*
*ਦਿਲ 'ਚ ਇਹੀ ਠਾਣੀ ਵਿਤੋਂ ਵਧ-ਵਧ ਕੇ,*
*ਕੌਮ ਲਈ ਕਰਬਾਨੀਆਂ ਕਰਾਂਗਾ ਮੈਂ।*
*'ਦੁਖੀ' ਦੇਸ਼ ਵਾਸਤੇ ਜੀਆਂਗਾ ਮੈਂ,*
*ਦੇਸ਼ ਵਾਸਤੇ ਮਰਾਂਗਾ ਮੈਂ।*

ਦੇਸ਼ ਦੀ ਆਜ਼ਾਦੀ ਤੋਂ ਬਾਅਦ ਉਸ ਦੀਆਂ ਕਵਿਤਾਵਾਂ, ਕਹਾਣੀਆਂ, ਨਾਵਲ ਅਤੇ ਹੋਰ ਵਾਰਤਕ ਦੀਆਂ ਪੁਸਤਕਾਂ ਦੇ ਵਿਸ਼ੇ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਸੁਧਾਰਵਾਦੀ ਹੋ ਗਏ ਸਨ। ਉਸ ਸਮੇਂ ਮੁੱਖ ਤੌਰ 'ਤੇ ਧਾਰਮਿਕ ਵਿਸ਼ਿਆਂ ਉਪਰ ਲਿਖਦਾ ਰਿਹਾ। 'ਗਦਰ' ਅਖ਼ਬਾਰ ਵਿੱਚ ਉਹ ਹਮੇਸ਼ਾ ਆਪਣੀਆਂ ਕਵਿਤਾਵਾਂ ਪ੍ਰਕਾਸ਼ਤ ਕਰਵਾਉਂਦਾ ਰਹਿੰਦਾ ਸੀ। ਗਦਰ ਪਾਰਟੀ ਦਾ ਸਰਗਰਮ ਮੈਂਬਰ ਸੀ। ਸਮਾਜਿਕ ਕੁਰੀਤੀਆਂ ਅਤੇ ਵਹਿਮਾਂ-ਭਰਮਾਂ ਦਾ ਉਸ ਦੀਆਂ ਕਵਿਤਾਵਾਂ ਖੰਡਨ ਕਰਦੀਆਂ ਸਨ। ਇੱਕ ਕਵਿਤਾ ਵਿੱਚ ਉਹ ਲਿਖਦਾ ਹੈ:

ਜੇ ਕੁਰੀਤਾਂ ਦਾ ਫਾਹਾ ਗਲ ਪਾਇੰਗਾ, ਵਹਿਮਾਂ-ਭਰਮਾਂ ਦੀ ਜ਼ਹਿਰ ਜੋ ਖਾਇੰਗਾ।
ਕਿਸੇ ਨਹੀਂ ਸੁਣਨੀ ਤੇਰੀ ਫਰਿਆਦ ਕੂਕ, ਬਸ 'ਦੁਖੀ' ਫਿਰ ਰੋਂਦਿਆਂ ਮਰ ਜਾਇੰਗਾ।

ਮੁਨਸ਼ਾ ਸਿੰਘ ਦੁਖੀ ਨੇ ਆਪਣੇ ਜੀਵਨ ਵਿੱਚ 35 ਛੋਟੀਆਂ ਤੇ ਵੱਡੀਆਂ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ, ਜਿਨ੍ਹਾਂ ਵਿੱਚੋਂ 17 ਕਾਵਿ ਸੰਗ੍ਰਹਿ ਪ੍ਰੇਮ ਕਾਂਗਾਂ, ਪ੍ਰੇਮ ਬਾਂਗਾਂ, ਪ੍ਰੇਮ ਚਾਂਗਾਂ, ਦੁੱਖ ਹਰਨ, ਦੁੱਖ ਹਰਨ ਪ੍ਰਕਾਸ਼, ਸਾਕਾ ਆਨੰਦਪੁਰ, ਕਲਗੀਵਾਲਾ, ਬੀਰ ਪ੍ਰਕਾਸ਼, ਕਲਗੀਧਰ ਨੂਰ, ਸੁਭਾਗ ਵੈਸਾਖੀ, ਰੱਬੀ ਨੂਰ, ਵੈਸਾਖੀ, ਜੀਵਨ ਲਹਿਰਾਂ, ਸ਼ਹੀਦ, ਦੋ ਨਾਂ ਰਹਿਤ ਖਰੜੇ ਅਤੇ ਵਾਰਤਕ ਸੰਗ੍ਰਹਿ ਗੋਰੇ ਸ਼ਾਹੀ ਜ਼ੁਲਮ, ਦੁਸ਼ਮਣ ਦੀ ਖੋਜ ਭਾਲ, ਜੀਵਨ ਭਾਈ ਅਮਰ ਸਿੰਘ, ਜੀਵਨ ਭਾਈ ਮੋਹਨ ਸਿੰਘ ਵੈਦ, ਸ਼ਹੀਦੀ ਜੀਵਨ, ਸੱਚੇ ਸਿੱਖ ਬਣੋ, ਜੀਵਨ ਭਾਈ ਸੋਭਾ ਸਿੰਘ, ਜੀਵਨ ਜਾਚ, ਨੌਂ ਰਸ, ਤ੍ਰੰਗਣ, ਜੀਵਨ ਸੱਧਰਾਂ, ਖਾਲਸਾਈ ਸ਼ਾਨ, ਅਨੁਵਾਦਿਤ ਕਹਾਣੀਆਂ, ਦੇਸ਼ ਭਗਤੀ (ਨਾਵਲ), ਪਰਾਧੀਨ ਜੀਵਨ ਅਤੇ ਤੁਰਕੀ ਹੂਰ ਸ਼ਾਮਲ ਹਨ। ਗ਼ਦਰ ਲਹਿਰ ਦੇ ਇਤਿਹਾਸ ਦਾ ਦੂਜਾ ਭਾਗ ਉਹ ਲਿਖ ਰਹੇ ਸਨ, ਪ੍ਰੰਤੂ ਮੁਕੰਮਲ ਨਹੀਂ ਕਰ ਸਕੇ।

ਉਹ ਸਫਲ ਪੱਤਰਕਾਰ ਵੀ ਸੀ। ਉਸ ਨੇ 7 ਮਾਸਿਕ/ ਸਪਤਾਹਿਕ ਰਸਾਲਿਆਂ ਦੀ ਸੰਪਾਦਨਾ ਕੀਤੀ, ਜਿਨ੍ਹਾਂ ਵਿੱਚ 'ਮਾਸਿਕ ਕਵੀ' ਕਲਕੱਤੇ ਤੋਂ , 'ਸਪਤਾਹਿਕ ਸਿੰਡੀਕੇਟ' ਨਵੰਬਰ 1928, 'ਸਪਤਾਹਿਕ ਸਾਂਝੀਵਾਲ' ਜੂਨ 1929, 'ਮਾਸਿਕ ਵਿਹਾਰ ਸੁਧਾਰ' 1934, 'ਮਾਸਿਕ ਜੀਵਨ' ਬੰਬਈ ਤੋਂ ਦਸੰਬਰ 1950, 'ਮਾਸਿਕ ਕੌਮੀ ਸੰਦੇਸ਼' 1960 ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਰਸਾਲੇ 'ਦੇਸ਼ ਭਗਤ ਯਾਦਾਂ' 1966 ਆਦਿ ਹਨ।



ਮੁਨਸ਼ਾ ਸਿੰਘ ਦੁਖੀ ਦਾ ਜਨਮ 1 ਜੁਲਾਈ 1890 ਨੂੰ ਪਿੰਡ ਜੰਡਿਆਲਾ ਮੰਜਕੀ, ਜ਼ਿਲ੍ਹਾ ਜਲੰਧਰ ਵਿਖੇ ਰਾਮਗੜ੍ਹੀਆ ਪਰਵਾਰ ਵਿੱਚ ਮਾਤਾ ਮਹਿਤਾਬ ਕੌਰ ਦੀ ਕੁੱਖੋਂ ਪਿਤਾ ਸੂਬੇਦਾਰ ਨਿਹਾਲ ਸਿੰਘ ਦੇ ਘਰ ਹੋਇਆ। ਉਸ ਦੇ ਪਿਤਾ ਦਾ ਜੱਦੀ ਪਿੰਡ ਨਕੋਦਰ ਨੇੜੇ ਪੰਡੋਰੀ ਸੀ, ਪ੍ਰੰਤੂ ਪਰਿਵਾਰਕ ਕਾਰਨਾਂ ਕਰਕੇ ਉਸ ਦਾ ਪਿਤਾ ਆਪਣੇ ਨਾਨਕਾ ਪਿੰਡ ਜੰਡਿਆਲਾ ਮੰਜਕੀ ਆ ਕੇ ਵਸ ਗਿਆ ਸੀ। ਉਹ ਪੰਜ ਭਰਾ ਸਨ, ਵੱਡੇ ਬਾਵਾ ਸਿੰਘ ਤੇ ਪਾਲਾ ਸਿੰਘ ਉਸ ਦਾ ਸਾਥ ਨਿਭਾਉਂਦੇ ਰਹੇ ਸਨ। ਮੁੱਢਲੀ ਪੜ੍ਹਾਈ ਉਸ ਨੇ ਪਿੰਡ ਤੋਂ ਪੰਜਵੀਂ ਜਮਾਤ ਤੱਕ ਪ੍ਰਾਪਤ ਕੀਤੀ। ਪੜ੍ਹਾਈ ਵਿੱਚ ਉਹ ਬਹੁਤ ਹੁਸ਼ਿਆਰ ਅਤੇ ਆਪਣੀ ਕਲਾਸ ਦਾ ਮੋਨੀਟਰ ਹੁੰਦਾ ਸੀ। ਉਹ ਚੰਚਲ ਅਤੇ ਸ਼ਰਾਰਤੀ ਸੁਭਾਅ ਦਾ ਸੀ। ਉਰਦੂ ਅਤੇ ਫਾਰਸੀ ਮੌਲਵੀ ਕੋਲੋਂ ਸਿੱਖੀਆਂ। ਗਗੜਾਂ ਦੀ ਧਰਮਸ਼ਾਲਾ ਵਿੱਚ ਭਾਈ ਸੋਭਾ ਸਿੰਘ ਰਹਿੰਦੇ ਸਨ। ਮੁਨਸ਼ਾ ਸਿੰਘ ਨੇ ਉਸ ਕੋਲੋਂ ਬਹੁਤ ਸਾਰੀ ਸਿੱਖਿਆ ਪ੍ਰਾਪਤ ਕੀਤੀ, ਜਿਹੜੀ ਸਾਰੀ ਜ਼ਿੰਦਗੀ ਉਸ ਦੇ ਕੰਮ ਆਈ। ਉਹ ਭਾਈ ਸੋਭਾ ਸਿੰਘ ਨੂੰ ਆਪਣਾ ਮਾਰਗ-ਦਰਸ਼ਕ ਸਮਝਦਾ ਸੀ। ਉਸ ਕੋਲੋਂ ਹੀ ਬਹੁਤ ਸਾਰੀਆਂ ਭਾਸ਼ਾਵਾਂ ਦੀ ਜਾਣਕਾਰੀ ਪ੍ਰਾਪਤ ਕੀਤੀ। ਮੁਨਸ਼ਾ ਸਿੰਘ ਨੇ ਗੁਰਬਾਣੀ ਤੋਂ ਇਲਾਵਾ, ਤੁਲਸੀ ਰਾਮਾਇਣ ਅਤੇ ਹੋਰ ਹਿੰਦੂ ਧਾਰਮਕ ਗ੍ਰੰਥਾਂ ਤੋਂ ਵੀ ਸਿਖਿਆ ਪ੍ਰਾਪਤ ਕੀਤੀ। 30 ਜੂਨ ਨੂੰ ਮੁਨਸ਼ਾ ਸਿੰਘ ਦੁਖੀ ਦਾ 134ਵਾਂ ਜਨਮ ਦਿਵਸ ਕੈਨੇਡਾ ਦੇ ਸਰੀ ਸ਼ਹਿਰ ਦੇ ਗੁਰਦੁਆਰਾ ਬਰੁਕ ਸਾਈਡ ਵਿੱਚ ਮਨਾਇਆ ਗਿਆ। ਇਸ ਮੌਕੇ ਡਾ. ਗੁਰਦੇਵ ਸਿੰਘ ਸਿੱਧੂ, ਭਾਈ ਜੈਤੇਗ ਸਿੰਘ ਅਨੰਤ ਅਤੇ ਸੁਰਿੰਦਰ ਸਿੰਘ ਜੱਬਲ ਸ਼ਾਮਲ ਹੋਏ। ਪੰਜਵੀਂ ਤੋਂ ਬਾਅਦ ਉਹ ਪੜ੍ਹਾਈ ਜਾਰੀ ਨਹੀਂ ਰੱਖ ਸਕਿਆ। ਉਸ ਦਾ ਵਿਆਹ 1925 ਵਿੱਚ ਰਾਜ ਕੌਰ ਨਾਲ ਉਦੋਂ ਹੋਇਆ, ਜਦੋਂ ਉਹ ਰੂਪੋਸ਼ ਹੋ ਕੇ ਕਲਕੱਤੇ ਰਹਿ ਰਿਹਾ ਸੀ। ਉਸ ਦੀਆਂ ਤਿੰਨ ਲੜਕੀਆਂ ਅਤੇ ਦੋ ਲੜਕੇ ਸਨ। 1969 ਵਿੱਚ ਉਹ ਇੰਗਲੈਂਡ ਗਿਆ । ਉਥੇ ਹੀ ਉਸ ਨੂੰ ਅਧਰੰਗ ਦਾ ਦੌਰਾ ਪਿਆ। ਉਸ ਤੋਂ ਬਾਅਦ 26 ਜਨਵਰੀ 1971 ਨੂੰ ਉਹ ਅਧਰੰਗ ਦੀ ਬਿਮਾਰੀ ਤੋਂ ਬਾਅਦ ਲੰਮਾ ਸਮਾਂ ਬਿਮਾਰ ਰਹਿਣ ਕਰਕੇ 80 ਸਾਲ ਦੀ ਉਮਰ ਵਿੱਚ ਸਵਰਗ ਸਿਧਾਰ ਗਿਆ।

**# ਸੰਪਰਕ : 94178-13072**

# ਕਿਸਾਨ ਤੇ ਧਰਤੀ ਹੇਠਲਾ ਪਾਣੀ

**ਗੁਰਿੰਦਰ ਕਲੇਰ**

ਧਰਤੀ ਹੇਠਲਾ ਪਾਣੀ ਦਿਨੋਂ-ਦਿਨ ਘਟਦਾ ਜਾ ਰਿਹਾ ਹੈ। ਇਸ ਦੇ ਘਟਣ 'ਤੇ ਹਰ ਵਿਅਕਤੀ ਫਿਕਰਮੰਦ ਹੈ, ਪਰੰਤੂ ਹਰੇਕ ਵਿਅਕਤੀ ਆਪਣੇ ਵੱਲੋਂ ਕੀਤੀ ਪਾਣੀ ਦੀ ਦੁਰਵਰਤੋਂ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ ਹੋਰਾਂ ਵੱਲ ਉਂਗਲ ਚੁੱਕਦਾ ਹੈ। ਪਾਣੀ ਨੂੰ ਬਚਾਉਣ ਦੀ ਕਿਸੇ ਇਕ ਵਿਅਕਤੀ ਦੀ ਡਿਊਟੀ ਨਹੀਂ, ਸਮੁੱਚੇ ਸਮਾਜ ਨੂੰ ਸੁਚੇਤ ਹੋਣ ਤੇ ਪਾਣੀ ਬਚਾਉਣ ਦੀ ਲੋੜ ਹੈ। ਜੇਕਰ ਪਾਣੀ ਦੀ ਦੁਰਵਰਤੋਂ ਸੰਬੰਧੀ ਕਿਸਾਨਾਂ ਦੀ ਗੱਲ ਕੀਤੀ ਜਾਵੇ ਤਾਂ ਇਹਨਾਂ ਨੂੰ ਪਾਣੀ ਦੀ ਵਰਤੋਂ ਮਜਬੂਰੀਵੱਸ ਫਸਲ ਪਾਲਣ ਲਈ ਕਰਨੀ ਪੈਂਦੀ ਹੈ । ਪਾਣੀ ਦੀ ਜ਼ਿਆਦਾ ਵਰਤੋਂ ਝੋਨੇ ਦੇ ਸੀਜ਼ਨ ਵਿਚ ਕਰਨੀ ਪੈਂਦੀ ਹੈ। ਇਸ ਸੀਜ਼ਨ ਵਿਚ ਜੂਨ - ਜੁਲਾਈ ਦੀ ਅੱਗ ਵਰ੍ਹਦੀ ਗਰਮੀ ਵਿੱਚ ਫਸਲ ਨੂੰ ਪਾਲਣ ਲਈ ਲਗਾਤਾਰ ਚਲਦੀਆਂ ਮੋਟਰਾਂ ਇਹ ਮਹਿਸੂਸ ਕਰਵਾ ਰਹੀਆਂ ਹੁੰਦੀਆਂ ਹਨ ਕਿ ਧਰਤੀ ਹੇਠਲਾ ਪਾਣੀ ਕੁਝ ਦਿਨ ਦਾ ਹੀ ਮਹਿਮਾਨ ਰਹਿ ਗਿਆ ਹੈ। ਜਦੋਂ ਝੋਨਾ ਲਗਾਉਣ ਦਾ ਸੀਜ਼ਨ ਸ਼ੁਰੂ ਹੁੰਦਾ ਹੈ ਤਾਂ ਸੋਸ਼ਲ ਮੀਡੀਆ, ਅਖਬਾਰਾਂ ਆਦਿ 'ਚ ਪਾਣੀ ਬਚਾਉਣ ਦੀਆਂ ਪੋਸਟਾਂ, ਖਬਰਾਂ ਆਦਿ ਦੀ ਭਰਮਾਰ ਮਿਲ ਜਾਂਦੀ ਹੈ। ਇਹਨਾਂ ਵਿਚਾਰਾਂ ਵਿੱਚੋਂ ਸੋਸ਼ਲ ਮੀਡੀਆ 'ਤੇ ਇਕ ਵਿਚਾਰ ਮੈਨੂੰ ਪੜ੍ਹਨ ਲਈ ਇਹ ਮਿਲਿਆ ਕਿ ਕਿਸਾਨਾਂ ਨੂੰ ਉਹ ਫਸਲਾਂ ਹੁਣ ਤੋਂ ਹੀ ਉਗਾਉਣੀਆਂ ਚਾਹੀਦੀਆਂ ਹਨ, ਜੋ ਇਹ ਜਦ ਪਾਣੀ ਖਤਮ ਹੋਣ ਦੀ ਸੂਰਤ ਵਿੱਚ ਉਗਾਉਣਗੇ। ਇੱਥੇ ਮਨ ਵਿੱਚ ਇਹ ਵਿਚਾਰ ਉੱਠਦਾ ਹੈ ਕਿ ਜੇਕਰ ਇਹ ਪੋਸਟ ਪਾਉਣ ਵਾਲਾ ਵਿਅਕਤੀ ਉਹਨਾਂ ਫਸਲਾਂ ਦੇ ਨਾਂਅ ਵੀ ਲਿਖ ਦਿੰਦੇ ਤਾਂ ਜ਼ਿਆਦਾ ਵਧੀਆ ਹੁੰਦਾ ਅਤੇ ਉਹਨਾਂ ਫਸਲਾਂ ਵਿੱਚੋਂ ਕਿਹੜੀ-ਕਿਹੜੀ ਫਸਲ 'ਤੇ ਸਰਕਾਰ ਖਰੀਦ ਕਰੇਗੀ। ਇਹ ਵੀ ਦੱਸਣਾ ਜ਼ਰੂਰੀ ਸੀ। ਕਿਸਾਨ ਵੀ ਪਾਣੀ ਪ੍ਰਤੀ ਫਿਕਰਮੰਦ ਹਨ, ਪਰੰਤੂ ਕਿਸਾਨ ਦੀਆਂ ਮੁੱਢਲੀਆਂ ਲੋੜਾਂ ਰੋਟੀ, ਕੱਪੜਾ, ਮਕਾਨ ਦੇ ਨਾਲ-ਨਾਲ ਜੰਮਣ, ਮਰਨ, ਬਿਮਾਰੀਆਂ, ਬੱਚਿਆਂ ਦੀ ਪੜ੍ਹਾਈ, ਵਿਆਹ-ਸ਼ਾਦੀ, ਘਰ- ਗ੍ਰਸਤੀ, ਮਹਿੰਗੀਆਂ ਖਾਦਾਂ ਦਵਾਈਆਂ, ਮਜ਼ਦੂਰੀ ਰੇਟ, ਖੇਤ ਦੀ ਵਹਾਈ, ਬਜਾਈ, ਕਟਾਈ ਆਦਿ ਦਾ ਖਰਚਾ ਉਸ ਨੂੰ ਕਣਕ-ਝੋਨੇ ਦੀ ਫਸਲ ਬੀਜਣ ਲਈ ਮਜਬੂਰ ਕਰ ਦੇਦੇ ਹਨ। ਕਿਉਂਕਿ ਇਹਨਾਂ ਫਸਲਾਂ ਵੇਚਣ 'ਤੇ ਕਿਸਾਨ ਨੂੰ ਲਗਭਗ ਪੱਕਾ ਰੇਟ (ਐੱਮ ਐੱਸ ਪੀ) ਮਿਲ ਜਾਂਦੀ ਹੈ। ਬਹੁਤ ਸਾਰੀਆਂ ਉਹ ਫਸਲਾਂ ਹਨ ਜਿਨ੍ਹਾਂ ਨੂੰ ਬੀਜਣ ਦੀ ਸਰਕਾਰ ਸਿਫਾਰਸ਼ ਕਰਦੀ ਹੈ। ਪਰ ਉਹਨਾਂ ਫਸਲਾਂ ਦਾ ਪੱਕਾ ਰੇਟ ਸਰਕਾਰ ਵੱਲੋਂ ਤਹਿ ਨਹੀਂ ਕੀਤਾ ਗਿਆ। ਸਾਡੇ ਦੇਸ਼ ਦੇ ਬਹੁਗਿਣਤੀ ਕਿਸਾਨ 3-4 ਏਕੜ ਜ਼ਮੀਨ ਦੇ ਮਾਲਕ ਹਨ। ਜੇਕਰ ਇਹਨਾਂ ਨੂੰ ਛੇ ਮਹੀਨੇ ਪਾਲੀ ਗਈ ਫਸਲ ਦਾ ਸਹੀ ਰੇਟ ਨਹੀਂ ਮਿਲੇਗਾ ਤਾਂ ਉਹਨਾਂ ਦਾ ਘਰ ਕਿਵੇਂ ਚੱਲੇਗਾ। ਉਸ ਦੀ ਬਾਂਹ ਕੌਣ ਫੜੇਗਾ। ਜੇਕਰ ਕਿਸਾਨਾਂ ਵੱਲੋਂ ਕਣਕ ਦੇ ਨਾੜ ਨੂੰ ਅੱਗ ਲਾਉਣ ਦੀ ਗੱਲ ਕੀਤੀ ਜਾਵੇ ਤਾਂ ਉਹਨਾਂ ਵੱਲੋਂ ਇਹ ਉੱਤਰ ਦਿੱਤਾ ਜਾਂਦਾ ਹੈ ਕਿ ਜੇਕਰ ਇਸ ਨੂੰ ਅੱਗ ਨਾ ਲਗਾਈਏ ਤਾਂ ਇਹ ਸਖਤ ਹੋਣ ਕਾਰਨ ਗਲਦੇ ਨਹੀਂ। ਜਦੋਂ ਝੋਨਾ ਉਗਾਇਆ ਜਾਂਦਾ ਹੈ ਤਾਂ ਇਹ ਝੋਨੇ ਦੇ ਬੂਟਿਆਂ ਨੂੰ ਗਾਲ ਦਿੰਦਾ ਹੈ। ਝੋਨਾ ਲਗਾਉਣ ਸਮੇਂ ਕਈ ਵਾਰ ਇਹਨਾਂ ਤਿੱਖੇ ਤਿੱਲ੍ਹਿਆਂ ਨਾਲ ਮਜ਼ਦੂਰਾਂ ਕਿਸਾਨਾਂ ਦੇ ਪੈਰ ਵੀ ਜ਼ਖ਼ਮੀ ਹੋ ਜਾਂਦੇ ਹਨ। ਜੇਕਰ ਇਸ ਕਣਕ ਦੇ ਨਾੜ ਨੂੰ ਮਸ਼ੀਨਰੀ ਨਾਲ ਕੁਤਰਨ ਦੀ ਗੱਲ ਕੀਤੀ ਜਾਵੇ ਤਾਂ ਇਸ 'ਤੇ ਇੰਨਾ ਖਰਚਾ ਆ ਜਾਂਦਾ ਹੈ ਕਿ ਕਿਸਾਨ ਦੀ ਪਹੁੰਚ ਤੋਂ ਬਾਹਰ ਹੋ ਜਾਦਾ ਹੈ। ਅੱਜ ਤੋਂ 5-10 ਸਾਲ ਪਹਿਲਾਂ ਸਰਕਾਰ ਵੱਲੋਂ ਸੁਸਾਇਟੀਆਂ ਨੂੰ ਖੇਤੀ ਮਸ਼ੀਨਰੀ ਟਰੈਕਟਰ ਆਦਿ ਕਿਸਾਨਾਂ ਦੀ ਸਹੂਲਤ ਲਈ ਦਿੱਤੇ ਗਏ ਸਨ, ਪਰ ਇਸ ਮਸ਼ੀਨਰੀ ਦੀ ਜ਼ਿਆਦਾ ਵਰਤੋਂ ਵੱਡੇ ਕਿਸਾਨ ਤੇ ਪਹੁੰਚ ਵਾਲੇ ਕਿਸਾਨਾਂ ਨੂੰ ਹੀ ਮਿਲਦੀ ਸੀ। ਅੱਜ ਦੇ ਸਮੇਂ ਬਹੁਤੀਆਂ ਸੁਸਾਇਟੀਆਂ ਵਿੱਚ ਇਹ ਮਸ਼ੀਨਰੀ ਕਵਾਰ ਬਣ ਕੇ ਪਈ ਹੈ। ਇਸ ਸਮੇਂ ਸਾਡੇ ਆਪਣੇ ਰਾਜ ਦੇ ਬਹੁਤ ਸਾਰੇ ਰਜਵਾਹੇ (ਪਾਣੀ ਦੇ ਸੂਏ) ਗੰਦਗੀ ਘਾਹ-ਫੂਸ ਨਾਲ ਭਰੇ ਪਏ ਹਨ। ਉਹਨਾ ਦੀ ਹੁਣ ਤੱਕ ਸਫਾਈ ਨਹੀਂ ਕੀਤੀ ਗਈ। ਇਹ ਨਹਿਰੀ ਪਾਣੀ ਹਰ ਕਿਸਾਨ ਦੇ ਖੇਤਾਂ ਨੂੰ ਨਹੀਂ ਜਾਂਦਾ। ਜਿਨ੍ਹਾਂ ਖੇਤਾਂ ਤੱਕ ਜਾਂਦਾ ਵੀ ਹੈ, ਉੱਥੋਂ ਦੇ ਕਿਸਾਨਾਂ ਨੂੰ ਪਾਣੀ ਵਾਰੀ ਸਿਰ ਮਿਲਦਾ ਹੈ। ਜ਼ਿਆਦਾਤਰ ਇਕ ਕਿਸਾਨ ਦੀ ਵਾਰੀ ਹਫਤੇ ਬਾਅਦ ਆਉਂਦੀ ਹੈ, ਪਰ ਝੋਨੇ ਦੀ ਫਸਲ ਨੂੰ ਲੱਗਭੱਗ ਰੋਜ਼ਾਨਾ ਪਾਣੀ ਲਗਾਉਣ ਦੀ ਜ਼ਰੂਰਤ ਪੈਂਦੀ ਹੈ। ਸਾਡੇ ਦੇਸ਼ ਵਿੱਚ ਸੈਂਕੜੇ ਉਹ ਕੰਪਨੀਆਂ ਹਨ, ਜਿਹੜੀਆਂ ਬਹੁਤ ਸਾਰੇ ਪਾਣੀ ਦੀ ਵਰਤੋਂ ਸਾਲ ਦੇ 365 ਦਿਨ ਕਰਦੀਆਂ ਹਨ। ਇਹ ਕੰਪਨੀਆਂ ਦੂਸ਼ਤ ਪਾਣੀ ਨੂੰ ਜ਼ਮੀਨ ਹੇਠ ਭੇਜ ਰਹੀਆਂ ਹਨ, ਪਰ ਇਹ ਵਰਤੋਂ ਜ਼ਿਆਦਾਤਰ ਵੱਡੀਆਂ ਇਮਾਰਤਾਂ ਲੋਕਾਂ ਦੀਆਂ ਅੱਖਾਂ ਤੋਂ ਓਹਲੇ ਹੁੰਦੀ ਹੈ। ਬਹੁਤ ਸਾਰੇ ਹੋਰ ਵੀ ਕਾਰਨ ਹਨ, ਜਿਨ੍ਹਾਂ ਨਾਲ-ਨਾਲ ਪਾਣੀ ਦੀ ਬਰਬਾਦੀ ਹੋ ਰਹੀ ਹੈ। ਜਿਵੇਂ ਵਾਹਨਾਂ ਦੀ ਧਵਾਈ, ਘਰਾਂ ਦੀਆਂ ਟੈਂਕੀਆਂ ਦੇ ਉਪਰ ਦੀ ਵਗਦਾ ਪਾਣੀ ਘਰਾਂ ਵਿੱਚ ਫਰਸ਼ ਆਦਿ ਧੋਣ 'ਤੇ ਜਲ ਵਿਭਾਗ ਦੀਆਂ ਲੀਕ ਪਾਈਪਾਂ ਤੇ ਟੂਟੀਆਂ ਆਦਿ। ਇਹਨਾਂ ਪਾਣੀਆਂ ਦੇ ਮੁੱਦੇ 'ਤੇ ਸਿਆਸੀ ਪਾਰਟੀਆਂ ਤੇ ਸਿਆਸੀ ਲੋਕ ਆਪਣੇ ਸਿਆਸੀ ਤੇ ਨਿੱਜੀ ਹਿਤਾਂ ਦੇ ਸਵਾਰਥ ਤਹਿਤ ਲੋਕਾਂ ਨਾਲ ਸਮੇਂ-ਸਮੇਂ 'ਤੇ ਧੋਖਾ ਕਰਦੇ ਰਹੇ ਹਨ, ਜੋ ਕਿ ਅੱਜ ਵੀ ਜਾਰੀ ਹੈ। ਮੁੱਕਦੀ ਗੱਲ ਇਹ ਕਿ ਕਿਸਾਨਾਂ ਨੂੰ ਚਾਹੀਦਾ ਹੈ ਜਿੱਥੇ ਹੋ ਸਕੇ, ਪਾਣੀ ਨੂੰ ਵੱਧ ਤੋਂ ਵੱਧ ਬਚਾਉਣ। ਜ਼ਿਆਦਾ ਜ਼ਰੂਰੀ ਹੈ ਕਿ ਪੰਜਾਬ ਸਰਕਾਰ ਇਸ ਮਸਲੇ ਨੂੰ ਗੰਭੀਰਤਾ ਨਾਲ ਲਵੇ ਤੇ ਉਹ ਫਸਲਾਂ ਦੀਆਂ ਖੋਜਾਂ ਕਰਵਾਇਆਂ ਜਾਣ, ਜੋ ਘੱਟ ਪਾਣੀ ਨਾਲ ਪਲ ਸਕਣ ਅਤੇ ਕਿਸਾਨਾਂ ਨੂੰ ਉਹਨਾਂ ਫਸਲਾਂ ਦਾ ਭਾਅ ਤੇ ਘੱਟੋ-ਘੱਟ ਸਮਰਥਨ ਮੁੱਲ ਸਮੇਤ ਗਰੰਟੀ ਝੋਨੇ ਨਾਲੋਂ ਵੱਧ ਦਿੱਤਾ ਜਾਵੇ। ਪਿੰਡਾਂ ਵਿੱਚ ਲੋਕਾਂ ਵੱਲੋਂ ਕਬਜ਼ੇ ਕੀਤੇ ਛੱਪੜਾਂ ਨੂੰ ਖਾਲੀ ਕਰਵਾਇਆ ਜਾਵੇ ਜਾਂ ਫਿਰ ਉਹਨਾਂ ਲੋਕਾਂ ਕੋਲੋਂ ਕਬਜ਼ਾ ਕੀਤੀ ਛੱਪੜਾਂ ਦੀ ਜਮੀਨ ਦੇ ਜੁਰਮਾਨੇ ਵਜੋਂ ਪੈਸੇ ਲੈ ਕੇ ਨਵੀ ਜ਼ਮੀਨ ਖਰੀਦ ਕੇ ਤੇ ਕੁਝ ਪੰਚਾਇਤੀ ਜ਼ਮੀਨਾਂ 'ਤੇ ਨਵੇਂ ਛੱਪੜ ਬਣਾਏ ਜਾਣ ਤਾਂ ਜੋ ਮੀਂਹ ਦਾ ਪਾਣੀ ਇਹਨਾਂ 'ਤੇ ਸਟੋਰ ਹੋ ਸਕੇ । ਕਿਹਾ ਜਾਂਦਾ ਹੈ ਕਿ ਨੀਂਦ ਨਾ ਵੇਖੇ ਬਿਸਤਰਾ ਤੇ ਭੁੱਖ ਨਾ ਵੇਖੇ ਮਾਸ। ਅੱਜ ਦਾ ਕਿਸਾਨ ਬਹੁਤ ਸਾਰੀਆਂ ਮੁਸ਼ਕਲਾਂ, ਮਜ਼ਬੂਰੀਆਂ ਨਾਲ ਘਿਰਿਆ ਹੋਇਆ ਹੈ। ਇਸ ਨੂੰ ਇਹ ਫਿਕਰ ਜ਼ਰੂਰ ਸਤਾਉਂਦਾ ਹੈ ਕਿ 17 ਸਾਲ ਬਾਅਦ ਇਹ ਪਾਣੀ ਮੁੱਕ ਜਾਵੇਗਾ, ਜੇਕਰ ਇਸੇ ਤਰ੍ਹਾਂ ਇਸ ਦੀ ਵਰਤੋਂ ਤੇ ਦੁਰਵਰਤੋਂ ਹੁੰਦੀ ਰਹੀ, ਪਰੰਤੂ ਰੋਜ਼ਾਨਾ ਦੀਆਂ ਲੋੜਾਂ ਦੇ ਢਿੱਡ ਦੀ ਭੁੱਖ ਹਰ ਰੋਜ਼ ਇਸ ਦੇ ਲਈ ਨਵੀਆਂ ਚੁਨੌਤੀਆਂ ਪੈਦਾ ਕਰ ਦਿੰਦੇ ਹਨ, ਜਿਸ ਕਰਕੇ ਕਿਸਾਨ ਝੋਨੇ ਦੀ ਫਸਲ ਉਗਾਉਣ 'ਤੇ ਮਜਬੂਰ ਹੋ ਜਾਂਦਾ ਹੈ, ਕਿਉਂਕਿ ਇਸ ਨਾਲ ਚਾਰ ਪੈਸੇ ਉਸ ਦੇ ਘਰ ਆ ਜਾਂਦੇ ਹਨ, ਜਿਨ੍ਹਾਂ ਨਾਲ ਉਸ ਦੀ ਅਗਲੀ ਫਸਲ ਆਉਣ ਤੱਕ ਘਰ ਦਾ ਖਰਚਾ ਚਲਦਾ ਹੈ।

**# ਸੰਪਰਕ : 99145-38888**

# ਵਸਤਾਂ ਦਾ ਜੰਗਲ ਤੇ ਮਨ ਦੀ ਭਟਕਣਾ

ਇੱਕ ਵਾਰ ਇੱਕ ਸੰਨਿਆਸੀ ਕਿਸੇ ਪਹਾੜੀ ਰਸਤੇ 'ਤੇ ਚੱਲ ਰਿਹਾ ਸੀ। ਪਹਾੜ ਦੀ ਚੜ੍ਹਾਈ ਅਤੇ ਸਿਰ 'ਤੇ ਚੁੱਕੇ ਚੀਜ਼ਾਂ-ਵਸਤਾਂ ਦੇ ਭਾਰ ਨੇ ਉਸ ਨੂੰ ਥਕਾ ਦਿੱਤਾ ਸੀ। ਉਹ ਕੁਝ ਕਦਮ ਚਲਦਾ ਤੇ ਸਾਹੋ-ਸਾਹੀ ਹੋ ਕੇ ਰੁਕ ਜਾਂਦਾ। ਇਸ ਦੌਰਾਨ ਇੱਕ ਪਹਾੜੀ ਕੁੜੀ, ਜੋ ਨਿੱਕੇ ਬੱਚੇ ਨੂੰ ਚੱਕੀ ਪਹਾੜ ਦੀ ਚੜ੍ਹਾਈ ਆਰਾਮ ਨਾਲ ਚੜ੍ਹ ਰਹੀ ਸੀ, ਉਸ ਦੇ ਕੋਲ ਦੀ ਲੰਘੀ। ਸੰਨਿਆਸੀ ਨੇ ਉਤਸੁਕ ਹੋ ਕੇ ਕੁੜੀ ਨੂੰ ਪੁੱਛਿਆ, "ਬੇਟੀ ਤੂੰ ਏਨਾ ਭਾਰ ਲੈ ਕੇ ਕਿਵੇਂ ਆਰਾਮ ਨਾਲ ਚਲਦੀ ਜਾ ਰਹੀ ਏਂ ?" ਉਹ ਨਿੱਕੀ ਕੁੜੀ ਬੋਲੀ, "ਤੁਹਾਨੂੰ ਦੇਖਣ ਵਿੱਚ ਗਲਤੀ ਲੱਗੀ ਹੈ, ਇਹ ਭਾਰ ਨਹੀਂ, ਇਹ ਤਾਂ ਮੇਰਾ ਭਰਾ ਏ, ਭਾਰ ਤਾਂ ਤੁਸੀਂ ਚੁੱਕਿਆ ਹੋਇਆ ਹੈ।" ਜਿਊਣ ਲਈ ਜਿਸ ਦੀ ਵੱਧ ਲੋੜ ਹੁੰਦੀ ਹੈ, ਉਸ ਨੂੰ ਅਕਸਰ ਅਸੀਂ ਅਣਗੌਲਿਆਂ ਕਰੀ ਰੱਖਦੇ ਹਾਂ ਅਤੇ ਸਾਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਅਸੀਂ ਕਿੰਨੀ ਹੀ ਤਰ੍ਹਾਂ ਦੇ ਵਾਧੂ ਬੋਝ ਉਮਰ ਭਰ ਢੋਂਦੇ ਰਹਿੰਦੇ ਹਾਂ।

ਦੁਨੀਆਂ ਨੂੰ ਜਿੱਤਣ ਦਾ ਸੁਪਨਾ ਲੈ ਕੇ ਮਕਦੂਨੀਆਂ ਤੋਂ ਤੁਰੇ ਸਿਕੰਦਰ ਬਾਦਸ਼ਾਹ ਦਾ ਸਾਹਮਣਾ ਜਦੋਂ ਡਾਇਓਜੀਨ ਨਾਂਅ ਦੇ ਫਕੀਰ ਨਾਲ ਹੋਇਆ। ਸਿਕੰਦਰ ਨੇ ਕਿਹਾ, "ਦੁਨੀਆਂ ਨੂੰ ਜਿੱਤਣ ਦਾ ਸੁਪਨਾ ਲੈ ਕੇ ਘਰੋਂ ਤੁਰਿਆ, ਮੈਂ ਉਹ ਸਿਕੰਦਰ ਹਾਂ, ਜਿਸ ਦੇ ਪੈਰਾਂ ਹੇਠ ਸਲਤਨਤਾਂ ਝੁਕਦੀਆਂ ਨੇ, ਤੁਹਾਨੂੰ ਮਿਲਣ ਆਇਆ ਹਾਂ, ਜੋ ਚਾਹੋ ਪਲ ਵਿੱਚ ਤੁਹਾਡੇ ਲਈ ਹਾਜ਼ਿਰ ਕਰ ਸਕਦਾ ਹਾਂ। ਉੱਠ ਕੇ ਮੇਰੇ ਨਾਲ ਵਾਰਤਾਲਾਪ ਕਰੋ।" ਆਪਣੀ ਝੌਂਪੜੀ ਦੇ ਬਾਹਰ ਧੁੱਪ ਸੇਕ ਰਹੇ ਡਾਇਓਜੀਨ ਨੇ ਕਿਹਾ, "ਜੇ ਮੇਰੇ ਲਈ ਕੁਝ ਕਰ ਸਕਦੇ ਹੋ ਤਾਂ ਥੋੜ੍ਹਾ ਜਿਹਾ ਪਾਸੇ ਹੋ ਕੇ ਖੜੋਵੋ, ਜ਼ਰਾ ਕੁ ਧੁੱਪ ਆਉਣ ਦਿਓ, ਹੋਰ ਕੁਝ ਨਹੀਂ ਚਾਹੀਦਾ।" ਬੇਪ੍ਰਵਾਹ ਡਾਇਓਜੀਨ ਸਾਹਵੇਂ ਚਿੱਥੇ ਪੈ ਕੇ ਸਿਕੰਦਰ ਨੇ ਫਿਰ ਪੁੱਛਿਆ ਇਹ ਬੇਪ੍ਰਵਾਹੀ ਕਿੱਥੋਂ ਆਈ ਹੈ। ਤਾਂ ਡਾਇਓਜੀਨ ਨੇ ਜਵਾਬ ਦਿੱਤਾ ਇਹ ਬੇਪ੍ਰਵਾਹੀ ਉਦੋਂ ਆਉਂਦੀ ਹੈ, ਜਦੋਂ ਬੰਦਾ ਅੰਦਰੋਂ ਭਰਿਆ ਹੋਇਆ ਹੁੰਦਾ ਹੈ, ਜਦੋਂ ਅੰਦਰੋਂ ਖਾਲੀ ਹੋਵੇ ਤਾਂ ਉਹ ਦੁਨੀਆਂ ਭਰ ਦੀ ਧਨ- ਦੌਲਤ ਨੂੰ ਇਕੱਠਾ ਕਰਨ ਲਈ ਹਰ ਹਰਬਾ ਵਰਤਦਾ ਹੈ, ਦਿਨ-ਰਾਤ ਭੱਜਦਾ ਹੈ। ਜਿੰਨਾ ਵੱਧ ਖਾਲੀ ਹੁੰਦਾ ਹੈ, ਓਨਾ ਵਧੇਰੇ ਭਰਨ ਦੀ ਕੋਸ਼ਿਸ਼ ਕਰਦਾ ਹੈ। ਅਗਲੇ ਪਲ ਖਲਾਅ ਹੋਰ ਵਧਦਾ ਜਾਂਦਾ ਹੈ, ਇਹ ਖਲਾਅ ਕਦੇ ਨਹੀਂ ਭਰਦਾ, ਬੰਦਾ ਸਾਰੀ ਹਯਾਤੀ ਇਸ ਨੂੰ ਭਰਨ ਦੀ ਕੋਸ਼ਿਸ਼ ਵਿੱਚ ਰਹਿੰਦਾ ਹੈ, ਪਰ ਖਲਾਅ ਕਿਸੇ ਕਾਲੇ ਹਨੇਰੇ ਖੂਹ ਵਾਂਗ ਹੋਰ ਅੱਗੇ ਹੀ ਅੱਗੇ ਵਧਦਾ ਜਾਂਦਾ ਹੈ। ਸਾਡੇ ਮਨਾਂ ਅੰਦਰਲਾ ਸਿਕੰਦਰ ਹਰ ਰੋਜ਼ ਹੋਰ ਇਕੱਠਾ ਕਰਨ ਲਈ ਦਿਨ-ਰਾਤ ਭਟਕਦਾ ਹੈ। ਬਜ਼ਾਰ ਨੇ ਇਸ ਭਟਕਣਾ ਨੂੰ ਹਜ਼ਾਰਾਂ ਗੁਣਾ ਵਧਾ ਦਿੱਤਾ ਹੈ। ਜਿੱਥੇ ਸਮਾਜ ਦਾ ਵੱਡਾ ਵਰਗ ਆਪਣੀ ਨਿੱਤ ਦਿਨ ਦੀਆਂ ਲੋੜਾਂ ਦੀ ਪੂਰਤੀ ਲਈ ਨੱਠ-ਭੱਜ ਕਰਦਾ ਹੈ, ਉੱਥੇ ਸਾਧਨ ਸੰਪੰਨ ਲੋਕਾਂ ਦੀ ਖਰੀਦ ਸ਼ਕਤੀ ਵਧਾਉਣ ਲਈ ਨਿੱਤ ਨਵੀਂਆਂ ਤਰਕੀਬਾਂ ਸੋਚੀਆਂ ਜਾ ਰਹੀਆਂ।



**ਗੁਰਚਰਨ ਸਿੰਘ ਨੂਰਪੁਰ**

ਮਨੁੱਖੀ ਲੋੜਾਂ ਦੀ ਪੂਰਤੀ ਲਈ ਨਹੀਂ, ਬਲਕਿ ਮਨੁੱਖ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸਮਝ ਕੇ ਇਸ ਲਈ ਮਸਨੂਈ ਲੋੜਾਂ ਪੈਦਾ ਕਰਨ ਦੀਆਂ ਖੋਜਾਂ ਹੋ ਰਹੀਆਂ ਹਨ। ਭਾਵ ਬਜ਼ਾਰ ਸਾਨੂੰ ਉਹ ਕੁਝ ਵੀ ਖਰੀਦਣ ਲਈ ਉਕਸਾਉਂਦਾ ਹੈ, ਜਿਹਦੀ ਸਾਨੂੰ ਲੋੜ ਨਹੀਂ ਹੁੰਦੀ। ਬਜ਼ਾਰ ਦੀ ਇਹ ਸਮਰੱਥਾ ਹੈ ਕਿ ਇਹ ਇੱਕੋ ਨੁਖਸੇ ਨਾਲ ਮੋਟਿਆਂ ਨੂੰ ਪਤਲੇ ਅਤੇ ਪਤਲਿਆਂ ਨੂੰ ਮੋਟੇ ਹੋਣ ਦਾ ਦਾਹਵਾ ਕਰਕੇ ਸਫਲਤਾਪੂਰਵਕ ਆਪਣਾ ਸੌਦਾ ਵੇਚ ਸਕਦਾ ਹੈ। ਖਾਹਸ਼ਾਂ ਦੀ ਪੂਰਤੀ ਲਈ ਹਵਨ ਸਮੱਗਰੀਆਂ ਵੇਚੀਆਂ ਜਾ ਰਹੀਆਂ ਹਨ। ਕਰਾਮਾਤੀ ਢੰਗ ਨਾਲ ਕਿਸਮਤ ਬਦਲਣ ਦੇ ਗੁਰ ਵੇਚੇ ਜਾ ਰਹੇ ਹਨ। ਤਰੱਕੀ ਦੇ ਸ਼ਾਰਟਕੱਟ ਰਸਤੇ ਸੁਝਾਏ ਜਾ ਰਹੇ ਹਨ। ਵੱਡੇ-ਛੋਟੇ ਟੋਟਕੇ ਦੱਸ ਕੇ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣ ਦੀਆਂ ਤਰਕੀਬਾਂ ਵੇਚੀਆਂ ਜਾ ਰਹੀਆਂ ਹਨ। ਸਕੂਲਾਂ, ਕਾਲਜਾਂ ਵਿੱਚ ਬੱਚਿਆਂ ਨੂੰ ਨਿੱਗਰ ਕਦਰਾਂ-ਕੀਮਤਾਂ ਨਹੀਂ, ਬਲਕਿ ਵਿਸ਼ਾ ਮਾਹਰ ਪੈਦਾ ਕਰਨ ਦੀ ਕਵਾਇਦ ਚੱਲ ਰਹੀ ਹੈ। ਸਿੱਖਿਆ ਨੂੰ ਹੁਣ ਬੱਚਿਆਂ/ਨੌਜੁਆਨਾਂ ਵਿੱਚ ਗੁਣਵੱਤਾ ਪੈਦਾ ਕਰਨ ਲਈ ਨਹੀਂ, ਬਲਕਿ ਪੈਸਾ ਲਾ ਕੇ ਪੈਸਾ ਕਮਾਉਣ ਦੇ ਸਾਧਨ ਵਜੋਂ ਵੇਖਿਆ ਜਾ ਰਿਹਾ ਹੈ। ਸਿੱਖਿਆ ਦੇਣ ਵਾਲੇ ਹੁਣ ਪਰਉਪਕਾਰੀ ਨਹੀਂ, ਰਹੇ ਬਲਕਿ ਵਪਾਰੀ ਬਣ ਗਏ ਹਨ, ਸਿੱਖਿਆ ਲੈਣ ਵਾਲਿਆਂ ਨੂੰ ਸਿੱਖਿਆਰਥੀ ਨਹੀਂ, ਬਲਕਿ ਇੱਕ ਗਾਹਕ ਵਜੋਂ ਵੇਖਿਆ ਜਾਣ ਲੱਗਿਆ ਹੈ। ਇਹੋ ਕਾਰਨ ਹੈ ਕਿ ਸਿੱਖਿਆ ਨੂੰ ਵੇਚਣ ਵਾਲਿਆਂ ਅਤੇ ਇਸ ਦੇ ਗਾਹਕ ਵਿੱਚ ਆਪਸੀ ਸਬੰਧ ਵਿਗੜ ਰਹੇ ਹਨ। ਨਿੱਗਰ ਕਦਰਾਂ-ਕੀਮਤਾਂ ਦੇ ਅਰਥ ਬਦਲ ਗਏ ਹਨ। ਚੇਨ ਚਲਾ ਕੇ ਵਸਤਾਂ ਵੇਚਣ ਵਾਲੀਆਂ ਕੰਪਨੀਆਂ ਜੋ ਆਪਣੇ ਗਾਹਕਾਂ ਨੂੰ ਵਿਕਰੇਤਾ ਵੀ ਬਣਾ ਲੈਂਦੀਆਂ ਹਨ, ਆਪਣੇ ਗਾਹਕਾਂ ਨੂੰ ਸਿਖਾਉਂਦੀਆਂ ਹਨ ਹੁਣ ਤੱਕ ਕੋਈ ਵੀ ਬੰਦਾ ਹੱਥੀਂ ਮਿਹਨਤ ਕਰਕੇ ਅਮੀਰ ਨਹੀਂ ਹੋਇਆ, ਬਲਕਿ ਅਮੀਰ ਉਹ ਬਣਦਾ ਹੈ, ਜੋ ਹੱਥੀਂ ਕਿਰਤ ਕਰਨ ਦੀ ਬਜਾਏ ਦਿਮਾਗ ਤੋਂ ਕੰਮ ਲਵੇ, ਦੂਜੇ ਅਰਥਾਂ ਵਿੱਚ ਇਹ ਕਿਹਾ ਜਾ ਰਿਹਾ ਹੈ ਕਿ ਅਮੀਰ ਤਾਂ ਹੋ ਸਕਦੇ ਹੋ, ਜੇਕਰ ਤੁਸੀਂ ਚਾਲਬਾਜ਼ੀਆਂ ਕਰਨੀਆਂ ਸਿੱਖ ਜਾਓਗੇ। ਹੱਥੀ ਮਿਹਨਤ ਕਰਨ ਦਾ ਸੰਕਲਪ ਸਮਾਜ 'ਚੋਂ ਮਨਫੀ ਹੋ ਰਿਹਾ ਹੈ, ਪਰ ਬਹੁਤ ਸਾਰੀ ਵਿਅਰਥ ਨੱਠ-ਭੱਜ ਲਗਾਤਾਰ ਵਧ ਰਹੀ ਹੈ। ਮਨ ਦੀ ਭਟਕਣਾ ਦੇ ਵਧਣ ਨਾਲ ਸਮਾਜ ਵਿੱਚ ਕਈ ਤਰ੍ਹਾਂ ਦੇ ਮਾਨਸਿਕ ਵਿਕਾਰ ਪੈਦਾ ਹੋ ਰਹੇ ਹਨ। ਵੱਡੀ ਗਿਣਤੀ ਲੋਕ ਡਿਪਰੈਸ਼ਨ ਦਾ ਸ਼ਿਕਾਰ ਬਣ ਰਹੇ ਹਨ। ਜਦੋਂ ਮਨੁੱਖਾਂ ਦੀਆਂ ਇਛਾਵਾਂ ਬੇਲਗਾਮ ਹੋ ਜਾਣ ਅਤੇ ਕਿਰਤ ਦੇ ਸਾਧਨ ਸੁੰਗੜ ਜਾਣ ਤਾਂ ਲੋਕ ਮਾਨਸਿਕ ਵਿਕਾਰਾਂ ਦੇ ਸ਼ਿਕਾਰ ਹੋਣ ਲੱਗਦੇ ਹਨ। ਜ਼ਿੰਦਗੀ ਦਾ ਸੁਹਜ ਸਵਾਦ ਲਗਾਤਾਰ ਗਵਾਚ ਰਿਹਾ ਹੈ। ਸਾਡੇ ਆਲੇ ਦੁਆਲੇ ਵਸਤਾਂ ਦੇ ਅੰਬਾਰ ਲੱਗ ਗਏ ਹਨ। ਬੇਲਗਾਮ ਖਾਹਸ਼ਾਂ ਦਾ ਸਤਾਇਆ ਮਨੁੱਖ ਲਗਾਤਾਰ ਬੇਚੈਨੀ ਦੇ ਆਲਮ ਵਿੱਚ ਹੈ। ਭਾਵੇਂ ਸਮਾਜ ਦੇ ਬਹੁਤ ਸਾਰੇ ਲੋਕਾਂ ਕੋਲ ਪੈਸਾ ਹੈ, ਪਰ ਖੁਸ਼ਹਾਲੀ ਨਹੀਂ। ਅਮਰੀਕਾ ਵਰਗੇ ਵਿਕਸਤ ਦੇਸ਼ ਜਿੱਥੇ ਪੈਸੇ ਦੀ ਚਮਕ-ਦਮਕ ਸਾਡੇ ਨਾਲੋਂ ਕਿਤੇ ਵੱਧ ਹੈ, ਬਹੁਗਿਣਤੀ ਲੋਕ ਡਿਪਰੈਸ਼ਨ ਦੇ ਸ਼ਿਕਾਰ ਹਨ। ਜੀਵਨ ਦੇ ਨਿਰਬਾਹ ਲਈ ਪੈਸਾ ਜ਼ਰੂਰੀ ਹੈ, ਪਰ ਮਨੁੱਖ ਦੀਆਂ ਸਭ ਸਰਗਰਮੀਆਂ ਹੀ ਪੈਸੇ ਲਈ ਹੋਣ, ਇਹ ਉਸ ਦੀ ਸੋਚ ਦਾ ਦਿਵਾਲੀਆਪਣ ਹੈ। ਜਦੋਂ ਵੀ ਮਨੁੱਖ ਕਿਰਤ ਅਤੇ ਕੁਦਰਤ ਨਾਲੋਂ ਟੁੱਟਦਾ ਹੈ ਤਾਂ ਉਸ ਅੰਦਰ ਕਈ ਤਰ੍ਹਾਂ ਪ੍ਰੇਸ਼ਾਨੀਆਂ, ਮੁਸ਼ਕਲਾਂ, ਸਮੱਸਿਆਵਾਂ ਅਤੇ ਵਿਕਾਰ ਪੈਦਾ ਹੁੰਦੇ ਹਨ। ਸਾਡੇ ਸਮਾਜ ਦੀ ਵੀ ਅਜਿਹੀ ਸਥਿਤੀ ਹੈ। ਅਸੀਂ ਆਪਣੇ ਖਾਸੇ ਨਾਲੋਂ ਟੁੱਟ ਕੇ ਖੋਖਲੇ ਹੋ ਰਹੇ ਹਾਂ। ਇਹਨਾਂ ਖਾਲੀ ਥਾਂਵਾਂ ਨੂੰ ਭਰਨ ਲਈ ਕਈ ਤਰ੍ਹਾਂ ਦੇ ਅਡੰਬਰ ਰਚਣ ਦੀ ਕੋਸ਼ਿਸ਼ ਵਿੱਚ ਹਾਂ। ਆਪਣੀ ਅਹਿਮੀਅਤ ਦਿਖਾਉਣ, ਆਪਣੀ ਹਾਊਮੈਂ ਨੂੰ ਪੱਠੇ ਪਾਉਣ ਦੀ ਮਨੋਬਿਰਤੀ ਸਾਡੇ ਸਮਾਜ ਵਿੱਚ ਲਗਾਤਾਰ ਵਧ ਰਹੀ ਹੈ।

ਕਰਜ਼ੇ ਚੁੱਕ ਕੇ ਵੀ ਵਿਆਹਾਂ-ਸ਼ਾਦੀਆਂ ਤੇ ਵੱਡੇ ਇਕੱਠ ਕਰਨੇ, ਮਹਿੰਗੇ ਖਾਣੇ ਅਤੇ ਮਹਿੰਗੀਆਂ ਸ਼ਰਾਬਾਂ ਦਾ ਚਲਣ, ਬਰਾਤ ਵਿੱਚ ਆਏ ਸਾਕ-ਸਬੰਧੀਆਂ ਨੂੰ ਸੋਨੇ ਦੇ ਕੜੇ, ਮੁੰਦਰੀਆਂ ਦੇ ਥਾਲ ਭਰ ਕੇ ਪੇਸ਼ ਕਰਨੇ, ਮਰਗਾਂ ਦੇ ਭੋਗਾਂ 'ਤੇ ਵੱਡੇ ਇਕੱਠ ਕਰਕੇ ਬੇਹਿਸਾਬਾ ਪੈਸਾ ਖਰਚ ਕਰਨਾ, ਇਹ ਸਭ ਕੁਝ ਮਨ ਦੇ ਖਾਲੀਪਣ ਨੂੰ ਭਰਨ ਦੀ ਵਿਆਰਥ ਕੋਸ਼ਿਸ਼ ਹੀ ਹੈ। ਇੱਕ ਬੰਦੇ ਨੇ ਜੇਕਰ ਦੋ ਮੰਜ਼ਲੀ ਕੋਠੀ ਪਾਈ ਹੈ ਤਾਂ ਵਿੱਤੋਂ ਵੱਧ ਪੈਸਾ ਖਰਚ ਕੇ ਉਸ ਦੇ ਬਰਾਬਰ ਜਾਂ ਉਸ ਤੋਂ ਉੱਚੀ ਕੋਠੀ ਪਾ ਕੇ ਪਿੰਡ ਵਿੱਚ ਆਪਣਾ ਮਾਣ-ਸਨਮਾਨ ਬਹਾਲ ਕਰਨ ਦੀ ਕੋਸ਼ਿਸ਼ ਕਰਨਾ ਇਹ ਦਰਸਾਉਂਦਾ ਹੈ ਕਿ ਅਸੀਂ ਅੰਦਰੋਂ ਭਰੇ ਹੋਏ ਨਹੀਂ ਹਾਂ, ਕਿਸੇ ਭਟਕਣਾ ਦੇ ਸ਼ਿਕਾਰ ਹਾਂ। ਜੇਕਰ ਇਹ ਵਿਚਾਰਿਆ ਜਾਵੇ ਕਿ ਪਿੰਡ ਵਿੱਚ ਰਹਿੰਦੇ ਚਾਲੀ ਪੰਜਾਹ ਘਰ ਸਾਡੀ ਬਹਿਜਾ-ਬਹਿਜਾ ਨਾ ਵੀ ਕਰਨ ਤਾਂ ਕੀ ਫਰਕ ਪਵੇਗਾ ? ਆਪਣੇ ਆਲੇ-ਦੁਆਲੇ ਰਹਿੰਦੇ ਲੋਕਾਂ ਵਿੱਚ ਸਾਡੇ ਕਰਜ਼ਾ ਚੁੱਕ ਕੇ ਪਾਏ ਘਰ ਦੀ ਚਰਚਾ ਜੇਕਰ ਨਾ ਵੀ ਹੋਵੇਗੀ ਤਾਂ ਕੀ ਅਸੀਂ ਇਸ ਨਾਲ ਛੋਟੇ ਪੈ ਜਾਵਾਂਗੇ ? ਕਿਸੇ ਸਮੇਂ ਧਰਮ-ਕਰਮ ਨਾਲ ਜੁੜੀਆਂ ਗਤੀਵਿਧੀਆਂ ਅਤੇ ਮਾਨਵਾਦੀ ਸੋਚਾਂ ਵਾਲੇ ਇਨਸਾਨ ਮਨੁੱਖ ਨੂੰ ਲੋਭ, ਲਾਲਚ, ਇਛਾਵਾਂ, ਲਾਲਸਾਵਾਂ ਤੋਂ ਸੁਚੇਤ ਰਹਿਣ ਦੀ ਗੱਲ ਕਰਦੇ ਸਨ। ਸਾਡੀ ਲੋਕਧਾਰਾ ਕਹਿੰਦੀ ਹੈ, 'ਸਾਢੇ ਤਿੰਨ ਹੱਥ ਧਰਤੀ ਤੇਰੀ, ਬਹੁਤੀਆਂ ਜਗੀਰਾਂ ਵਾਲਿਆ।'

ਅਜਿਹੀਆਂ ਸਿਖਿਆਵਾਂ ਮਨੁੱਖ ਨੂੰ ਲੁੱਟ-ਖਸੁੱਟ ਕਰਕੇ ਧਨ ਇਕੱਠਾ ਕਰਨ ਤੋਂ ਸੁਚੇਤ ਕਰਦੀਆਂ ਸਨ, ਪਰ ਅੱਜ ਦੇ ਦੌਰ ਵਿੱਚ ਆਮ ਲੋਕਾਂ ਦੀ ਧਾਰਮਿਕ ਪੱਖੋਂ ਅਗਵਾਈ ਕਰਨ ਵਾਲੇ ਵੀ ਮਾਇਆ ਦੇ ਇਸ ਤਲਿਸਮੀ ਵਹਿਣ ਵਿੱਚ ਵਹਿ ਗਏ ਹਨ। ਮੋਹ ਮਾਇਆ ਤੋਂ ਸੁਚੇਤ ਰਹਿਣ ਦਾ ਹੋਕਾ ਦੇਣ ਅਤੇ ਮਾਇਆ ਨੂੰ ਨਾਗਣੀ ਦੱਸਣ ਵਾਲਿਆਂ ਨੇ ਹੀ ਸਭ ਤੋਂ ਵੱਧ ਮਾਇਆ ਇਕੱਠੀ ਕੀਤੀ। ਵੱਡੇ-ਵੱਡੇ ਡੇਰੇ, ਮਹਿੰਗੇ ਠਾਠਬਾਠ, ਮਹਿੰਗੀਆਂ ਗੱਡੀਆਂ ਅਤੇ ਵੱਡੇ ਵੱਡੇ ਅਡੰਬਰ ਰਚਾ ਕੇ ਇਹਨਾਂ ਵਿੱਚ ਇੱਕ-ਦੂਜੇ ਤੋਂ ਵੱਧ ਮਹਿਮਾ ਕਰਾਉਣ ਦੀ ਦੌੜ ਲੱਗੀ ਹੋਈ ਹੈ। ਸ਼ਰਧਾ ਨੂੰ ਕਾਰੋਬਾਰ ਬਣਾ ਲਿਆ ਗਿਆ ਹੈ ਅਤੇ ਇਸ ਤੋਂ ਮੋਟੀਆਂ ਕਮਾਈਆਂ ਕਰਕੇ ਵੱਧ ਤੋਂ ਵੱਧ ਧਨ ਇਕੱਠਾ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਮਨ ਦੀ ਭਟਕਣਾ ਨੂੰ ਸ਼ਾਂਤ ਕਰਨ ਕਰਨ ਲਈ ਲਾਲਸਾਵਾਂ ਲਗਾਤਾਰ ਵਧਦੀਆਂ ਰਹਿੰਦੀਆਂ ਹਨ। ਅਸੀਂ ਸਭ ਇਸ ਧਰਤੀ 'ਤੇ ਕੁਝ ਸਮਾਂ ਰਹਿਣ ਲਈ ਆਏ ਹਾਂ। ਅਸੀਂ ਇਸ ਮਿੱਟੀ ਤੋਂ ਪੈਦਾ ਹੋਏ ਅਤੇ ਇੱਕ ਨਾ ਇੱਕ ਦਿਨ ਇਸ ਮਿੱਟੀ ਵਿੱਚ ਹੀ ਸਮਾ ਜਾਣਾ ਹੈ। ਇਹ ਧਰਤੀ ਸਾਡੇ ਲਈ ਖੁਰਾਕ ਪੈਦਾ ਕਰਦੀ ਹੈ। ਇਹ ਕੁਦਰਤੀ ਖੁਰਾਕ ਅਤੇ ਕੁਦਰਤੀ ਰਹਿਣ-ਸਹਿਣ ਅਤੇ ਆਪਸੀ ਭਾਈਚਾਰਾ, ਮੋਹ, ਮੁਹੱਬਤ ਹੀ ਮਨੁੱਖ ਲਈ ਚੰਗੀ ਜਿੰਦਗੀ ਜਿਊਣ ਦੀਆਂ ਮੂਲ ਤਰਜੀਹਾਂ ਹੋਣੀਆਂ ਚਾਹੀਦੀਆਂ ਹਨ। ਕਿਸੇ ਵਿਚਾਰਕ ਨੂੰ ਇੱਕ ਸ਼ਖਸ ਨੇ ਪੁੱਛਿਆ, 'ਜ਼ਿੰਦਗੀ ਦਾ ਜਸ਼ਨ ਕਿਸ ਦਿਨ ਮਨਾਉਣਾ ਚਾਹੀਦਾ ਹੈ ?' ਵਿਚਾਰਕ ਦਾ ਜਵਾਬ ਸੀ, 'ਮੌਤ ਤੋਂ ਇੱਕ ਦਿਨ ਪਹਿਲਾਂ।' ਸਵਾਲ ਕਰਨ ਵਾਲੇ ਨੇ ਦੁਬਾਰਾ ਪੁੱਛਿਆ, 'ਮੌਤ ਦਾ ਤਾਂ ਕੋਈ ਭਰੋਸਾ ਹੀ ਨਹੀਂ, ਕਦੋਂ ਵਾਪਰ ਜਾਵੇ।' ਤਾਂ ਵਿਚਾਰਕ ਨੇ ਜਵਾਬ ਦਿੱਤਾ, 'ਹਾਂ, ਇਹੋ ਹੀ ਮੈਂ ਕਿਹਾ ਹੈ, ਹਰ ਦਿਨ ਨੂੰ ਜਸ਼ਨ ਬਣਾ ਕੇ ਜੀਓ।' ਆਓ, ਇਸ ਸਮਾਜ ਨੂੰ ਹੋਰ ਚੰਗਾ ਬਣਾਉਣ ਲਈ ਯਤਨਸ਼ੀਲ ਹੋਈਏ।

***# ਸੰਪਰਕ : 98550-51099***

# ਮਿਡ ਡੇ ਮੀਲ ਕੁੱਕ ਬੀਬੀਆਂ ਵੱਲੋਂ ਨਕੋਦਰ ਚੌਕ ਜਾਮ

## ਕੇਂਦਰ ਤੇ ਪੰਜਾਬ ਸਰਕਾਰ ਵਿਰੁੱਧ ਕੀਤਾ ਪਿੱਟ ਸਿਆਪਾ



ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਕਰਦੀਆਂ ਮਿਡ ਡੇ ਮੀਲ ਕੁੱਕ ਬੀਬੀਆਂ।

**ਮੋਗਾ (ਇਕਬਾਲ ਸਿੰਘ ਖਹਿਰਾ)**-ਜਲੰਧਰ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਕਾਰਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪਣੀ ਪਾਰਟੀ ਦੇ ਉਮੀਦਵਾਰ ਨੂੰ ਜਿਤਾਉਣ ਲਈ ਆਪਣੀ ਸਾਰੀ ਸਰਕਾਰ ਸਮੇਤ ਜਲੰਧਰ ਵਿਖੇ ਡੇਰਾ ਲਾਈ ਬੈਠੇ ਹਨ। ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਲਈ ਦੁਪਹਿਰ ਦਾ ਖਾਣਾ ਬਣਾਉਣ ਵਾਲੀਆਂ ਮਿਡ ਡੇ ਮੀਲ ਕੁੱਕ ਯੂਨੀਅਨ ਪੰਜਾਬ ਦੀਆਂ ਸੈਂਕੜੇ ਕੁੱਕ ਬੀਬੀਆਂ ਨੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੂੰ ਜਲੰਧਰ ਜਾ ਘੇਰਿਆ। ਇਸ ਮੌਕੇ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ, ਪੱਲੇਦਾਰਾਂ ਦੇ ਸੂਬਾ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਨੇ ਅੱਜ ਦੇ ਇਸ ਰੋਸ ਪ੍ਰਦਰਸ਼ਨ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਵਰਕਰਾਂ ਨੂੰ ਸੰਬੋਧਨ ਕੀਤਾ। ਪੰਜਾਬ ਤੋਂ ਵੱਖ ਵੱਖ ਸ਼ਹਿਰਾਂ ਤੋਂ ਆਈਆਂ ਮਿਡ ਡੇ ਮੀਲ ਕੁੱਕ ਬੀਬੀਆਂ ਨੇ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵਿਰੁੱਧ ਨਕੋਦਰ ਚੌਕ ਵਿੱਚ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਕੁੱਕ ਬੀਬੀਆਂ ਨੇ ਉਕਤ ਦੋਨਾਂ ਸਰਕਾਰਾਂ ਦਾ ਰੱਜ ਕੇ ਪਿੱਟ ਸਿਆਪਾ ਕੀਤਾ। ਇਸ ਮੌਕੇ ਨਕੋਦਰ ਚੌਕ ਮਿਡ ਡੇ ਮੀਲ ਕੁੱਕਾਂ ਦੀ ਵਿਸ਼ਾਲ ਗਿਣਤੀ ਕਾਰਨ ਜਾਮ ਹੋ ਗਿਆ। ਇਸ ਮੌਕੇ ਕੁੱਕ ਬੀਬੀਆਂ ਦੀ ਭਾਰੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਮਿਡ ਡੇ ਮੀਲ ਕੁੱਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ, ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਤੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਨੇ ਕਿਹਾ ਕਿ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਰਕਾਰ ਬਣੀ ਨੂੰ ਕਰੀਬ ਢਾਈ ਸਾਲ ਹੋ ਗਏ ਹਨ। ਇਹ ਸਰਕਾਰ ਵੱਲੋਂ ਮਿਡ ਡੇ ਮੀਲ ਕੁੱਕ ਯੂਨੀਅਨ ਨਾਲ ਕਈ ਮੀਟਿੰਗਾਂ ਕਰ ਚੁੱਕੀ ਹੈ, ਪ੍ਰੰਤੂ ਲਾਰੇ ਲੱਪੇ ਲਾਈ ਜਾਂਦੀ ਹੈ, ਪੱਲੇ ਕੁਝ ਨਹੀਂ ਪਾਇਆ। ਚੰਡਾਲੀਆ ਤੇ ਧੀਰ ਨੇ ਕਿਹਾ ਕਿ ਮਿਡ ਡੇ ਮੀਲ ਕੁੱਕ ਜਿਹੜੇ ਸਾਰੀ ਦਿਹਾੜੀ ਅੱਗ ਦੇ ਸੇਕ ਮੂਹਰੇ ਬੈਠ ਕੇ ਬੱਚਿਆਂ ਲਈ ਦੁਪਹਿਰ ਦਾ ਖਾਣਾ ਤਿਆਰ ਕਰਦੀਆਂ ਹਨ ਉਨ੍ਹਾਂ ਕੁੱਕਾਂ ਨੂੰ 3000 ਰੁਪਏ ਮਹੀਨਾ ਜਾਨੀ ਕਿ 100 ਰੁਪਏ ਦਿਹਾੜੀ ਤਨਖਾਹ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਮਿਡ ਡੇ ਮੀਲ ਕੁੱਕਾਂ ਨਾਲ ਗੁਲਾਮਾਂ ਤੋਂ ਵੀ ਵੱਧ ਮਾੜਾ ਸਲੂਕ ਕਰ ਰਹੀ ਹੈ। ਮਿਡ ਡੇ ਮੀਲ ਕੁੱਕ ਯੂਨੀਅਨ ਦੀਆਂ ਮੰਗਾਂ ਦਾ ਖੁਲਾਸਾ ਕਰਦਿਆਂ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ ਨੇ ਕਿਹਾ ਕਿ ਉਨ੍ਹਾਂ ਦੀ ਯੂਨੀਅਨ ਦੀ ਮੁੱਖ ਮੰਗ ਹੈ ਕਿ ਸਾਡੇ ਗੁਆਂਢੀ ਰਾਜ ਹਰਿਆਣਾ ਦੇ ਬਰਾਬਰ ਮਿਡ ਡੇ ਮੀਲ ਕੁੱਕਾਂ ਨੂੰ 7000 ਰੁਪਏ ਮਹੀਨਾ ਤਨਖਾਹ ਦਿੱਤੀ ਜਾਵੇ, ਸਕੂਲਾਂ ਵਿੱਚ ਕੰਮ ਕਰਦੇ ਸਫਾਈ ਸੇਵਕਾਂ ਨੂੰ 10 ਹਜ਼ਾਰ ਰੁਪਏ ਮਹੀਨਾ ਤਨਖਾਹ ਦਿੱਤੀ ਜਾਵੇ ਤੇ ਸਕੂਲਾਂ ਵਿੱਚ ਤਾਇਨਾਤ ਚੌਕੀਦਾਰਾਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਜਾਵੇ। ਇਸ ਮੌਕੇ ਏ ਸੀ ਪੀ ਜਲੰਧਰ ਪੁਲਸ ਨੇ ਮਿਡ ਡੇ ਮੀਲ ਕੁੱਕ ਯੂਨੀਅਨ ਦੇ ਵਰਕਰਾਂ ਤੋਂ ਮੰਗ ਪੱਤਰ ਲਿਆ ਤੇ ਮਿਡ ਡੇ ਮੀਲ ਕੁੱਕ ਯੂਨੀਅਨ ਦੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਖਜ਼ਾਨਾ ਮੰਤਰੀ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਕਮਲਜੀਤ ਕੌਰ, ਰੁਕਸਾਨਾ ਬੇਗਮ, ਮੁਮਤਾਜ ਬੇਗਮ, ਨਰਿੰਦਰ ਕੌਰ, ਪਰਮਜੀਤ ਕੌਰ, ਕਮਲਜੀਤ ਕੌਰ ਮੱਧੋ ਕੇ, ਸੰਧਿਆ ਘਾਰੂ, ਕੁਲਵਿੰਦਰ ਕੌਰ, ਲਵਲੀ, ਸੰਤੋਸ਼, ਅਮਰਜੀਤ ਕੌਰ, ਰਿੰਕੀ, ਲਕਸ਼ਮੀ, ਮਨਜੀਤ ਕੌਰ, ਜਸਵਿੰਦਰ ਕੌਰ, ਸੰਦੀਪ ਕੌਰ, ਬੂਟਾ ਸਿੰਘ, ਹਾਕਮ ਸਿੰਘ, ਕੁਲਵਿੰਦਰ ਸਿੰਘ, ਵੀਰ ਪਾਲ ਕੌਰ, ਗੁਲਾਬ ਕੌਰ, ਸੰਤਰੋ ਦੇਵੀ, ਸੁਮਨ, ਗੁਲਸ਼ਨ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਬਾਈਕਰ ਤੇ ਐਕਟਿਵਾ ਦੀ ਟੱਕਰ 'ਚ ਦੋ ਦੀ ਮੌਤ, ਇੱਕ ਗੰਭੀਰ ਜ਼ਖਮੀ



ਮ੍ਰਿਤਕ ਵਿਵੇਕ ਤੇ ਪਰਮਿੰਦਰ ਕੌਰ ਦੀ ਫਾਈਲ ਫੋਟੋ।

**ਸਮਰਾਲਾ (ਸੁਰਜੀਤ ਸਿੰਘ)**-ਐਤਵਾਰ ਸਵੇਰੇ ਕਰੀਬ 8 ਵਜੇ ਇਥੋਂ ਨਜ਼ਦੀਕੀ ਪਿੰਡ ਕੋਟਲਾ ਸਮਸ਼ਪੁਰ ਵਿਖੇ ਲੁਧਿਆਣਾ-ਚੰਡੀਗੜ੍ਹ ਹਾਈਵੇ 'ਤੇ ਵਾਪਰੇ ਭਿਆਨਕ ਸੜਕ ਹਾਦਸੇ ਵਿੱਚ ਤੇਜ਼ ਰਫ਼ਤਾਰ ਰੇਸਰ ਬਾਇਕਰ ਨੇ ਐਕਟਿਵਾ 'ਤੇ ਸਵਾਰ ਮਾਂ ਅਤੇ ਉਸ ਦੇ ਪੁੱਤ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਦੇ ਨਤੀਜੇ ਵਜੋਂ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਸ ਦਾ ਬੇਟਾ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਸਥਾਨਕ ਸਿਵਲ ਹਸਪਤਾਲ ਵਿੱਚ ਲਿਆਂਦਾ ਗਿਆ।ਜਾਣਕਾਰੀ ਮੁਤਾਬਿਕ ਜ਼ਖਮੀ ਨੂੰ ਲੁਧਿਆਣਾ ਲਈ ਰੈਫਰ ਕਰ ਦਿੱਤਾ ਗਿਆ ਹੈ।ਓਧਰ, ਬਾਈਕਰ ਸਵਾਰ ਦੀ ਵੀ ਮੌਕੇ 'ਤੇ ਹੀ ਮੌਤ ਹੋ ਗਈ।ਦੱਸਿਆ ਜਾਂਦਾ ਹੈ ਕਿ ਟੱਕਰ ਐਨੀ ਜ਼ਬਰਦਸਤ ਸੀ ਕਿ ਟਕਰਾਉਂਦੇ ਸਾਰ ਹੀ ਬਾਈਕ ਨੂੰ ਅੱਗ ਲੱਗ ਗਈ ਅਤੇ ਉਹ ਰੁੜ੍ਹਦਾ ਹੋਇਆ ਕਾਫੀ ਦੂਰ ਤੱਕ ਚਲਾ ਗਿਆ।ਸਮਰਾਲੇ ਤੋਂ ਫਾਇਰ ਬ੍ਰਿਗੇਡ ਨੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ।ਜਾਣਕਾਰੀ ਅਨੁਸਾਰ ਪਿੰਡ ਹੇਡੋਂ ਤੋਂ ਇੱਕ ਮਾਂ ਤੇ ਉਸ ਦਾ ਪੁੱਤਰ ਸਮਰਾਲਾ ਵੱਲ ਆ ਰਹੇ ਸਨ ਕਿ ਕੁਝ ਸਾਮਾਨ ਘਰ ਭੁੱਲ ਗਏ ਤੇ ਉਹ ਅਚਾਨਕ ਕੋਟਲਾ ਸਮਸ਼ਪੁਰ ਤੋਂ ਆਪਣੇ ਘਰ ਵਾਪਸ ਆਉਣ ਲਈ ਮੁੜੇ ਤਾਂ ਲੁਧਿਆਣਾ ਸਾਈਡ ਤੋਂ ਇੱਕ ਤੇਜ਼ ਰਫਤਾਰ ਰੇਸਰ ਬਾਈਕਰ ਨੇ ਐਕਟਿਵਾ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ।ਮ੍ਰਿਤਕ ਔਰਤ ਦੀ ਪਛਾਣ ਪਰਮਿੰਦਰ ਕੌਰ ਪਤਨੀ ਪਰਮਿੰਦਰ ਸਿੰਘ (50) ਵਾਸੀ ਹੇਡੋਂ ਦੇ ਤੌਰ 'ਤੇ ਹੋਈ ਹੈ, ਜਦਕਿ ਮੋਟਰਸਾਈਕਲ ਸਵਾਰ ਨੌਜਵਾਨ ਦੀ ਪਛਾਣ ਵਿਵੇਕ ਵਾਸੀ (42) ਚੰਡੀਗੜ੍ਹ ਵਜੋਂ ਹੋਈ ਹੈ ਤੇ ਜ਼ਖ਼ਮੀ ਹੋਏ ਨੌਜਵਾਨ ਦੀ ਪਛਾਣ ਸਨਪ੍ਰੀਤ ਸਿੰਘ ਪੁੱਤਰ ਪਰਮਿੰਦਰ ਸਿੰਘ ਵਾਸੀ ਹੇਡੋਂ ਵਜੋਂ ਹੋਈ ਹੈ।

ਦੱਸਿਆ ਜਾਂਦਾ ਹੈ ਕਿ ਕੁਝ ਅਮੀਰਜ਼ਾਦੇ ਹਰ ਐਤਵਾਰ ਨੈਸ਼ਨਲ ਹਾਈਵੇ ਚੰਡੀਗੜ੍ਹ ਤੋਂ ਲੁਧਿਆਣਾ ਅਤੇ ਮੁੜ ਲੁਧਿਆਣੇ ਤੋਂ ਚੰਡੀਗੜ੍ਹ ਨੂੰ ਰੇਸਰ ਬਾਈਕਾਂ 'ਤੇ ਕਰੀਬ 150 ਕਿਲੋਮੀਟਰ ਦੀ ਸਪੀਡ 'ਤੇ ਚਲਦੇ ਹਨ, ਜੋ ਲੋਕਾਂ ਦੀ ਜਾਨ ਦਾ ਖੌਅ ਬਣਦੇ ਹਨ।ਕੋਟਲਾ ਸਮਸ਼ਪੁਰ ਦੇ ਲੋਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਅਮੀਰਜ਼ਾਦਿਆਂ ਨੂੰ ਪੁਲਸ ਵੀ ਨਹੀਂ ਰੋਕਦੀ।

# ਸੰਤ ਨਿਰੰਕਾਰੀ ਭਵਨ 'ਚ ਲਗਾਇਆ ਖ਼ੂਨਦਾਨ ਕੈਂਪ



**ਰਾਜਪੁਰਾ/ਸਮਾਣਾ (ਰਮੇਸ਼ ਕਟਾਰੀਆ/ਇਕਬਾਲ ਸਿੰਘ ਬੱਲ)**-ਸੰਤ ਨਿਰੰਕਾਰੀ ਮੰਡਲ ਸਮਾਣਾ ਦੀ ਸੰਯੋਜਕ ਐਡਵੋਕੇਟ ਸੁਰਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਸੰਤ ਨਿਰੰਕਾਰੀ ਭਵਨ ਰਾਜਪੁਰਾ ਵਿੱਚ ਜ਼ੋਨਲ ਇੰਚਾਰਜ ਪਟਿਆਲਾ ਸ੍ਰੀ ਰਾਧੇ ਸ਼ਾਮ ਦੀ ਅਗਵਾਈ ਹੇਠ ਥੈਲੇਸੀਮੀਆ ਬਿਮਾਰੀ ਨਾਲ ਪੀੜਤ ਬੱਚਿਆਂ ਲਈ ਖ਼ੂਨਦਾਨ ਕੈਂਪ ਲਾਇਆ ਗਿਆ, ਜਿਸ ਵਿੱਚ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਦੀ ਟੀਮ ਵੱਲੋਂ ਲੱਗਭਗ ਦੋ ਸੌ ਦੇ ਕਰੀਬ ਯੂਨਿਟ ਖ਼ੂਨ ਇਕੱਠਾ ਕੀਤਾ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਜ਼ੋਨਲ ਇੰਚਾਰਜ ਪਟਿਆਲਾ ਸ੍ਰੀ ਰਾਧੇ ਸ਼ਾਮ ਨੇ ਕਿਹਾ ਕਿ ਬੀਤੇ ਦਿਨ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਦੀ ਟੀਮ ਨੇ ਫੋਨ 'ਤੇ ਬੇਨਤੀ ਕੀਤੀ ਸੀ ਕਿ ਗਰਮੀ ਦੇ ਕਾਰਨ ਥੈਲੇਸੀਮੀਆ ਬਿਮਾਰੀ ਨਾਲ ਪੀੜਤ ਬੱਚਿਆਂ ਲਈ ਖ਼ੂਨ ਦੀ ਘਾਟ ਹੈ, ਜਿਸ 'ਤੇ ਸੰਤ ਨਿਰੰਕਾਰੀ ਮੰਡਲ ਦਿੱਲੀ ਤੋਂ ਇਜਾਜ਼ਤ ਲੈਣ ਤੋਂ ਬਾਅਦ ਅੱਜ ਐਮਰਜੈਂਸੀ ਖ਼ੂਨਦਾਨ ਕੈਂਪ ਲਗਾਇਆ ਹੈ, ਜਿਸ ਵਿੱਚ ਨਿਰੰਕਾਰੀ ਸੇਵਾ ਦਲ ਦੇ ਮੈਂਬਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਵੀ ਖ਼ੂਨ ਦਾਨ ਕੀਤਾ ਹੈ।ਇਸ ਦੌਰਾਨ ਖ਼ੂਨ ਦਾਨ ਕਰਨ ਵਾਲਿਆਂ ਦਾ ਉਤਸ਼ਾਹ ਦੇਖਣ ਵਾਲਾ ਸੀ।ਇਸ ਮੌਕੇ ਖ਼ੂਨਦਾਨੀਆਂ ਤੇ ਡਾਕਟਰਾਂ ਦੀ ਟੀਮ ਨੂੰ ਸੰਤ ਨਿਰੰਕਾਰੀ ਮਿਸ਼ਨ ਵੱਲੋਂ ਸਨਮਾਨਤ ਕੀਤਾ ਗਿਆ।ਇਹ ਕੈਂਪ ਲਗਾਉਣ ਲਈ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਦੇ ਇੰਚਾਰਜ ਡਾ. ਮਰਿਯਾਦਾ ਤੇ ਉਨ੍ਹਾ ਦੀ ਟੀਮ ਵੱਲੋਂ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਤੇ ਨਿਰੰਕਾਰੀ ਮਿਸ਼ਨ ਦਾ ਧੰਨਵਾਦ ਕੀਤਾ ਗਿਆ।

## ਕਾਤਰਾਂ

### ਵਿਦੇਸ਼ ਭੇਜਣ ਦੇ ਨਾਮ 'ਤੇ 3.19 ਲੱਖ ਰੁਪਏ ਠੱਗੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ 'ਚ ਨੌਜਵਾਨ ਨੂੰ ਪੁਰਤਾਗਾਲ ਭੇਜਣ ਦੇ ਨਾਮ 'ਤੇ 3 ਲੱਖ 19 ਹਜ਼ਾਰ 200 ਰੁਪਏ ਦੀ ਠੱਗੀ ਮਾਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇੱਕ ਵਿਅਕਤੀ ਖਿਲਾਫ 420 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਰਮਨ ਕੁਮਾਰ ਨੇ ਦੱਸਿਆ ਕਿ ਇੱਕ ਦਰਖਾਸਤ ਵੱਲੋਂ ਜਸਬੀਰ ਸਿੰਘ ਪਤਨੀ ਹਰਭਜਨ ਸਿੰਘ ਵਾਸੀ ਬੇਦੀ ਕਾਲੋਨੀ ਵਾਰਡ ਨੰਬਰ 10 ਫਿਰੋਜ਼ਪੁਰ ਸ਼ਹਿਰ ਦਰਖਾਸਤ ਨੰਬਰ 5389 ਪੀਸੀ 11 ਜੁਲਾਈ 2023 ਨੂੰ ਦਿੱਤੀ ਗਈ ਕਿ ਰਣਜੀਤ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਧਵਨ ਕਾਲੋਨੀ ਫਿਰੋਜ਼ਪੁਰ ਸ਼ਹਿਰ, ਜੋ ਉਨ੍ਹਾਂ ਦੀ ਮਾੜੀ ਮੋਟੀ ਜਾਣ ਪਛਾਣ ਸੀ। ਜਸਬੀਰ ਕੌਰ ਨੇ ਦੱਸਿਆ ਕਿ ਰਣਜੀਤ ਸਿੰਘ ਨੇ ਉਸ ਦੇ ਲੜਕੇ ਨਿਰਭੈ ਸਿੰਘ ਨੂੰ ਪੁਰਤਗਾਲ ਭੇਜਣ ਦੇ ਨਾਮ 'ਤੇ 3 ਲੱਖ 19 ਹਜ਼ਾਰ 200 ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

### 2 ਲੱਖ ਦੀ ਠੱਗੀ ਮਾਰਨ ਦੇ ਦੋਸ਼ 'ਚ ਹੁੰਡਈ ਦੇ ਸੇਲਜ਼ਮੈਨ ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ 'ਚ ਇੱਕ ਵਿਅਕਤੀ ਨਾਲ 1 ਲੱਖ 99 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਹੁੰਡਈ ਦੇ ਸੇਲਜ਼ਮੈਨ ਖਿਲਾਫ 420 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦਿਨੇਸ਼ ਪੁੱਤਰ ਧਰਮਪਾਲ ਤਾਇਨਾਤੀ ਗਰਨੇਵੀਡਰ ਯੂਨਿਟ ਕੇਅਰ ਆਫ 56 ਏਪੀਓ ਫਿਰੋਜ਼ਪੁਰ ਨੇ ਦੱਸਿਆ ਕਿ ਉਸ ਨੇ ਇੱਕ ਗੱਡੀ ਮਾਰਕਾ ਹੁੰਡਈ, ਜੋ ਬਰਾੜ ਹੁੰਡਈ ਮੋਗਾ ਰੋਡ ਫਿਰੋਜ਼ਪੁਰ ਤੋਂ ਖੁਦ ਜਾ ਕੇ ਬੁੱਕ ਕਰਵਾਉਣ ਗਿਆ ਸੀ, ਜੋ ਮਾਡਲ ਉਹ ਮੰਗਦਾ ਸੀ, ਉਹ ਉਥੇ ਮੌਜੂਦ ਨਹੀਂ ਸੀ ਤਾਂ ਮੈਨੇਜਰ ਨੇ ਉਸ ਨੂੰ ਕਿਹਾ ਕਿ ਸਾਡਾ ਸੇਲਜ਼ਮੈਨ ਦੀਪਕ ਗੁਪਤਾ ਤੁਹਾਡੇ ਨਾਲ ਸੰਪਰਕ ਕਰੇਗਾ ਅਤੇ ਤੁਹਾਨੂੰ ਜੋ ਵੀ ਮਾਡਲ ਤੁਸੀਂ ਮੰਗਦੇ ਹੋ, ਮੰਗਵਾ ਦੇਵੇਗਾ ਅਤੇ ਲੋਨ ਵੀ ਕਰਵਾ ਦੇਵੇਗਾ। ਉਸ ਸਮੇਂ ਦੀਪਕ ਗੁਪਤਾ ਵੀ ਮੇਰੇ ਕੋਲ ਮੌਜੂਦ ਸੀ। ਦਿਨੇਸ਼ ਨੇ ਦੱਸਿਆ ਕਿ ਕੁਝ ਦਿਨਾਂ ਬਾਅਦ ਦੀਪਕ ਗੁਪਤਾ ਸੇਲਜ਼ਮੈਨ ਨੇ ਉਸ ਨੂੰ ਕੰਪਨੀ ਦੇ ਮੋਬਾਇਲ ਤੋਂ ਫੋਨ ਕੀਤਾ ਕਿ ਤੁਹਾਨੂੰ ਮਿਲਣਾ ਹੈ ਤੇ ਤੁਹਾਡੇ 5 ਲੱਖ ਰੁਪਏਟੇ ਦਾ ਲੋਨ ਵੀ ਐੱਸਬੀਆਈ ਬੈਂਕ ਤੋਂ ਕਰਾਉਣਾ ਹੈ ਤਾਂ ਉਹ ਦੀਪਕ ਗੁਪਤਾ ਦੀਆਂ ਗੱਲਾਂ ਵਿੱਚ ਆ ਗਿਆ ਤੇ ਦੀਪਕ ਗੁਪਤਾ ਨੇ ਉਸ ਨਾਲ 1 ਲੱਖ 99 ਹਜ਼ਾਰ ਰੁਪਏ ਦੀ ਧੋਖਾਧੜੀ ਕਰਕੇ ਸਾਰੇ ਪੈਸੇ ਆਪਣੇ ਪਰਸਨਲ ਖਾਤੇ ਵਿੱਚ ਪੁਆ ਕੇ ਠੱਗੀ ਮਾਰੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਸਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਬਾਅਦ ਪੜਤਾਲ ਕਪਤਾਨ ਪੁਲਸ (ਡੀ) ਫਿਰੋਜ਼ਪੁਰ ਦੇ ਹੁਕਮ ਅਨੁਸਾਰ ਉਕਤ ਦੀਪਕ ਗੁਪਤਾ ਸੇਲਜ਼ਮੈਨ ਹੁੰਡਈ ਖਿਲਾਫ ਧੋਖਾਧੜੀ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਕਾਮਰੇਡ ਕੁਲਦੀਪ ਭੋਲਾ ਕਾਮਿਆਂ ਦੇ ਹੱਕਾਂ ਲਈ ਮਰਨ ਵਰਤ 'ਤੇ ਬੈਠਣਗੇ : ਜਗਸੀਰ ਖੋਸਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿਛਲੇ ਦਿਨੀਂ ਬਲਾਕ ਮੋਗਾ-2 ਦੇ ਕੁਝ ਪਿੰਡਾਂ ਵਿੱਚ ਬਿਨਾਂ ਕਿਸੇ ਲੋੜੀਂਦੀ ਕਾਰਵਾਈ ਦੇ ਪਿਛਲੇ ਲੰਮੇ ਸਮੇਂ ਤੋਂ ਕੰਮ ਕਰ ਰਹੇ ਨਰੇਗਾ ਮੇਟਾਂ ਨੂੰ ਹਟਾ ਕੇ ਨਵੇਂ ਮੇਟ ਲਾਉਣ ਦਾ ਮੁੱਦਾ ਦਿਨੋਂ ਦਿਨ ਗਰਮ ਹੁੰਦਾ ਜਾ ਰਿਹਾ ਹੈ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਦੇ ਸੂਬਾ ਜਨਰਲ ਸਕੱਤਰ ਜਗਸੀਰ ਸਿੰਘ ਖੋਸਾ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਵਿੱਚ ਆਪਣੀ ਹਾਰ ਤੋਂ ਬੁਖਲਾਈ ਪੰਜਾਬ ਦੀ ਸੱਤਧਾਰੀ ਨੇ ਆਪਣਾ ਗੁੱਸਾ ਖੋਸਾ ਪਾਂਡੋ, ਨਿਧਾਂ ਵਾਲਾ ਤੇ ਕਾਲੀਏ ਵਾਲਾ ਆਦਿ ਪਿੰਡਾਂ ਦੇ ਨਰੇਗਾ ਮੇਟਾਂ ਨੂੰ ਕੰਮ ਤੋਂ ਹਟਾ ਕੇ ਕੱਢਿਆ ਹੈ, ਜਿਸ ਵਿੱਚ ਕਿਸੇ ਵੀ ਤਰ੍ਹਾਂ ਦੇ ਨਿਯਮਾਂ ਦਾ ਖਿਆਲ ਨਹੀਂ ਰੱਖਿਆ, ਸਗੋਂ ਇਸ ਸਾਰੇ ਘਟਨਾਕ੍ਰਮ ਵਿੱਚ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਹਨ। ਉਦਾਹਰਨ ਦੇ ਤੌਰ 'ਤੇ ਪਿੰਡ ਖੋਸਾ ਪਾਂਡੋ ਵਿੱਚ ਨਰੇਗਾ ਮੇਟ ਬਦਲਣ ਤੇ ਨਵੇਂ ਮੇਟ ਲਾਉਣ ਸਬੰਧੀ ਗ੍ਰਾਮ ਸਭਾ ਦਾ ਮਤਾ ਕਾਗਜ਼ਾਂ ਵਿੱਚ ਦਿਖਾਇਆ ਗਿਆ ਹੈ, ਜਦੋਂਕਿ ਪਿੰਡ ਵਿੱਚ ਅਜਿਹਾ ਕੋਈ ਵੀ ਗ੍ਰਾਮ ਸਭਾ ਦਾ ਇਕੱਠ ਨਹੀਂ ਹੋਇਆ। ਪਿੰਡ ਦੇ ਹੀ ਕਿਸੇ ਵਿਅਕਤੀ ਨੇ ਘਰ ਘਰ ਜਾ ਕੇ ਕਾਰਵਾਈ ਰਜਿਸਟਰ 'ਤੇ ਲੋਕਾਂ ਨੂੰ ਗੁੰਮਰਾਹ ਕਰਕੇ ਦਸਤਖ਼ਤ ਤੇ ਅੰਗੂਠੇ ਕਰਵਾਏ ਹਨ, ਜਿਸ ਵਿੱਚ ਗ੍ਰਾਮ ਰੁਜ਼ਗਾਰ ਸਹਾਇਕ ਦਾ ਹੱਥ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਅਸੀਂ ਪ੍ਰਸ਼ਾਸਨ ਤੋਂ ਨਿਰਪੱਖ ਜਾਂਚ ਦੀ ਮੰਗ ਕਰ ਰਹੇ ਹਾਂ ਅਤੇ ਮਤਾ ਗ਼ਲਤ ਸਾਬਿਤ ਹੋਣ ਦੀ ਸੂਰਤ ਵਿੱਚ ਦੋਸ਼ੀ ਪਾਏ ਵਿਅਕਤੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਜਾਵੇਗੀ। ਜਗਸੀਰ ਖੋਸਾ ਨੇ ਅੱਗੇ ਦੱਸਿਆ ਕਿ ਇਸ ਸਾਰੇ ਧੋਖੇ ਵਿਰੁੱਧ ਤੇ ਆਪਣੀਆਂ ਪੁਰਾਣੀਆਂ ਮੇਟਾਂ ਦੇ ਹੱਕ ਵਿੱਚ ਵੱਡੀ ਗਿਣਤੀ ਵਿੱਚ ਵਰਕਰ ਡਟੇ ਹੋਏ ਹਨ। ਇਸ ਸਬੰਧੀ ਅਸੀਂ ਪ੍ਰਸ਼ਾਸਨ ਨੂੰ ਕਈ ਵਾਰ ਮਿਲ ਕੇ ਇਨਸਾਫ਼ ਦੀ ਮੰਗ ਕਰ ਚੁੱਕੇ ਹਾਂ, ਉਨ੍ਹਾਂ 1 ਜੁਲਾਈ ਤੱਕ ਮਸਲਾ ਹੱਲ ਕਰਨ ਦਾ ਭਰੋਸਾ ਦਿਵਾਇਆ ਹੈ। ਨਰੇਗਾ ਆਗੂ ਨੇ ਅੰਤ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਸਬੰਧੀ ਯੂਨੀਅਨ ਦੇ ਆਗੂਆਂ ਨਾਲ ਗੱਲਬਾਤ ਕਰਨ ਤੋਂ ਬਾਅਦ ਫੈਸਲਾ ਲਿਆ ਹੈ ਕਿ ਜੇਕਰ ਪ੍ਰਸ਼ਾਸਨ ਆਪਣੇ ਵਾਅਦੇ ਮੁਤਾਬਕ ਨਰੇਗਾ ਕਾਮਿਆਂ ਤੇ ਮੇਟਾਂ ਨੂੰ ਇਨਸਾਫ਼ ਨਾ ਦਿਵਾਇਆ ਤਾਂ 2 ਜੁਲਾਈ ਨੂੰ ਦੁਪਹਿਰ 2 ਵਜੇ ਤੋਂ ਯੂਨੀਅਨ ਦੇ ਸਲਾਹਕਾਰ ਤੇ ਕਮਿਊਨਿਸਟ ਆਗੂ ਕਾਮਰੇਡ ਕੁਲਦੀਪ ਸਿੰਘ ਭੋਲਾ ਨਰੇਗਾ ਕਾਮਿਆਂ ਦੇ ਹੱਕ ਵਿੱਚ ਮਰਨ ਵਰਤ 'ਤੇ ਬੈਠਣਗੇ। ਇਸ ਸਾਰੇ ਘਟਨਾਕ੍ਰਮ ਲਈ ਤੇ ਕਿਸੇ ਵੀ ਤਰ੍ਹਾਂ ਦੇ ਸੰਭਾਵਿਤ ਨੁਕਸਾਨ ਲਈ ਨਰੇਗਾ ਪ੍ਰਸ਼ਾਸਨ, ਸਥਾਨਕ ਐੱਮ ਐੱਲ ਏ ਤੇ ਪੰਜਾਬ ਸਰਕਾਰ ਜ਼ਿੰਮੇਵਾਰ ਹੋਵੇਗੀ।

# ਫਾਜ਼ਿਲਕਾ ਦੇ ਥਾਣਿਆਂ 'ਚ ਨਸ਼ਾ ਤਸਕਰਾਂ ਦੀ ਪ੍ਰਾਹੁਣਚਾਰੀ 'ਤੇ ਆਵਾਜ਼ ਉਠਾਉਣ ਵਾਲਿਆਂ 'ਤੇ ਹਮਲੇ ਤੇ ਮੁਕੱਦਮੇ

- ਥਾਣਾ ਸਿਟੀ ਦੀ ਇੱਕ ਮਹੀਨੇ ਦੀ ਸੀ ਸੀ ਟੀ ਵੀ ਫੁਟੇਜ ਕਢਵਾਉਣ ਦੀ ਕੀਤੀ ਮੰਗ
- ਪੁਲਸ ਵੱਲੋਂ ਲਗਾਤਾਰ ਨਸ਼ਾ ਤਸਕਰਾਂ ਖਿਲਾਫ ਸਖਤੀ ਵਰਤੀ ਜਾ ਰਹੀ ਹੈ : ਡਾ. ਪ੍ਰਗਿਆ ਜੈਨ



**ਜਲਾਲਾਬਾਦ (ਪਰਮਜੀਤ ਢਾਬਾਂ)**-ਪੰਜਾਬ ਦੇ ਮੁੱਖ ਮੰਤਰੀ ਵੱਲੋਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਭਾਵੇਂ ਪ੍ਰਸ਼ਾਸਨਕ ਤੌਰ 'ਤੇ ਜ਼ਿਲ੍ਹੇ ਦੇ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਖਿਲਾਫ ਕੋਈ ਵੀ ਸਮਝੌਤਾ ਨਹੀਂ ਕੀਤਾ ਜਾਵੇਗਾ, ਪ੍ਰੰਤੂ ਫਾਜ਼ਿਲਕਾ ਅਧੀਨ ਪੈਂਦੇ ਕਈ ਦਰਜਨਾਂ ਪਿੰਡਾਂ ਵਿੱਚ ਅੱਜ ਵੀ ਨਸ਼ਾ ਉਸੇ ਤਰ੍ਹਾਂ ਵਿਕਦਾ ਨਜ਼ਰ ਆ ਰਿਹਾ ਹੈ।

ਫਾਜ਼ਿਲਕਾ ਅਧੀਨ ਪਿੰਡ ਟਿਵਾਣਾ ਕਲਾਂ, ਬਸਤੀ ਦਿਲਾਵਰ ਸਿੰਘ ਤੇ ਬਾਰੇ ਕੇ ਦੇ ਵਾਸੀਆਂ ਨੇ ਜ਼ਿਲ੍ਹਾ ਫਾਜ਼ਿਲਕਾ ਦੀ ਪੁਲਸ 'ਤੇ ਸਿੱਧੇ ਤੌਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਨਸ਼ਾ ਤਸਕਰਾਂ ਨਾਲ ਸਿੱਧੀ ਮਿਲੀਭੁਗਤ ਹੈ ਅਤੇ ਨਸ਼ਾ ਵੇਚਣ ਵਾਲਿਆਂ ਖਿਲਾਫ ਆਵਾਜ਼ ਉਠਾਉਣ ਵਾਲਿਆਂ ਖਿਲਾਫ ਉਲਟਾ ਝੂਠੇ ਮੁਕੱਦਮੇ ਦਰਜ ਕਰ ਦਿੱਤੇ ਜਾਂਦੇ ਹਨ।ਉਨ੍ਹਾਂ ਦੋਸ਼ ਲਾਇਆ ਕਿ ਪਿੰਡ ਟਿਵਾਣਾ ਕਲਾਂ ਵਿੱਚ ਤਰਕਾਲਾਂ ਪੈਂਦਿਆਂ ਹੀ, ਉਥੇ ਨਸ਼ਾ ਲੈਣ ਵਾਲਿਆਂ ਦੀਆਂ ਲਾਈਨਾਂ ਲੱਗ ਜਾਂਦੀਆਂ ਹਨ ਅਤੇ ਪੁਲਸ ਨੂੰ ਸੂਚਿਤ ਕਰਨ 'ਤੇ ਉਹ ਪਿੰਡ ਤੋਂ ਇੱਕ ਕਿਲੋਮੀਟਰ ਪਹਿਲਾਂ ਹੂਟਰ ਮਾਰਦੇ ਆਉਂਦੇ ਹਨ, ਜਿਸ ਨਾਲ ਦੋਸ਼ੀ ਤੁਰੰਤ ਫਰਾਰ ਹੋ ਜਾਂਦੇ ਹਨ ਅਤੇ ਜ਼ਮੀਨੀ ਪੱਧਰ 'ਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਜਾ ਰਹੀ।

ਪਿੰਡ ਬਾਰੇਕੇ ਦੇ ਰਿਟਾਇਰਡ ਇੰਸਪੈਕਟਰ ਪੰਜਾਬ ਪੁਲਸ ਪੰਜਾਬ ਸਿੰਘ, ਪਿੰਡ ਟਿਵਾਣਾ ਕਲਾਂ ਦੇ ਮੌਜੂਦਾ ਸਰਪੰਚ ਬਲਵਿੰਦਰ ਸਿੰਘ, ਪਿੰਡ ਵਾਸੀ ਜਤਿੰਦਰ ਸਿੰਘ, ਕਾਲਾ ਸਿੰਘ ਤੇ ਬਸਤੀ ਦਿਲਾਵਰ ਸਿੰਘ ਦੇ ਸਾਬਕਾ ਸਰਪੰਚ ਸੁਰਿੰਦਰ ਸਿੰਘ ਨੇ ਦੱਸਿਆ ਕਿ ਜਿੱਥੇ ਉਨ੍ਹਾਂ ਦੀ ਜਵਾਨੀ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ, ਉਥੇ ਨਾਬਾਲਗ ਬੱਚਿਆਂ ਨੂੰ ਨਸ਼ੇ ਦੀ ਸਪਲਾਈ ਕਰਨ 'ਤੇ ਲਾ ਦਿੱਤਾ ਗਿਆ ਹੈ। ਉਨ੍ਹਾਂ ਫਾਜ਼ਿਲਕਾ ਦੇ ਦਰਜਨਾਂ ਪਿੰਡਾਂ ਦਾ ਨਾਮ ਲੈਂਦਿਆਂ ਕਿਹਾ ਕਿ ਇਨ੍ਹਾਂ ਪਿੰਡਾਂ ਵਿੱਚ ਅੱਜ ਵੀ ਸ਼ਰੇਆਮ ਨਸ਼ੇ ਵਿਕ ਰਹੇ ਹਨ।ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਸੀ ਐੱਮ ਨੂੰ ਦਿਖਾਉਣ ਲਈ ਇਹ ਵੱਡੇ ਦਾਅਵੇ ਕੀਤੇ ਜਾ ਰਹੇ ਹਨ ਕਿ ਨਸ਼ਾ ਤਸਕਰ ਫੜੇ ਜਾ ਰਹੇ ਹਨ, ਪਰ ਜ਼ਮੀਨੀ ਹਕੀਕਤ ਇਸ ਤੋਂ ਉਲਟ ਹੈ।ਪਿੰਡ ਟਿਵਾਣਾ ਕਲਾਂ ਦੇ ਸਰਪੰਚ ਨੇ ਥਾਣਾ ਸਿਟੀ ਜਲਾਲਾਬਾਦ ਦੇ ਐੱਸ ਐੱਚ ਓ 'ਤੇ ਸਿੱਧੇ ਦੋਸ਼ ਲਾਉਂਦਿਆਂ ਕਿਹਾ ਕਿ ਇਸ ਥਾਣੇ ਵਿੱਚ ਨਸ਼ਾ ਤਸਕਰਾਂ ਦਾ ਵੱਡਾ ਸਪਲਾਇਰ ਬੇਖੌਫ ਲਗਾਤਾਰ ਆਉਂਦਾ ਹੈ, ਜੇਕਰ ਪੰਜਾਬ ਸਰਕਾਰ ਥਾਣਾ ਸਿਟੀ ਦੀ ਇੱਕ ਮਹੀਨੇ ਦੀ ਸੀਸੀਟੀਵੀ ਫੁਟੇਜ ਕਢਾਵੇ ਤਾਂ ਮਾਮਲਾ ਸਪੱਸ਼ਟ ਹੋ ਜਾਵੇਗਾ।ਦੂਜੇ ਪਾਸੇ ਇਸ ਸਬੰਧੀ ਜਦੋਂ ਜ਼ਿਲ੍ਹਾ ਪੁਲਸ ਮੁਖੀ ਡਾਕਟਰ ਪ੍ਰਗਿਆ ਜੈਨ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾ ਕਿਹਾ ਕਿ ਜ਼ਿਲ੍ਹੇ ਦੀ ਪੁਲਸ ਨਸ਼ਾ ਤਸਕਰਾਂ ਖਿਲਾਫ ਸਖਤੀ ਵਰਤ ਰਹੀ ਹੈ, ਪ੍ਰੰਤੂ ਪਿੰਡ ਵਾਸੀਆਂ ਵੱਲੋਂ ਲਾਏ ਗਏ ਦੋਸ਼ਾਂ ਨੂੰ ਨਕਾਰਦਿਆਂ ਉਨ੍ਹਾਂ ਕਿਹਾ ਕਿ ਬਿਨਾਂ ਵੈਰੀਫਾਈ ਕੀਤਿਆਂ ਮੈਂ ਕੋਈ ਵੀ ਕੁਮੈਂਟ ਨਹੀਂ ਕਰ ਸਕਦੀ।

# ਪਤੀ-ਪਤਨੀ ਦੀ ਕੁੱਟਮਾਰ ਕਰਨ ਦੇ ਦੋਸ਼ 'ਚ 3 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਸ਼ਹਿਰ ਦੀ ਧਵਨ ਕਾਲੋਨੀ ਵਿਖੇ ਇੱਕ ਵਿਅਕਤੀ ਤੇ ਉਸ ਦੀ ਪਤਨੀ ਦੀ ਕੁੱਟਮਾਰ ਕਰਕੇ ਜਾਨੋਂ ਮਾਰਨ ਦੀਆਂ ਦਿੱਤੀਆਂ ਦੇਣ ਦੇ ਦੋਸ਼ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 3 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸੁਰਿੰਦਰਜੀਤ ਸਿੰਘ ਪੁੱਤਰ ਡਾਕਟਰ ਕਸ਼ਮੀਰ ਸਿੰਘ ਵਾਸੀ ਗਲੀ ਨੰਬਰ 6 ਧਵਨ ਕਾਲੋਨੀ ਫਿਰੋਜ਼ਪੁਰ ਸ਼ਹਿਰ ਨੇ ਦੱਸਿਆ ਕਿ ਉਹ ਚਾਰ ਭਰਾ ਹਨ, ਉਸ ਤੋਂ ਵੱਡਾ ਨਿਰਮਲਜੀਤ ਸਿੰਘ ਤੇ ਉਹ ਧਵਨ ਕਾਲੋਨੀ ਫਿਰੋਜ਼ਪੁਰ ਸ਼ਹਿਰ ਇਕ ਹੀ ਘਰ ਵਿੱਚ ਵੱਖ ਵੱਖ ਕਮਰਿਆਂ 'ਚ ਰਹਿ ਰਹੇ ਹਨ ਅਤੇ ਦੋ ਛੋਟੇ ਭਰਾ ਵਿੱਚੋਂ ਇੱਕ ਗੁਰਮੀਤ ਸਿੰਘ ਬਲਾਚੌਰ ਤੇ ਬਿਕਰਮਜੀਤ ਸਿੰਘ ਮੋਹਾਲੀ ਰਹਿੰਦਾ ਹੈ। ਸੁਰਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ ਮਾਤਾ ਬਜ਼ੁਰਗ ਹੋਣ ਕਰਕੇ ਉਸ ਦੇ ਨਾਲ ਰਹਿੰਦੀ ਹੈ ਤੇ ਉਸ ਦੀ ਮਾਤਾ ਨੂੰ ਟੁਆਇਲਟ ਜਾਣ ਵਿੱਚ ਤਕੀਲਫ ਹੁੰਦੀ ਹੈ। ਇਸ ਲਈ ਉਸ ਨੇ ਦੇਸੀ ਸੀਟ ਪੁਟਵਾ ਕੇ ਅੰਗਰੇਜ਼ੀ ਸੀਟ ਲਗਵਾ ਰਿਹਾ ਸੀ ਤਾਂ ਕਰੀਬ 4 ਵਜੇ ਸ਼ਾਮ ਉਸ ਦਾ ਵੱਡਾ ਭਰਾ ਨਿਰਮਜੀਤ ਸਿੰਘ ਉਸ ਦੇ ਗਲ ਪੈ ਗਿਆ ਤੇ ਉਸ ਦੇ ਸਿਰ ਵਿੱਚ ਆਪਣੇ ਹੱਥ 'ਚ ਪਾਇਆ ਲੋਹੇ ਦਾ ਕੜਾ ਮਾਰਿਆ ਅਤੇ ਨਿਰਮਲਜੀਤ ਸਿੰਘ ਦੇ ਲੜਕੇ ਸਿਮਰਨਪਾਲ ਸਿੰਘ ਨੇ ਵੀ ਉਸ ਦੀ ਕੁੱਟਮਾਰ ਕੀਤੀ। ਸੁਰਿੰਦਰ ਸਿੰਘ ਨੇ ਦੱਸਿਆ ਕਿ ਨਿਰਮਲਜੀਤ ਸਿੰਘ ਦੀ ਪਤਨੀ ਪਰਮਿੰਦਰ ਕੌਰ ਨੇ ਵੀ ਉਸ ਦੀ ਕੁੱਟਮਾਰ ਕੀਤੀ ਤੇ ਉਸ ਦੀ ਪਤਨੀ ਬਲਵੀਰ ਕੌਰ ਨੂੰ ਅਪਸ਼ਬਦ ਬੋਲੇ ਅਤੇ ਜਾਨਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਰਮਨ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਸ਼ਹੀਦਾਂ ਨੂੰ ਸਮਰਪਤ ਸਮਾਗਮਾਂ 'ਚ ਵਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ : ਰਵਨੀਤ ਬਿੱਟੂ

## ਆਰ.ਐੱਸ.ਐੱਸ. ਸ਼ਾਖਾ 'ਤੇ ਅੱਤਵਾਦੀ ਹਮਲੇ ਦੇ 25 ਸ਼ਹੀਦਾਂ ਨੂੰ ਸ਼ਰਧਾਂਜਲੀਆਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਸਾਨੂੰ ਸ਼ਹੀਦਾਂ ਨੂੰ ਸਮਰਪਤ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼ਹੀਦੀ ਯਾਦਗਾਰ ਕਮੇਟੀ ਵੱਲੋਂ ਮੋਗਾ ਦੇ ਸ਼ਹੀਦੀ ਪਾਰਕ ਵਿਖੇ 25 ਜੂਨ 1989 ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਸਮਾਰਕ ਵਿਖੇ 25 ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਸ਼ਹੀਦੀ ਯਾਦਗਾਰ ਕਮੇਟੀ ਵੱਲੋਂ ਕਰਵਾਏ ਗਏ 35ਵੇਂ ਸ਼ਹੀਦੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਸੰਬੋਧਨ ਦੌਰਾਨ ਕੀਤਾ। ਇਸ ਮੌਕੇ ਭਾਜਪਾ ਦੇ ਪ੍ਰਦੇਸ਼ ਮਹਾਂਮੰਤਰੀ ਅਨਿਲ ਸਰੀਨ, ਰਾਮ ਗੋਪਾਲ ਸੂਬਾਈ ਕੋਆਰਡੀਨੇਟਰ ਧਰਮ ਜਾਗਰਣ ਮੰਚ ਪ੍ਰਧਾਨ, ਚੇਅਰਮੈਨ ਅਰੁਣ ਜੈਨ ਜਲੰਧਰ, ਸਾਬਕਾ ਵਿਧਾਇਕ ਡਾ. ਹਰਜੋਤ ਕਮਲ, ਮੋਹਨ ਲਾਲ ਸੇਠੀ, ਅਮਿਨ ਬਾਂਸਲ, ਰਾਕੇਸ਼ ਭੱਲਾ, ਭਾਜਪਾ ਆਗੂ ਅਕਸ਼ਿਤ ਜੈਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹੀਦ ਪਰਵਾਰ ਸ਼ਾਮਲ ਹੋਏ। ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ 25 ਜੂਨ 1989 ਨੂੰ ਆਰ.ਐੱਸ.ਐੱਸ. ਹਿੰਦੂ-ਸਿੱਖ ਭਾਈਚਾਰਕ ਸਾਂਝ ਨੂੰ ਢਾਹ ਲਾਉਣ ਦੀ ਅੱਤਵਾਦੀਆਂ ਦੀ ਸਾਜ਼ਿਸ਼ ਨੂੰ ਨਾਕਾਮ ਕਰਨ ਲਈ ਆਰ.ਐੱਸ.ਐੱਸ. ਦੀ ਸ਼ਾਖਾ 'ਤੇ ਗੋਲੀਆਂ ਤੇ ਬੰਬ ਚਲਾ ਕੇ 25 ਲੋਕ ਸ਼ਹੀਦ ਤੇ 30 ਗੰਭੀਰ ਜ਼ਖ਼ਮੀ ਹੋ ਗਏ, ਨੇ 26 ਜੂਨ ਨੂੰ ਉਸੇ ਥਾਂ 'ਤੇ ਬ੍ਰਾਂਚ ਬਣਾ ਕੇ ਅੱਤਵਾਦੀਆਂ ਨੂੰ ਕਰਾਰਾ ਜਵਾਬ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਸ ਸਮੇਂ ਅੱਤਵਾਦੀਆਂ ਨੇ 25 ਨਿਰਦੋਸ਼ ਲੋਕਾਂ ਦੀ ਹੱਤਿਆ ਕਰ ਦਿੱਤੀ ਸੀ ਅਤੇ ਇਹ ਘਟਨਾ ਹਿੰਦੂ-ਸਿੱਖਾਂ ਵਿਚ ਫੁੱਟ ਪੈਦਾ ਕਰਨ ਤੇ 1984 ਦੇ ਹਾਲਾਤ ਨੂੰ ਦੁਬਾਰਾ ਬਣਾਉਣ ਲਈ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਅੱਜ ਵੀ ਜਿੱਥੇ ਦੁਕਾਨਦਾਰਾਂ ਤੇ ਕਾਰੋਬਾਰੀਆਂ 'ਤੇ ਅੱਤਵਾਦੀਆਂ ਵੱਲੋਂ ਗੋਲੀਆਂ ਚਲਾਈਆਂ ਜਾ ਰਹੀਆਂ ਹਨ ਅਤੇ ਫਿਰੌਤੀ ਮੰਗੀ ਜਾ ਰਹੀ ਹੈ, ਉੱਥੇ ਹੀ ਮੌਜੂਦਾ ਪੰਜਾਬ ਸਰਕਾਰ ਵੱਲੋਂ ਅਮਨ-ਕਾਨੂੰਨ 'ਤੇ ਕਾਬੂ ਨਾ ਰੱਖਣ ਕਾਰਨ ਦਿਨ-ਦਿਹਾੜੇ ਕਤਲ ਤੇ ਫਿਰੌਤੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਹਰ ਰੋਜ਼ ਦਿਨ-ਦਿਹਾੜੇ ਮੰਗ ਕੀਤੀ ਜਾਂਦੀ ਹੈ। ਉਨ੍ਹਾ ਕਿਹਾ ਕਿ ਭਾਜਪਾ ਨੇ ਹਮੇਸ਼ਾ ਆਪਣੇ ਸ਼ਹੀਦਾਂ ਨੂੰ ਪੂਰਾ ਸਤਿਕਾਰ ਦਿੱਤਾ ਹੈ ਤੇ ਅੱਗੇ ਵੀ ਕਰਦੀ ਰਹੇਗੀ। ਉਨ੍ਹਾ ਕਿਹਾ ਕਿ ਭਾਜਪਾ ਦੇ ਸੂਬਾ ਜਨਰਲ ਸਕੱਤਰ ਤੇ ਸ਼ਹੀਦੀ ਯਾਦਗਾਰ ਕਮੇਟੀ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਸ਼ਹੀਦੀ ਸਮਾਰਕ ਲਈ ਜੋ ਵੀ ਲੋੜ ਹੋਵੇਗੀ, ਕੇਂਦਰ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਉਹ ਇਸ ਦੁਖਦਾਈ ਘਟਨਾ ਵਿੱਚ ਗੰਭੀਰ ਜ਼ਖ਼ਮੀ ਹੋਏ ਲੋਕਾਂ ਨੂੰ ਵੀ ਮਿਲੇ ਹਨ ਤੇ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਹਮੇਸ਼ਾ ਤਤਪਰ ਰਹਿਣਾ ਚਾਹੀਦਾ ਹੈ।

# ਸ਼ਰਾਬ ਦੀ ਆੜ 'ਚ ਜ਼ਹਿਰ ਵੇਚਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ : ਅਮਨ ਅਰੋੜਾ

## 9 ਮ੍ਰਿਤਕਾਂ ਦੇ ਪਰਵਾਰਾਂ ਨੂੰ 45 ਲੱਖ ਦੀ ਵਿੱਤੀ ਸਹਾਇਤਾ ਦੇ ਚੈੱਕ ਸੌਂਪੇ



**ਸੰਗਰੂਰ/ਸੁਨਾਮ ਊਧਮ ਸਿੰਘ ਵਾਲਾ (ਪ੍ਰਵੀਨ ਸਿੰਘ/ਅਸ਼ੋਕ ਬਾਂਸਲ, ਹਾਕਮ ਭੱਟੀ)**-ਬਾਹਰੀ ਰਾਜਾਂ ਵਿੱਚੋਂ ਲਿਆ ਕੇ ਸ਼ਰਾਬ ਦੀ ਆੜ ਵਿੱਚ ਜ਼ਹਿਰ ਵੇਚਣ ਵਾਲਿਆਂ ਦੀ ਮਾੜੀ ਸੋਚ ਕਾਰਨ ਕਰੀਬ ਤਿੰਨ-ਚਾਰ ਮਹੀਨੇ ਪਹਿਲਾਂ ਟਿੱਬੀ ਰਵਿਦਾਸਪੁਰਾ ਦੇ ਜਾਨਾਂ ਗੁਆਉਣ ਵਾਲੇ 9 ਮ੍ਰਿਤਕਾਂ ਦੇ ਪੀੜਤ ਪਰਵਾਰਾਂ ਨੂੰ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪੰਜਾਬ ਸਰਕਾਰ ਦੀ ਤਰਫੋਂ ਵਿੱਤੀ ਸਹਾਇਤਾ ਦੇ ਚੈੱਕ ਪ੍ਰਦਾਨ ਕੀਤੇ।ਟਿੱਬੀ ਰਵਿਦਾਸਪੁਰਾ ਦੇ ਗੁਰਦੁਆਰਾ ਸਾਹਿਬ ਵਿਖੇ ਪੀੜਤ ਪਰਵਾਰਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪਿਛਲੇ ਮਹੀਨਿਆਂ ਦੌਰਾਨ ਸੁਨਾਮ ਤੇ ਦਿੜ੍ਹਬਾ ਹਲਕੇ ਦੇ ਖੇਤਰਾਂ ਵਿੱਚ ਵਾਪਰੀ ਇਸ ਬੇਹੱਦ ਦੁਖਾਂਤਕ ਘਟਨਾ ਵਿੱਚ ਕੀਮਤੀ ਜਾਨਾਂ ਗੁਆਉਣ ਵਾਲਿਆਂ ਦੀ ਕਮੀ ਨੂੰ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ, ਪਰ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਪੀੜਤ ਪਰਵਾਰਾਂ ਦੇ ਦੁੱਖ ਨੂੰ ਥੋੜ੍ਹਾ ਘਟਾਉਣ ਦੇ ਯਤਨ ਵਜੋਂ ਪੰਜ-ਪੰਜ ਲੱਖ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ।ਉਨ੍ਹਾ ਨੇ ਟਿੱਬੀ ਰਵਿਦਾਸਪੁਰਾ ਦੇ 9 ਪੀੜਤ ਪਰਵਾਰਾਂ ਨੂੰ 45 ਲੱਖ ਰੁਪਏ ਦੇ ਚੈੱਕ ਵਿੱਤੀ ਸਹਾਇਤਾ ਵਜੋਂ ਸੌਂਪੇ।ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਸਰਕਾਰ ਹੈ ਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਗਈ ਇਹ ਸਹਾਇਤਾ ਰਾਸ਼ੀ ਇਨ੍ਹਾਂ ਲੋੜਵੰਦ ਗਰੀਬ ਪਰਵਾਰਾਂ ਦੀਆਂ ਘਰੇਲੂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਿਯੋਗ ਕਰੇਗੀ।

ਉਨ੍ਹਾ ਕਿਹਾ ਕਿ ਸ਼ਰਾਬ ਦੀ ਆੜ ਵਿੱਚ ਜ਼ਹਿਰ ਵੇਚਣ ਵਾਲੇ ਮੌਤ ਦੇ ਵਪਾਰੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦੇਣ ਲਈ ਪੰਜਾਬ ਸਰਕਾਰ ਵਚਨਬੱਧ ਹੈ।ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸੁਨਾਮ ਹਲਕੇ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਮਾਜ ਵਿੱਚੋਂ ਨਸ਼ਾ ਤਸਕਰਾਂ ਦਾ ਸਫਾਇਆ ਕਰਨ ਲਈ ਪੰਜਾਬ ਸਰਕਾਰ ਨੂੰ ਵਧ ਚੜ੍ਹ ਕੇ ਸਹਿਯੋਗ ਦੇਣ ਤਾਂ ਜੋ ਸੂਬੇ ਅੰਦਰ ਇਸ ਵੱਡੀ ਸਮਾਜਿਕ ਬੁਰਾਈ ਦਾ ਖਾਤਮਾ ਕੀਤਾ ਜਾ ਸਕੇ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਦੇ ਕਾਲੇ ਕਾਰੋਬਾਰ ਨਾਲ ਜੁੜੇ ਗੈਰ-ਸਮਾਜਿਕ ਅਨਸਰਾਂ ਖਿਲਾਫ ਜ਼ੀਰੋ ਟੋਲਰੈਂਸ ਨੀਤੀ ਅਪਣਾਈ ਹੋਈ ਹੈ ਅਤੇ ਭੋਲੇ ਭਾਲੇ ਲੋਕਾਂ ਨੂੰ ਨਸ਼ਿਆਂ ਦੀ ਭੇਟ ਚੜ੍ਹਾਉਣ ਵਾਲੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾ ਰਿਹਾ।ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਮੁਕੇਸ਼ ਜੁਨੇਜਾ, ਪ੍ਰਧਾਨ ਨਗਰ ਕੌਂਸਲ ਨਿਸ਼ਾਨ ਸਿੰਘ ਟੋਨੀ, ਅਮਰੀਕ ਸਿੰਘ ਧਾਲੀਵਾਲ, ਗੁਰਤੇਗ ਸਿੰਘ ਨਿੱਕਾ, ਬਲਾਕ ਪ੍ਰਧਾਨ ਸਾਹਿਬ ਸਿੰਘ, ਭਾਨੂੰ ਪ੍ਰਤਾਪ, ਗੁਰਪ੍ਰਤਾਪ ਸਿੰਘ, ਤਰਸੇਮ ਸਿੰਘ ਕਾਲਾ ਟਿੱਬੀ, ਸੋਹਨ ਸਿੰਘ, ਜੋਗਿੰਦਰ ਸਿੰਘ ਹਾਜ਼ਰ ਸਨ।

# ਉਮੀਦਵਾਰਾਂ/ਚੋਣ ਏਜੰਟਾਂ ਨਾਲ ਕੀਤੀ ਅੰਤਿਮ ਲੇਖਾ-ਜੋਖਾ ਮੀਟਿੰਗ



**ਲੁਧਿਆਣਾ (ਰਾਜ ਸਿੰਗਲਾ)**-ਲੁਧਿਆਣਾ ਲੋਕ ਸਭਾ ਹਲਕੇ ਅਧੀਨ ਚੋਣ ਲੜਨ ਵਾਲੇ ਸਾਰੇ ਉਮੀਦਵਾਰਾਂ ਤੇ ਚੋਣ ਏਜੰਟਾਂ ਨਾਲ ਅੰਤਿਮ ਲੇਖਾ-ਜੋਖਾ ਮੀਟਿੰਗ ਸਥਾਨਕ ਬੱਚਤ ਭਵਨ ਵਿਖੇ ਕੀਤੀ ਗਈ।ਮੀਟਿੰਗ ਵਿੱਚ ਖਰਚਾ ਨਿਗਰਾਨ ਪੰਕਜ ਕੁਮਾਰ, ਚੇਤਨ ਡੀ. ਕਲਮਕਾਰ, ਜ਼ਿਲ੍ਹਾ ਚੋਣ ਅਫ਼ਸਰ ਸਾਕਸ਼ੀ ਸਾਹਨੀ, ਵਧੀਕ ਡਿਪਟੀ ਕਮਿਸ਼ਨਰ ਅਨਮੋਲ ਸਿੰਘ ਧਾਲੀਵਾਲ ਸਮੇਤ ਖਰਚਾ ਨਿਗਰਾਨ ਟੀਮ, ਚੋਣ ਲੜਨ ਵਾਲੇ ਉਮੀਦਵਾਰ, ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਤੇ ਹੋਰ ਚੋਣ ਅਧਿਕਾਰੀ ਹਾਜ਼ਰ ਸਨ।ਮੀਟਿੰਗ ਦੌਰਾਨ ਉਮੀਦਵਾਰਾਂ ਦੇ ਦਸਤਾਵੇਜ਼ਾਂ, ਜਿਵੇਂ ਕਿ ਰਸੀਦਾਂ, ਚਲਾਨ ਤੇ ਬੈਂਕ ਸਟੇਟਮੈਂਟਾਂ ਦੀ ਵਿਸਤ੍ਰਿਤ ਜਾਂਚ ਕੀਤੀ ਗਈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਚੋਣ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਨੂੰ ਉਤਸ਼ਾਹਤ ਕਰਦੇ ਹੋਏ, ਚੋਣ ਪ੍ਰਚਾਰ ਦੇ ਸਾਰੇ ਖਰਚੇ ਕਾਨੂੰਨੀ ਤੇ ਨੈਤਿਕ ਮਾਪਦੰਡਾਂ ਦੀ ਪਾਲਣਾ ਵਿੱਚ ਕੀਤੇ ਗਏ ਹਨ।ਇਸ ਤੋਂ ਇਲਾਵਾ, ਇਸ ਪ੍ਰਕਿਰਿਆ ਵਿੱਚ ਸ਼ੈਡੋ ਰਜਿਸਟਰਾਂ ਦੇ ਨਾਲ ਉਮੀਦਵਾਰਾਂ ਦੇ ਅਸਲ ਖਰਚਿਆਂ ਦਾ ਪੂਰਾ ਮੁਲਾਂਕਣ ਵੀ ਸ਼ਾਮਲ ਸੀ।ਮੁਲਾਂਕਣ ਦੇ ਮੁਕੰਮਲ ਹੋਣ 'ਤੇ ਅਬਜ਼ਰਵਰਾਂ ਨੇ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚੋਣ ਲੜਨ ਵਾਲੇ ਉਮੀਦਵਾਰਾਂ ਤੇ ਚੋਣ ਏਜੰਟਾਂ ਦੁਆਰਾ ਕੀਤੇ ਗਏ ਲੇਖਾ-ਜੋਖਾ ਪ੍ਰਕਿਰਿਆਵਾਂ 'ਤੇ ਆਪਣੀ ਤਸੱਲੀ ਪ੍ਰਗਟ ਕੀਤੀ।

# ਨਿੱਜੀ ਹਸਪਤਾਲਾਂ 'ਚ ਟੈਸਟਾਂ ਦੇ ਨਾਂਅ 'ਤੇ ਭਾਰੀ ਲੁੱਟ, ਸਿਹਤ ਵਿਭਾਗ ਕੁੰਭਕਰਨੀ ਨੀਂਦ ਸੁੱਤਾ

## ਮੁੱਖ ਮੰਤਰੀ ਤੇ ਸਿਹਤ ਮੰਤਰੀ ਤੋਂ ਅਜਿਹੇ ਲੁੱਟ ਕਰਨ ਵਾਲੇ ਹਸਪਤਾਲਾਂ ਦੇ ਲਾਇਸੰਸ ਰੱਦ ਕਰਨ ਦੀ ਮੰਗ



**ਮਲੋਟ (ਗੁਰਮੀਤ ਸਿੰਘ ਮੱਕੜ)**

ਪੰਜਾਬ ਵਿੱਚ ਸਿਹਤ ਸਹੂਲਤਾਂ ਦਾ ਜ਼ਨਾਜ਼ਾ ਹੀ ਨਿਕਲ ਗਿਆ ਹੈ। ਭਾਵੇਂ ਕਿ ਸਰਕਾਰ ਵੱਲੋਂ ਮੁਹੱਲਾ ਕਲੀਨਿਕ ਖੋਲ੍ਹਣ ਦਾ ਕਦਮ ਸ਼ਲਾਘਾਯੋਗ ਹੈ, ਪ੍ਰੰਤੂ ਨਿੱਜੀ ਹਸਪਤਾਲਾਂ 'ਤੇ ਸਰਕਾਰ ਦਾ ਕੰਟਰੋਲ ਨਾ ਹੋਣ ਕਾਰਨ ਰਾਜ ਵਾਸੀਆਂ ਦਾ ਆਰਥਿਕ ਸ਼ੋਸ਼ਣ ਤੇ ਖੱਜਲ ਖੁਆਰੀ ਹੋ ਰਹੀ ਹੈ, ਜਿਸ ਨੂੰ ਰੋਕਣ ਵਿੱਚ ਸਰਕਾਰ ਨਾਕਾਮ ਸਾਬਿਤ ਹੋਈ ਹੈ, ਜਿਸ ਕਾਰਨ ਨਿੱਜੀ ਹਸਪਤਾਲਾਂ ਦਾ ਮਾਫ਼ੀਆ ਸਰਕਾਰ 'ਤੇ ਭਾਰੀ ਹੋ ਰਿਹਾ ਹੈ, ਜਿਸ ਦੀ ਤਾਜ਼ਾ ਮਿਸਾਲ ਬੀਤੇ ਦਿਨੀਂ ਸ਼ਹਿਰ ਦੀ ਇੱਕ ਔਰਤ ਵੱਲੋਂ ਬਠਿੰਡਾ ਦੇ ਭੱਟੀ ਰੋਡ 'ਤੇ ਸਥਿਤ ਪੇਟ ਤੇ ਜਿਗਰ ਦੇ ਰੋਗਾਂ ਦੇ ਮਾਹਰ ਡਾਕਟਰ ਦੇ ਨਿੱਜੀ ਹਸਪਤਾਲ ਵਿੱਚ ਦੇਖਣ ਨੂੰ ਮਿਲੀ। ਡਾਕਟਰ ਵੱਲੋਂ ਉਸ ਨੂੰ ਖਾਲੀ ਪੇਟ ਟੈਸਟ ਕਰਵਾਉਣ ਲਈ ਸਵੇਰੇ 8 ਵਜੇ ਹਸਪਤਾਲ ਬੁਲਾਇਆ, ਪ੍ਰੰਤੂ 10 ਵਜੇ ਤੱਕ ਡਾਕਟਰ ਆਪ ਆਇਆ ਹੀ ਨਹੀਂ ਤੇ ਉਸ ਦੇ ਸਹਾਇਕਾਂ ਨੂੰ ਵਾਰ-ਵਾਰ ਟੈਸਟ ਲਈ ਕਿਹਾ ਗਿਆ, ਪ੍ਰੰਤੂ ਉਨ੍ਹਾਂ ਵੱਲੋਂ ਡਾਕਟਰ ਦੇ ਆਉਣ ਦਾ ਕਹਿ ਕੇ ਟੈਸਟ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਫ਼ਿਰ ਜਦੋਂ ਕੁੱਝ ਗਰਮਾ ਗਰਮੀ ਤੋਂ ਬਾਅਦ ਉਨ੍ਹਾਂ ਵੱਲੋਂ ਸਵੇਰੇ ਸਾਢੇ 9 ਵਜੇ ਟੈਸਟ ਕਰਨ ਲਈ ਹਾਮੀਂ ਭਰੀ ਗਈ, ਪ੍ਰੰਤੂ ਫ਼ਿਰ ਵੀ ਰਿਪੋਰਟ ਦੇਣ ਤੱਕ ਡਾਕਟਰ 11 ਵਜੇ ਤੱਕ ਹਸਪਤਾਲ ਹੀ ਨਹੀਂ ਆਇਆ ਅਤੇ ਘਰੇਲੂ ਕੰਮਾਂ ਵਿੱਚ ਹੀ ਉਲਝਿਆ ਰਿਹਾ, ਜਦੋਂਕਿ ਬਾਕੀ ਮਰੀਜ਼ਾਂ ਨੂੰ ਉਸ ਦੇ ਸਹਾਇਕ, ਜੋ ਬਾਹਰਲੇ ਰਾਜਾਂ ਤੋਂ ਸਨ, ਆਪਣਾ ਹੀ ਤੀਰ ਤੁੱਕਾ ਲਗਾ ਕੇ ਦਵਾਈ ਦੇ ਕੇ ਭੇਜਦੇ ਰਹੇ। ਜ਼ਿਕਰਯੋਗ ਹੈ ਕਿ ਜੋ ਟੈਸਟ ਹਸਪਤਾਲ ਤੋਂ ਬਾਹਰ ਇੱਕ ਹਜ਼ਾਰ ਰੁਪਏ ਦਾ ਹੈ, ਹਸਪਤਾਲ ਵਿੱਚ ਦੋ ਹਜ਼ਾਰ ਰੁਪਏ ਦਾ ਹੈ ਅਤੇ ਡਾਕਟਰ ਵੱਲੋਂ ਮਰੀਜ਼ਾਂ ਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਉਹ ਟੈਸਟ ਇੱਥੋਂ ਹੀ ਕਰਵਾਉਣ। ਦੋ ਹਜ਼ਾਰ ਲੈਣ ਦੇ ਬਾਵਜੂਦ ਟੈਸਟ ਲਈ ਵਰਤੇ ਜਾਣ ਵਾਲੇ ਦਸਤਾਨੇ ਵੀ ਮਰੀਜ਼ ਤੋਂ ਮੰਗਵਾਏ ਜਾਂਦੇ ਹਨ, ਜਿੱਥੇ ਇੱਕ ਦਸਤਾਨੇ ਦੀ ਵਰਤੋਂ ਹੁੰਦੀ ਹੈ, ਉੱਥੇ 8 ਦਸਤਾਨੇ ਤੇ ਹੋਰ ਦਵਾਈਆਂ ਮੰਗਵਾ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕੀਤਾ ਜਾਂਦਾ ਹੈ ਅਤੇ ਉੱਤੋਂ ਡਾਕਟਰ ਦਾ ਭਾਰੀ ਫੀਸ। ਜਦੋਂ ਇਸ ਸਬੰਧੀ ਹਸਪਤਾਲ ਦੇ ਸਟਾਫ਼ ਕੋਲ ਇਤਰਾਜ਼ ਪ੍ਰਗਟਾਇਆ ਜਾਂਦਾ ਹੈ ਤਾਂ ਉਨ੍ਹਾਂ ਵੱਲੋਂ ਡਾਕਟਰ ਨਾਲ ਗੱਲ ਕਰਨ ਲਈ ਕਿਹਾ ਜਾਂਦਾ ਹੈ, ਪ੍ਰੰਤੂ ਡਾਕਟਰ ਹਸਪਤਾਲ ਵਿੱਚ ਮੌਜੂਦ ਹੀ ਨਹੀਂ ਹੁੰਦਾ। ਇਹ ਸਾਰਾ ਗੋਰਖ ਧੰਦਾ ਸ਼ਰੇਆਮ ਅਤੇ ਬਿਨਾਂ ਕਿਸੇ ਡਰ ਦੇ ਚੱਲ ਰਿਹਾ ਹੈ, ਜਿਸ ਵਿੱਚ ਇਸ ਨੂੰ ਰੋਕਣ ਵਾਲੀ ਅਫ਼ਸਰਸ਼ਾਹੀ ਵੀ ਭਾਗੀਦਾਰ ਹੈ। ਸਭ ਨਿੱਜੀ ਹਸਪਤਾਲਾਂ ਨੇ ਆਪਣੇ ਪੀ.ਆਰ.ਓ. ਰੱਖੇ ਹੋਏ ਹਨ, ਜੋ ਨਾਲ ਦੇ ਛੋਟੇ ਕਸਬਿਆਂ ਵਿੱਚ ਜਾ ਕੇ ਉੱਥੇ ਬੈਠੇ ਡਾਕਟਰਾਂ ਨੂੰ ਕਮਿਸ਼ਨ ਦਾ ਲਾਲਚ ਦੇ ਕੇ ਆਪਣੇ ਹਸਪਤਾਲ ਵਿੱਚ ਆਉਣ ਲਈ ਆਕਰਸ਼ਿਤ ਕਰਦੇ ਹਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਟੈਸਟ ਕਰਨ ਤੋਂ ਬਾਅਦ ਬਗੈਰ ਡਿਗਰੀ ਤੋਂ ਬੈਠੇ ਸਹਾਇਕ ਹੀ ਇਸ ਦਾ ਨਤੀਜਾ ਦੱਸਦੇ ਹਨ, ਜੋ ਇਸ ਤੋਂ ਅਣਜਾਣ ਹਨ। ਪੀੜਤ ਔਰਤ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸਿਹਤ ਮੰਤਰੀ ਡਾ. ਬਲਵੀਰ ਸਿੰਘ ਤੋਂ ਮੰਗ ਕੀਤੀ ਕਿ ਅਜਿਹੇ ਹਸਪਤਾਲਾਂ ਨੂੰ ਸੀਲ ਕਰਕੇ ਉਨ੍ਹਾਂ ਦੇ ਲਾਇਸੰਸ ਕੈਂਸਲ ਕੀਤੇ ਜਾਣ ਅਤੇ ਰਾਜ ਵਾਸੀਆਂ ਦੇ ਹੋ ਰਹੇ ਆਰਥਿਕ ਸ਼ੋਸ਼ਣ ਤੇ ਖੱਜਲ ਖੁਆਰੀ ਤੋਂ ਰਾਹਤ ਦਿਵਾਈ ਜਾਵੇ ਤਾਂ ਜੋ ਸਰਕਾਰ ਦੀ ਹੋ ਰਹੀ ਸਿਹਤ ਸਹੂਲਤਾਂ ਦੀ ਬਦਨਾਮੀ ਨੂੰ ਰੋਕਿਆ ਜਾ ਸਕੇ।

# ਖ਼ੂਨਦਾਨ ਦੇ ਖੇਤਰ 'ਚ ਅਹਿਮ ਯੋਗਦਾਨ ਪਾਉਣ ਵਾਲਾ ਕਲੱਬ ਸਨਮਾਨਤ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਸਰਕਾਰੀ ਹਸਪਤਾਲ ਮਾਲੇਰਕੋਟਲਾ ਵਿਖੇ ਬਲੱਡ ਬੈਂਕ ਇੰਚਾਰਜ ਡਾ. ਹਰਪ੍ਰੀਤ ਦੀ ਅਗਵਾਈ 'ਚ ਵਿਸ਼ਵ ਖ਼ੂਨਦਾਨ ਦਿਵਸ ਮਨਾਇਆ ਗਿਆ, ਜਿਸ 'ਚ ਜਿਉਂਦੇ ਜੀਅ ਖ਼ੂਨ ਦਾਨ, ਮਰਨ ਉਪਰੰਤ ਅੱਖਾਂ ਦਾਨ ਦੇ ਬੈਨਰ ਹੇਠ ਪਿਛਲੇ 16 ਸਾਲਾਂ ਤੋਂ ਵੱਧ ਚੜ੍ਹ ਕੇ ਸੇਵਾਵਾਂ ਪ੍ਰਦਾਨ ਕਰਨ ਵਾਲੀ ਸੰਸਥਾ ਵਿਗਿਆਨਕ ਤੇ ਵੈੱਲਫ਼ੇਅਰ ਕਲੱਬ ਅਮਰਗੜ੍ਹ ਨੂੰ ਉਚੇਚੇ ਤੌਰ 'ਤੇ ਸਨਮਾਨਤ ਕੀਤਾ ਗਿਆ।ਮੁੱਖ ਮਹਿਮਾਨ ਵਜੋਂ ਪੁੱਜੇ ਡਾ. ਜਗਜੀਤ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਮਾਲੇਰਕੋਟਲਾ ਨੇ ਕਿਹਾ ਕਿ ਹੁਣ ਤੱਕ ਖ਼ੂਨ ਦਾ ਕੋਈ ਬਦਲ ਤਿਆਰ ਨਹੀਂ ਹੋ ਸਕਿਆ, ਲੋੜ ਪੈਣ 'ਤੇ ਇੱਕ ਵਿਅਕਤੀ ਹੀ ਦੂਸਰੇ ਵਿਅਕਤੀ ਨੂੰ ਆਪਣਾ ਖ਼ੂਨ ਦਾਨ ਦੇ ਕੇ ਜੀਵਨ ਦਾਨ ਦਿੰਦਾ ਹੈ।ਇਸ ਲਈ ਖ਼ੂਨਦਾਨੀ ਹੀ ਸਾਡੇ ਸਮਾਜ ਦੇ ਅਸਲੀ ਹੀਰੋ ਹਨ।ਸਨਮਾਨ ਪ੍ਰਾਪਤ ਕਰਨ ਉਪਰੰਤ ਕਲੱਬ ਪ੍ਰਧਾਨ ਡਾ. ਪਵਿੱਤਰ ਸਿੰਘ, ਖ਼ਜ਼ਾਨਚੀ ਮਨਜੀਤ ਸਿੰਘ, ਪ੍ਰੈੱਸ ਸਕੱਤਰ ਰਣਵੀਰ ਸਿੰਘ ਰਾਣਾ ਤੇ ਸਹਿ. ਜਨਰਲ ਸਕੱਤਰ ਹਰਪ੍ਰੀਤ ਸਿੰਘ ਵੱਲੋਂ ਬਲੱਡ ਬੈਂਕ ਦੇ ਸਮੁੱਚੇ ਸਟਾਫ਼ ਤੇ ਡਾਕਟਰ ਸਾਹਿਬਾਨ ਦਾ ਧੰਨਵਾਦ ਕਰਦਿਆਂ ਨੌਜਵਾਨਾਂ ਨੂੰ ਵੱਧ ਤੋਂ ਵੱਧ ਖ਼ੂਨ ਦਾਨ ਕਰਨ ਦੀ ਅਪੀਲ ਕੀਤੀ।ਇਸ ਮੌਕੇ ਜ਼ਿਲ੍ਹੇ ਦੀਆਂ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਦਾ ਵੀ ਸਨਮਾਨ ਚਿੰਨ੍ਹ ਤੇ ਸਜਾਵਟੀ ਬੂਟਿਆਂ ਨਾਲ ਸਨਮਾਨ ਕੀਤਾ ਗਿਆ।

# ਪੇਂਡੂ ਲੋਕਾਂ ਤੇ ਪੇਂਡੂ ਮੈਡੀਕਲ ਪ੍ਰੈਕਟੀਸ਼ਨਰਾਂ ਦਾ ਨਹੁੰ-ਮਾਸ ਦਾ ਰਿਸ਼ਤਾ-ਬਰ੍ਹੇ, ਕੋਟੜਾ

## ਪੇਂਡੂ ਡਾਕਟਰਾਂ ਨੂੰ ਪ੍ਰੈਕਟਿਸ ਕਰਨ ਦਾ ਦਿੱਤਾ ਜਾਵੇ ਅਧਿਕਾਰ



**ਭੀਖੀ, (ਧਰਮਵੀਰ ਸ਼ਰਮਾ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਾਲਕ ਭੀਖੀ ਦੀ ਇੱਕ ਮੀਟਿੰਗ ਵਿਰਾਸਤ ਹੋਟਲ ਵਿਖੇ ਹੋਈ, ਜਿਸ ਵਿੱਚ ਬਾਂਸਲ ਹਸਪਤਾਲ ਮਾਨਸਾ ਦੇ ਡਾ. ਸੁਨੀਲ ਬਾਂਸਲ ਐਮ ਡੀ ਤੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਵਰ੍ਹੇ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਉਨ੍ਹਾਂ ਵੱਖ ਵੱਖ ਬਿਮਾਰੀਆਂ ਸਬੰਧੀ ਵਿਸਤਾਰ ਨਾਲ ਜਾਣਕਾਰੀ ਦਿੱਤੀ ਤੇ ਉਨ੍ਹਾਂ ਦੇ ਇਲਾਜ ਬਾਰੇ ਦੱਸਿਆ।ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਹਰਦੀਪ ਸਿੰਘ ਬਰ੍ਹੇ ਤੇ ਬਲਾਕ ਪ੍ਰਧਾਨ ਡਾ. ਗੁਰਤੇਜ ਸਿੰਘ ਕੋਟੜਾ ਨੇ ਕਿਹਾ ਕਿ ਪੇਂਡੂ ਲੋਕਾਂ ਤੇ ਪਿੰਡਾਂ ਵਿੱਚ ਕੰਮ ਕਰਨ ਵਾਲੇ ਡਾਕਟਰਾਂ ਦਾ ਨਹੁੰ-ਮਾਸ ਦਾ ਰਿਸ਼ਤਾ ਹੈ ਅਤੇ ਪਿੰਡਾਂ ਵਿੱਚ ਲੋਕਾਂ ਦੀ ਜਾਨ ਬਚਾਉਣ ਵਿੱਚ ਮੈਡੀਕਲ ਪ੍ਰੈਕਟੀਸ਼ਟਨਰ ਅਹਿਮ ਰੋਲ ਅਦਾ ਕਰਦੇ ਹਨ।ਉਨ੍ਹਾਂ ਕਿਹਾ ਕਿ ਕਰੋਨਾ ਕਾਲ ਵਿੱਚ ਪੇਂਡੂ ਲੋਕਾਂ ਦੀ ਮੈਡੀਕਲ ਪ੍ਰੈਕਟੀਸ਼ਨਰਾਂ ਨੇ ਪੂਰੀ ਮੱਦਦ ਕੀਤੀ ਹੈ।ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਬੰਦ ਪਈ ਆਰਐਮਪੀ ਰਜਿਸਟ੍ਰੇਸ਼ਨ ਖੋਲ੍ਹੀ ਜਾਵੇ ਤੇ ਸ਼ਾਰਟ ਟਰਮ ਕੋਰਸ ਕਰਵਾ ਕੇ ਡਾਕਟਰਾਂ ਨੂੰ ਪ੍ਰੈਕਟਿਸ ਕਰਨ ਦਾ ਅਧਿਕਾਰ ਦਿੱਤਾ ਜਾਵੇ।ਉਨ੍ਹਾਂ ਕਿਹਾ ਕਿ ਪੇਂਡੂ ਖੇਤਰਾਂ ਲਈ ਮੈਡੀਕਲ ਪ੍ਰੈਕਟੀਸ਼ਨਰ ਮਸੀਹਾ ਸਾਬਿਤ ਹੋਏ ਹਨ।ਇਸ ਮੌਕੇ ਵੱਖ ਵੱਖ ਪਿੰਡਾਂ ਤੋਂ ਆਏ ਡਾਕਟਰਾਂ ਨੇ ਡਾ. ਸੁਨੀਲ ਬਾਂਸਲ ਦਾ ਸਵਾਗਤ ਕੀਤਾ।ਇਸ ਮੌਕੇ ਡਾ. ਅਮਰੀਕ ਖਾਨ, ਡਾ. ਰਾਜ ਖਾਨ, ਡਾ. ਜਗਸੀਰ ਗੋਰਾ, ਡਾ. ਹਰਜਿੰਦਰ ਸਿੰਘ, ਡਾ. ਗੁਰਤੇਜ ਸ਼ਰਮਾ, ਡਾ. ਸਤਪਾਲ ਸਿੰਘ, ਡਾ. ਹਾਕਮ ਖਾਨ, ਡਾ. ਬਿੱਟੂ ਸਮਾਉਂ, ਡਾ. ਗੁਰਪ੍ਰੀਤ ਸਿੰਘ, ਡਾ. ਬਲਜੀਤ ਪਰੋਚਾ ਵੀ ਹਾਜ਼ਰ ਸਨ।

# ਆਰ ਐੱਮ ਪੀ ਆਈ ਦੀ ਪੰਜਾਬ ਰਾਜ ਕਮੇਟੀ ਵੱਲੋਂ 19 ਤੇ 25 ਜੁਲਾਈ ਨੂੰ ਜਲੰਧਰ ਤੇ ਸੰਗਰੂਰ 'ਚ ਕਨਵੈਨਸ਼ਨਾਂ

**ਜਲੰਧਰ**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ. ਐਮ. ਪੀ. ਆਈ.) ਦੀ ਪੰਜਾਬ ਰਾਜ ਕਮੇਟੀ ਵਲੋਂ 19 ਅਤੇ 25 ਜੁਲਾਈ ਨੂੰ ਕ੍ਰਮਵਾਰ ਜਲੰਧਰ ਅਤੇ ਸੰਗਰੂਰ ਵਿਖੇ ਪ੍ਰਭਾਵਸ਼ਾਲੀ ਜਨਤਕ ਕਨਵੈਨਸ਼ਨਾਂ ਕੀਤੀਆਂ ਜਾਣਗੀਆਂ। ਉਕਤ ਕਨਵੈਨਸ਼ਨਾਂ ਰਾਹੀਂ ਬੇਰੁਜ਼ਗਾਰੀ, ਮਹਿੰਗਾਈ, ਨਸ਼ਾ ਤਸਕਰੀ, ਰੇਤ-ਬਜਰੀ ਤੇ ਖਣਨ ਮਾਫੀਆ, ਲੁੱਟਾਂ-ਖੋਹਾਂ, ਕਤਲਾਂ ਦੀਆਂ ਵਾਰਦਾਤਾਂ ਅਤੇ ਨਾਸੂਰ ਬਣ ਚੁੱਕੇ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਏ ਜਾਣ ਅਤੇ ਸਮੁੱਚੀ ਵੱਸੋਂ ਨੂੰ ਪੀਣ ਵਾਲਾ ਸਵੱਛ ਪਾਣੀ, ਇਕਸਾਰ ਤੇ ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ ਦਿੱਤੇ ਜਾਣ ਲਈ ਅਤੇ ਨਾਲ ਹੀ ਪੰਜਾਬ ਨਾਲ ਸਬੰਧਤ ਮਸਲਿਆਂ ਦੇ ਸਨਮਾਨ ਯੋਗ, ਸਥਾਈ ਹੱਲ ਲਈ ਰਾਜ ਕਮੇਟੀ ਵਲੋਂ ਲੜੇ ਜਾਣ ਵਾਲੇ ਤਿੱਖੇ ਤੇ ਬੱਝਵੇਂ ਜਨਤਕ ਸੰਘਰਸ਼ ਦੀ ਕਾਮਯਾਬੀ ਲਈ ਪ੍ਰਾਂਤ ਵਾਸੀਆਂ ਨੂੰ ਤਨ-ਮਨ-ਧਨ ਨਾਲ ਸਹਿਯੋਗ ਕਰਨ ਦਾ ਸੱਦਾ ਦਿੱਤਾ ਜਾਵੇਗਾ। ਇਹ ਫੈਸਲਾ ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ 28-29 ਜੂਨ ਨੂੰ ਜਲੰਧਰ ਵਿਖੇ ਹੋਈ ਰਾਜ ਕਮੇਟੀ ਦੀ ਦੋ ਦਿਨਾ ਮੀਟਿੰਗ ਵਲੋਂ ਲਿਆ ਗਿਆ ਹੈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਹੈ ਕਿ ਭਾਰਤੀ ਵੋਟਰਾਂ ਨੇ ਆਰ.ਐਸ.ਐਸ. ਦੀ ਹੱਥਠੋਕਾ ਮੋਦੀ-ਸ਼ਾਹ ਸਰਕਾਰ ਦੇ ਭਾਰਤ ਦੇ ਧਰਮ ਨਿਰਪੱਖ ਸੰਵਿਧਾਨ ਨੂੰ ਬਦਲਣ ਦੇ ਕੋਝੇ ਮਨਸੂਬੇ ਫੇਲ੍ਹ ਕਰ ਦਿੱਤੇ ਹਨ। ਭਾਰਤੀ ਵੋਟਰਾਂ ਨੇ ਸਰਕਾਰ ਵਲੋਂ, ਸੰਵਿਧਾਨਕ ਅਧਿਕਾਰਾਂ ਦਾ ਖਾਤਮਾ ਕਰਕੇ ਧਨਾਢਾਂ ਦੇ ਹਿਤ ਪੂਰਨ ਹਿਤ ਭਾਰਤੀ ਆਵਾਮ ਦੀ ਰੋਜ਼ੀ-ਰੋਟੀ ਦੇ ਵਸੀਲਿਆਂ ਨੂੰ ਖੋਹਣ ਲਈ ਕੀਤੇ ਜਾ ਰਹੇ ਹਮਲਿਆਂ ਵਿਰੁੱਧ ਸੰਸਦ ਦੇ ਅੰਦਰ ਉਸਾਰੂ ਬਹਿਸ ਰਾਹੀਂ ਗਰਜ਼ਵੀਂ ਆਵਾਜ਼ ਬੁਲੰਦ ਕਰਨ ਅਤੇ ਸੜਕ 'ਤੇ ਤਿੱਖੇ ਜਨ-ਅੰਦੋਲਨ ਵਿੱਢਣ ਲਈ ਵਿਰੋਧੀ ਧਿਰ ਦੇ ਪੱਖ ਵਿੱਚ ਵੀ ਸ਼ਕਤੀਸ਼ਾਲੀ ਫਤਵਾ ਦਿੱਤਾ ਹੈ। ਸਾਥੀ ਪਾਸਲਾ ਨੇ ਕਿਹਾ ਹੈ ਕਿ ਜੇ ਚੋਣ ਕਮਿਸ਼ਨ ਨੇ ਆਪਣੀ ਸੰਵਿਧਾਨਕ ਭੂਮਿਕਾ ਬਿਨਾਂ ਪੱਖਪਾਤ ਤੋਂ ਨਿਭਾਈ ਹੁੰਦੀ ਤਾਂ ਭਾਜਪਾ ਨੂੰ ਫੈਸਲਾਕੁੰਨ ਹਾਰ ਮਿਲਣੀ ਤੈਅ ਸੀ। ਉਨ੍ਹਾਂ ਕਿਹਾ ਕਿ ਇਸ ਦੁਰਦਸ਼ਾ ਦੇ ਬਾਵਜੂਦ ਸੰਘ-ਭਾਜਪਾ ਤੇ ਮੋਦੀ ਆਪਣਾ ਤਬਾਹਕੁੰਨ ਏਜੰਡਾ ਅਤੇ ਹੰਕਾਰੀ ਕਾਰਜਸ਼ੈਲੀ ਕਤਈ ਨਹੀਂ ਛੱਡਣਗੇ, ਜਿਸ ਦਾ ਪ੍ਰਗਟਾਵਾ ਸਪੀਕਰ ਦੀ ਚੋਣ ਦੇ ਢੰਗ, ਰਾਸ਼ਟਰਪਤੀ ਦੇ ਭਾਸ਼ਣ ਅਤੇ ਦੇਸ਼ ਭਰ ਵਿੱਚ ਮੁਸਲਮਾਨਾਂ ਖਿਲਾਫ਼ ਹਿੰਸਕ ਵਾਰਦਾਤਾਂ ਦੇ ਵਾਧੇ ਤੋਂ ਬਾਖੂਬੀ ਹੁੰਦਾ ਹੈ। ਉਨ੍ਹਾਂ ਕਿ ਆਰ.ਐਸ.ਐਸ. ਦੇ ਫਿਰਕੂ-ਫਾਸ਼ੀ ਹੱਲਿਆਂ ਅਤੇ ਨਵ-ਉਦਾਰਵਾਦੀ ਨੀਤੀਆਂ ਨੂੰ ਭਾਂਜ ਦੇਣ ਲਈ ਧੁਰ ਹੇਠਾਂ ਤੋਂ ਵਿਚਾਰਧਾਰਕ ਘੋਲਾਂ ਰਾਹੀਂ ਵਿਸ਼ਾਲ ਜਨ-ਲਾਮਬੰਦੀ ਕਰਕੇ ਫੈਸਲਾਕੁੰਨ ਸੰਘਰਸ਼ ਵਿੱਢਣੇ ਅਜੋਕੇ ਸਮਿਆਂ ਦੀ ਸਭ ਤੋਂ ਵੱਡੀ ਲੋੜ ਹੈ।ਉਨ੍ਹਾਂ ਦੱਸਿਆ ਕਿ ਉਕਤ ਦਿਸ਼ਾ ਵਿੱਚ ਆਜ਼ਾਦਾਨਾ ਅਤੇ ਖੱਬੀਆਂ ਧਿਰਾਂ ਦੇ ਸਾਂਝੇ ਘੋਲ ਉਸਾਰਨ ਲਈ 17-18 ਜੁਲਾਈ ਨੂੰ ਜਲੰਧਰ ਵਿਖੇ ਪਾਰਟੀ ਦੀ ਕੇਂਦਰੀ ਕਮੇਟੀ ਅਤੇ ਐਮ.ਸੀ.ਪੀ.ਆਈ.-ਯੂ. ਤੇ ਆਰ ਐਮ ਪੀ ਆਈ 'ਤੇ ਆਧਾਰਿਤ 'ਕਮਿਊਨਿਸਟ ਕੋ-ਆਰਡੀਨੇਸ਼ਨ ਕਮੇਟੀ' ਦੀਆਂ ਮੀਟਿੰਗਾਂ ਹੋਣ ਜਾ ਰਹੀਆਂ ਹਨ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਪ੍ਰਾਂਤ ਦੀ ਅਮਨ-ਕਾਨੂੰਨ ਦੀ ਬਦਹਾਲ ਸਥਿਤੀ ਅਤੇ ਸੂਬਾ ਸਰਕਾਰ ਦੀਆਂ ਚੌਤਰਫਾ ਨਾਕਾਮੀਆਂ, ਹਿੰਦੂਤਵੀ ਤਾਕਤਾਂ ਅਤੇ ਸਿੱਖਾਂ ਵਿਚਲੇ ਕੱਟੜਪੰਥੀ ਤੱਤਾਂ ਵਲੋਂ ਕੀਤੇ ਜਾ ਰਹੇ ਫਿਰਕੂ ਕਤਾਰਬੰਦੀ ਦੇ ਕੋਝੇ ਯਤਨਾਂ ਤੋਂ ਸੁਚੇਤ ਹੋ ਕੇ ਪੰਜਾਬ-ਪੰਜਾਬੀਅਤ ਦੀ ਰਾਖੀ ਤੇ ਮਜ਼ਬੂਤੀ ਲਈ ਸਮੂਹ ਪੰਜਾਬੀਆਂ ਦੇ ਇਕਜੁੱਟ ਸੰਘਰਸ਼ ਵਿੱਢਣ ਦੇ ਅਣਥੱਕ ਯਤਨ ਕਰਨ ਦਾ ਸੱਦਾ ਦਿੱਤਾ ਹੈ।ਮੀਟਿੰਗ ਵੱਲੋਂ ਅਸਹਿਮਤੀ ਦੀਆਂ ਆਵਾਜ਼ਾਂ ਬੁਲੰਦ ਕਰਨ ਬਦਲੇ ਬੁੱਧੀਜੀਵੀਆਂ, ਮਨੁੱਖੀ ਅਧਿਕਾਰ ਕਾਰਕੁੰਨਾਂ ਅਤੇ ਰਾਜਸੀ ਵਿਰੋਧੀਆਂ ਖ਼ਿਲਾਫ਼ ਪਰਚੇ ਦਰਜ ਕਰਨ ਅਤੇ ਜਮਹੂਰੀ ਅਧਿਕਾਰ ਕੁਚਲਣ ਦੀ ਮਨਸ਼ਾ ਅਧੀਨ ਨਵੇਂ ਕਾਲੇ ਕਾਨੂੰਨ ਘੜੇ ਜਾਣ ਦੀ ਕੇਂਦਰੀ ਸਰਕਾਰ ਦੀ ਖਤਰਨਾਕ ਮਨਸੂਬਾ ਬੰਦੀ ਦੀ ਡਟਵੀਂ ਨਿੰਦਾ ਕਰਦਿਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਕੈਦੀ ਅਤੇ ਜੇਲ੍ਹਾਂ 'ਚ ਬੰਦ ਬੇਗੁਨਾਹਾਂ ਨੂੰ ਫੌਰੀ ਰਿਹਾਅ ਕਰਨ ਦੀ ਮੰਗ ਕੀਤੀ ਗਈ ਹੈ। ਮੀਟਿੰਗ ਦੇ ਆਰੰਭ ਵਿਚ ਸਦੀਵੀ ਵਿਛੋੜਾ ਦੇ ਗਏ ਪਾਰਟੀ ਦੀ ਫਾਜ਼ਿਲਕਾ ਜ਼ਿਲ੍ਹਾ ਕਮੇਟੀ ਦੇ ਪ੍ਰਧਾਨ ਸਾਥੀ ਕੁਲਵੰਤ ਸਿੰਘ 'ਕਿਰਤੀ' ਅਤੇ ਹੋਰ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

# ਕਸ਼ਯਪ ਮਹਿਰਾ ਵੈੱਲਫੇਅਰ ਸੁਸਾਇਟੀ ਪੰਜਾਬ ਵੱਲੋਂ ਮੁੱਖ ਮੰਤਰੀ ਨੂੰ ਮੈਮੋਰੰਡਮ



ਜਲੰਧਰ : ਕਸ਼ਯਪ ਮਹਿਰਾ ਵੈੱਲਫੇਅਰ ਸੁਸਾਇਟੀ ਪੰਜਾਬ ਦੀ ਇੱਕ ਮੀਟਿੰਗ ਪ੍ਰਧਾਨ ਸ਼ਿਵ ਕੁਮਾਰ ਘੁੱਲਾ ਦੀ ਪ੍ਰਧਾਨਗੀ ਹੇਠ ਜਲੰਧਰ ਵਿਖੇ ਹੋਈ, ਜਿਸ ਵਿੱਚ ਸਾਰੇ ਪੰਜਾਬ ਤੋਂ ਆਏ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਮੁੱਖ ਮੰਤਰੀ ਪੰਜਾਬ ਨੂੰ ਇੱਕ ਮੈਮੋਰੰਡਮ ਦਿੱਤਾ ਗਿਆ, ਜਿਸ ਵਿੱਚ ਸੁਸਾਇਟੀ ਦੀਆਂ ਮੰਗਾਂ ਮੁੱਖ ਮੰਤਰੀ ਨੇ ਪੂਰੀਆਂ ਕਰਨ ਦਾ ਵਾਅਦਾ ਕੀਤਾ। ਇਹਨਾਂ ਮੰਗਾਂ ਵਿੱਚ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਲਈ ਬੈਕਵਰਡ ਕਲਾਸਿਜ਼ ਨੂੰ 27 ਫੀਸਦੀ ਰਿਜ਼ਰਵੇਸ਼ਨ ਦੇਣ, ਪੰਚਾਇਤ ਮੈਂਬਰ ਤੋਂ ਲੈ ਕੇ ਵਿਧਾਇਕ, ਮੰਤਰੀ ਤੇ ਐਮ ਪੀ ਤੱਕ ਦੀ ਨੁਮਾਇੰਦਗੀ ਦੇਣ ਲਈ ਯੋਗ ਪ੍ਰਬੰਧ ਕਰਨ ਬਾਰੇ ਕਿਹਾ ਗਿਆ। ਪੰਜਾਬ ਬੈਂਕਫਿਨਕੋ ਦਾ ਚੇਅਰਮੈਨ ਪੱਛੜੀਆਂ ਸ਼੍ਰੇਣੀਆਂ ਵਿੱਚੋਂ ਲਗਾਇਆ ਜਾਵੇ, ਪੱਛੜੀਆਂ ਸ਼੍ਰੇਣੀਆਂ ਲਈ ਅਲੱਗ ਡਾਇਰੈਕਟੋਰੇਟ ਲਗਾਇਆ ਜਾਵੇ ਆਦਿ ਸ਼ਾਮਲ ਹਨ। ਇਸ ਮੌਕੇ ਮਤਾ ਪਾਸ ਕੀਤਾ ਗਿਆ ਕਿ ਜਲੰਧਰ ਪੱਛਮੀ ਜ਼ਿਮਨੀ ਚੋਣ ਵਿੱਚ ਕਸ਼ਯਪ ਬਰਾਦਰੀ ਪੂਰੀ ਤਨਦੇਹੀ ਨਾਲ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੀ ਮਦਦ ਕਰੇਗੀ।

# ਪੀ ਐੱਚ ਡੀ ਸੀ ਸੀ ਆਈ ਸੀ-ਫੋਰਮ ਵੱਲੋਂ ਵਿੱਤੀ ਨਿਵੇਸ਼ ਬਾਬਤ ਵਿਚਾਰ-ਵਟਾਂਦਰਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ., ਕੰਵਲਜੀਤ ਸਿੰਘ)**-ਪੀਐੱਚਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਵੱਲੋਂ ਸੁਰੱਖਿਅਤ ਭਵਿੱਖ ਲਈ ਵਿੱਤੀ ਨਿਵੇਸ਼ 'ਤੇ ਇੱਕ ਸੰਵਾਦ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸਦਾ ਉਦੇਸ਼ ਬਾਜ਼ਾਰ 'ਚ ਉਪਲਬਧ ਵੱਖ-ਵੱਖ ਵਿੱਤੀ ਸਾਧਨਾਂ ਅਤੇ ਨਿਵੇਸ਼ ਵਿਕਲਪਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।ਸ਼ੀ-ਫੋਰਮ ਦੀ ਪ੍ਰਧਾਨ ਸ਼੍ਰੀਮਤੀ ਟੀਨਾ ਅਗਰਵਾਲ ਨੇ ਡੈਲੀਗੇਟਾਂ ਅਤੇ ਬੁਲਾਰਿਆਂ ਦਾ ਸਵਾਗਤ ਕਰਨ ਦੇ ਨਾਲ ਨਾਲ ਅੱਜ ਦੇ ਗਤੀਸ਼ੀਲ ਆਰਥਿਕ ਮਾਹੌਲ ਵਿੱਚ ਵਿੱਤੀ ਸਾਖਰਤਾ ਅਤੇ ਸਰਗਰਮ ਨਿਵੇਸ਼ ਰਣਨੀਤੀਆਂ ਦੀ ਮਹੱਤਤਾ ਤੇ ਜ਼ੋਰ ਦਿੱਤਾ। ਮਾਸਟਰ ਪੋਰਟਫੋਲੀਓ ਸਰਵਿਸਿਜ਼ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਗੁਰਮੀਤ ਸਿੰਘ ਚਾਵਲਾ ਨੇ ਬਦਲਦੇ ਸਮੇਂ ਵਿੱਚ ਤਣਾਅ-ਮੁਕਤ ਦੌਲਤ ਸਿਰਜਣ ਲਈ ਨਿਵੇਸ਼ ਕਰਨ ਲਈ ਪੋਰਟਫੋਲੀਓ ਦ੍ਰਿਸ਼ਟੀਕੋਣ ਬਾਰੇ ਗੱਲ ਕੀਤੀ।ਉਨ੍ਹਾਂ ਵਿੱਤੀ ਯੋਜਨਾਬੰਦੀ ਦੀ ਲੋੜ, ਵਿੱਤੀ ਯੋਜਨਾਬੰਦੀ ਦੇ ਪੜਾਵਾਂ ਬਾਰੇ ਜਾਣਕਾਰੀ ਦਿੱਤੀ। ਚਾਵਲਾ ਨੇ ਬਾਜ਼ਾਰ ਦੇ ਰੁਝਾਨਾਂ ਬਾਰੇ ਜਾਣਕਾਰੀ ਰੱਖਣ ਅਤੇ ਉਸ ਅਨੁਸਾਰ ਨਿਵੇਸ਼ ਰਣਨੀਤੀਆਂ ਨੂੰ ਵਿਵਸਥਿਤ ਕਰਨ ਦੇ ਮਹੱਤਵ ਨੂੰ ਉਜਾਗਰ ਕਰਨਾ।ਆਈ ਸੀ ਆਈ ਸੀ ਆਈ ਪ੍ਰੂਡੈਂਸ਼ੀਅਲ ਐਸੇਟ ਮੈਨੇਜਮੈਂਟ ਕੰਪਨੀ ਲਿਮਟਿਡ ਦੇ ਕਲੱਸਟਰ ਹੈੱਡ (ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਅਤੇ ਕਸ਼ਮੀਰ) ਪ੍ਰਣਬ ਗੁਪਤਾ ਨੇ ਮਿਉਚੁਅਲ ਫੰਡ ਅਤੇ ਵਿਕਲਪਕ ਉਤਪਾਦਾਂ ਰਾਹੀਂ ਦੌਲਤ ਸਿਰਜਣ ਬਾਰੇ ਇੱਕ ਵਿਆਪਕ ਅਤੇ ਜਾਣਕਾਰੀ ਭਰਪੂਰ ਪੇਸ਼ਕਾਰੀ ਦਿੱਤੀ।ਉਨ੍ਹਾਂ ਨੇ ਇੱਕ ਬਹੁਮੁਖੀ ਨਿਵੇਸ਼ ਸਾਧਨ ਵਜੋਂ ਮਿਉਚੁਅਲ ਫੰਡ ਦੇ ਲਾਭਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਅਤੇ ਵਿਕਲਪਕ ਨਿਵੇਸ਼ ਉਤਪਾਦਾਂ ਦੀ ਖੋਜ ਕੀਤੀ ਜੋ ਪੋਰਟਫੋਲੀਓ ਦੀ ਕਾਰਗੁਜ਼ਾਰੀ ਨੂੰ ਵਧਾ ਸਕਦੇ ਹਨ। ਗੁਪਤਾ ਨੇ ਵਿੱਤੀ ਬਾਜ਼ਾਰਾਂ ਦੀਆਂ ਗੁੰਝਲਾਂ ਨੂੰ ਸਮਝਣ ਲਈ ਪੇਸ਼ੇਵਰ ਮਾਰਗਦਰਸ਼ਨ ਦੀ ਮਹੱਤਤਾ ਤੇ ਜ਼ੋਰ ਦਿੱਤਾ।ਪੀਐੱਚਡੀਸੀਸੀਆਈ ਦੇ ਕਨਵੀਨਰ ਅਤੇ ਸੀਏ ਜੈਦੀਪ ਸਿੰਘ ਨੇ ਨਿਵੇਸ਼ ਦੇ ਅਨੁਭਵ ਨੂੰ ਸਾਂਝਾ ਕਰਦੇ ਹੋਏ ਭਾਗੀਦਾਰਾਂ ਨੂੰ ਅਨੁਸ਼ਾਸਿਤ ਅਤੇ ਸੂਚਿਤ ਨਿਵੇਸ਼ ਅਭਿਆਸਾਂ ਨੂੰ ਅਪਣਾਉਣ ਦੀ ਅਪੀਲ ਕੀਤੀ।ਉਨ੍ਹਾਂ ਨੇ ਆਪਣੇ ਵਿਆਪਕ ਤਜ਼ਰਬੇ ਤੋਂ ਸਮਝ ਸਾਂਝੀ ਕੀਤੀ ਅਤੇ ਵਿੱਤੀ ਸਥਿਰਤਾ ਦੀ ਖੋਜ ਵਿੱਚ ਧੀਰਜ ਅਤੇ ਸਖ਼ਤ ਮਿਹਨਤ ਦੀ ਲੋੜ ਨੂੰ ਉਜਾਗਰ ਕੀਤਾ।ਸੈਸ਼ਨ ਦਾ ਸੰਚਾਲਨ ਮੀਨਾ ਸਿੰਘ, ਕੋ-ਕਨਵੀਨਰ, ਪੀਐੱਚਡੀ ਸੀ ਸੀ ਆਈ ਐੱਸ ਐੱਚ ਈ ਫੋਰਮ, ਅੰਮ੍ਰਿਤਸਰ ਜ਼ੋਨ ਵੱਲੋਂ ਕੀਤਾ ਗਿਆ।ਸੈਸ਼ਨ ਵਿੱਚ ਸਟਾਕ, ਮਿਉਚੁਅਲ ਫੰਡ 'ਚ ਨਿਵੇਸ਼ ਦੇ ਲਾਲ, ਕੁਆਂਟ ਫੰਡ ਦੇ ਲਾਭਾਂ ਬਾਰੇ ਇੱਕ ਵਿਹਾਰਕ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਪੈਸਾ ਕਿੱਥੇ ਨਿਵੇਸ਼ ਕਰਨਾ ਹੈ, ਇਸ ਬਾਰੇ ਸਵਾਲਾਂ ਦੇ ਜਵਾਬ ਦਿੱਤੇ ਗਏ। ਇਸ ਮੌਕੇ 'ਤੇ ਪੀਐੱਚਡੀਸੀਸੀਆਈ ਸੰਚਾਲਨ ਕਮੇਟੀ ਦੀ ਮੈਂਬਰ ਰਿਪਤੀ ਟੁਟੇਜਾ, ਪੰਜਾਬ ਚੈਪਟਰ ਦੇ ਕੋ-ਚੇਅਰਮੈਨ ਸਟਾਰਟਅਪ ਅਤੇ ਉਦਮੀ ਫੋਰਮ ਅਮਿਤ ਮਦਾਨ ਸਮੇਤ ਕਈ ਪਤਵੰਤੇ ਹਾਜ਼ਰ ਸਨ।

# ਐੱਸ ਕੇ ਐੱਮ ਗੈਰ-ਸਿਆਸੀ ਵੱਲੋਂ ਨਾਗਪੁਰ 'ਚ ਕਿਸਾਨਾਂ ਦੀ ਲਾਮਬੰਦੀ ਲਈ ਮੀਟਿੰਗ



**ਸਮਰਾਲਾ (ਸੁਰਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਵਫ਼ਦ ਵੱਲੋਂ ਸੱਚਖੰਡ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਮੱਥਾ ਟੇਕਿਆ ਤੇ ਮੋਰਚੇ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ।ਇਸ ਮੌਕੇ ਕਿਸਾਨ ਆਗੂਆਂ ਦੇ ਵਫ਼ਦ ਵੱਲੋਂ ਬਾਬਾ ਨਰਿੰਦਰ ਸਿੰਘ ਤੇ ਬਾਬਾ ਬਲਵਿੰਦਰ ਸਿੰਘ (ਕਾਰ ਸੇਵਾ ਤਖ਼ਤ ਸ਼੍ਰੀ ਹਜ਼ੂਰ ਸਾਹਿਬ) ਵੱਲੋਂ ਕਿਸਾਨ ਅੰਦੋਲਨ ਵਿੱਚ ਨਿਭਾਈ ਗਈ ਲੰਗਰ ਦੀ ਸੇਵਾ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ, ਜਿਸ ਉਪਰੰਤ ਬਾਬਾ ਨਰਿੰਦਰ ਸਿੰਘ ਵੱਲੋਂ ਸਮੂਹ ਕਿਸਾਨ ਆਗੂਆਂ ਨੂੰ ਸਿਰੋਪਾਓ ਦੇ ਕੇ ਉਨ੍ਹਾਂ ਦਾ ਮਨੋਬਲ ਵਧਾਇਆ। ਅੱਗੇ ਜਾਣਕਾਰੀ ਦਿੰਦੇ ਹੋਏ ਜਗਜੀਤ ਸਿੰਘ ਡੱਲੇਵਾਲ ਤੇ ਲਖਵਿੰਦਰ ਸਿੰਘ ਔਲਖ ਨੇ ਦੱਸਿਆ ਕਿ ਐਸ.ਕੇ.ਐਮ (ਗੈਰ-ਸਿਆਸੀ) ਵੱਲੋਂ ਮਹਾਰਾਸ਼ਟਰ ਦੇ ਬਾਬਾ ਦੀਪ ਸਿੰਘ ਨਗਰ, ਨਾਗਪੁਰ ਵਿਖੇ ਕਿਸਾਨਾਂ ਨੂੰ ਲਾਮਬੰਦ ਕਰਨ ਅਤੇ ਕਿਸਾਨ ਅੰਦੋਲਨ 02 ਵੱਲੋਂ ਉਲੀਕੇ ਗਏ ਪ੍ਰੋਗਰਾਮਾਂ ਨੂੰ ਵੱਡੇ ਪੱਧਰ ਉੱਪਰ ਮਹਾਰਾਸ਼ਟਰ ਵਿੱਚ ਲਾਗੂ ਕਰਨ ਲਈ ਕਿਸਾਨਾਂ ਨਾਲ ਮੀਟਿੰਗ ਕੀਤੀ ਗਈ ਹੈ, ਜਿਸ ਵਿੱਚ ਪੰਜਾਬ ਤੋਂ ਜਗਜੀਤ ਸਿੰਘ ਡੱਲੇਵਾਲ, ਸੁਖਜੀਤ ਸਿੰਘ, ਹਰਿਆਣਾ ਤੋਂ ਅਭਿਮਨਿਊ ਕੋਹਾੜ, ਲਖਵਿੰਦਰ ਸਿੰਘ ਔਲਖ, ਜ਼ਫ਼ਰ ਖਾਨ, ਡਾ. ਜਸਬੀਰ ਸਿੰਘ, ਹਰਵਿੰਦਰ ਸਿੰਘ, ਧਰਮਬੀਰ ਸਿੰਘ, ਗੁਰਬੀਰ ਸਿੰਘ, ਬੂਟਾ ਸਿੰਘ, ਪ੍ਰਭਜੀਤ ਸਿੰਘ, ਨਿਸ਼ਾਨ ਸਿੰਘ, ਮਲਕੀਤ ਸਿੰਘ, ਸੁਖਰਾਜ ਸਿੰਘ ਆਦਿ ਹਾਜ਼ਰ ਆਗੂਆਂ ਵੱਲੋਂ ਸੰਬੋਧਨ ਕੀਤਾ ਗਿਆ। ਇਸ ਮੌਕੇ ਆਪਣੇ ਸੰਬੋਧਨ ਵਿੱਚ ਗੁਰਵਿੰਦਰ ਸਿੰਘ ਢਿੱਲੋਂ ਨੇ ਕਿਹਾ ਨਾਗਪੁਰ ਦੇ ਕਿਸਾਨਾਂ ਨੇ ਪਿੱਛਲੇ ਅੰਦੋਲਨ ਵਿੱਚ ਵੀ ਮੋਰਚੇ ਵੱਲੋਂ ਦਿੱਤੇ ਹਰ ਪ੍ਰੋਗਰਾਮ ਨੂੰ ਲਾਗੂ ਕੀਤਾ ਗਿਆ ਹੈ, ਜਿਸ ਦੌਰਾਨ ਸਰਕਾਰ ਵੱਲੋਂ ਜਬਰ ਕਰਦੇ ਹੋਏ ਕਈ ਕਿਸਾਨਾਂ ਉੱਪਰ ਕੇਸ ਦਰਜ ਤੇ ਸਰਕਾਰੀ ਜਬਰ ਦੇ ਅੱਗੇ ਨਾ ਝੁਕਦੇ ਹੋਏ ਕਿਸਾਨਾਂ ਵੱਲੋਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਜਾਰੀ ਰੱਖਿਆ ਗਿਆ ਸੀ।ਜਗਜੀਤ ਸਿੰਘ ਡੱਲੇਵਾਲ ਨੇ ਦੱਸਿਆ ਕਿ ਐਸ.ਕੇ.ਐਮ (ਗੈਰ-ਸਿਆਸੀ) ਆਪਣੇ ਆਉਣ ਵਾਲੇ ਪ੍ਰੋਗਰਾਮਾਂ ਤਹਿਤ ਮਹਾਰਾਸ਼ਟਰ ਵਿੱਚ ਵੀ ਇੱਕ ਵੱਡੀ ਕਿਸਾਨ ਰੈਲੀ ਕਰੇਗਾ।ਇਸ ਮੌਕੇ ਨਾਗਪੁਰ (ਮਹਾਰਾਸ਼ਟਰ) ਦੇ ਕਿਸਾਨ ਆਗੂ ਗੁਰਵਿੰਦਰ ਸਿੰਘ ਢਿੱਲੋਂ ਵੱਲੋਂ ਐਸ.ਕੇ.ਐਮ ਗੈਰ-ਸਿਆਸੀ ਦੇ ਸਾਰੇ ਕਿਸਾਨ ਆਗੂਆਂ ਦਾ ਧੰਨਵਾਦ ਕੀਤਾ ਗਿਆ ਤੇ ਭਰੋਸਾ ਦਿਵਾਇਆ ਕਿ ਉਹ ਚੱਲ ਰਹੇ ਕਿਸਾਨ ਅੰਦੋਲਨ-2 ਵਿੱਚ ਮਹਾਰਾਸ਼ਟਰ ਦੇ ਕਿਸਾਨਾਂ ਨੂੰ ਵੀ ਲਾਮਬੰਦ ਕਰਨਗੇ ਤੇ ਐਸ.ਕੇ.ਐਮ ਗੈਰ-ਸਿਆਸੀ ਤੇ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਦਿੱਤੇ ਗਏ ਸਾਰੇ ਪ੍ਰੋਗਰਾਮਾਂ ਨੂੰ ਮਹਾਰਾਸ਼ਟਰ ਵਿੱਚ ਵੀ ਲਾਗੂ ਕੀਤਾ ਜਾਵੇਗਾ।

# ਕਾਮਰੇਡ ਹਜ਼ਾਰਾ ਸਿੰਘ ਜੱਸੜ, ਗੁਰਮੀਤ ਕੌਰ ਸੂਫ਼ੀਆਂ ਤੇ ਕੰਵਲਜੀਤ ਕੌਰ ਉਮਰਪੁਰਾ ਦੀ ਬਰਸੀ ਮਨਾਈ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਅਜਨਾਲਾ ਜਨਤਕ ਜਥੇਬੰਦੀਆਂ ਵੱਲੋਂ ਦੇਸ਼ ਭਗਤ ਕਾ. ਹਜਾਰਾ ਸਿੰਘ ਜੱਸੜ ਅਤੇ ਉਘੀਆਂ ਸਮਾਜ ਸੇਵਕਾਵਾਂ ਗੁਰਮੀਤ ਕੌਰ ਸੂਫ਼ੀਆਂ ਤੇ ਕੰਵਲਜੀਤ ਕੌਰ ਉਮਰਪੁਰਾ ਦੀ ਸਾਂਝੀ ਬਰਸੀ ਅਜੀਤ ਕੌਰ ਕੋਟਰਜਾਦਾ, ਸਤਵਿੰਦਰ ਸਿੰਘ ਓਠੀਆਂ, ਗੁਰਨਾਮ ਸਿੰਘ ਉਮਰਪੁਰਾ, ਬਲਕਾਰ ਸਿੰਘ ਗੁੱਲਗੜ੍ਹ ਤੇ ਵਿਰਸਾ ਸਿੰਘ ਟਪਿਆਲਾ ਦੀ ਸਾਂਝੀ ਪ੍ਰਧਾਨਗੀ ਹੇਠ ਅਜਨਾਲਾ ਵਿਖੇ ਇਨਕਲਾਬੀ ਭਾਵਨਾ ਨਾਲ ਮਨਾਈ ਗਈ ਜਿਸ ਵਿੱਚ ਇਲਾਕੇ ਭਰ ਵਿੱਚੋਂ ਜਨਤਕ ਜਥੇਬੰਦੀਆਂ-ਔਰਤ ਮੁਕਤੀ ਮੋਰਚਾ, ਦਿਹਾਤੀ ਮਜ਼ਦੂਰ ਸਭਾ, ਜਮੂਹਰੀ ਕਿਸਾਨ ਸਭਾ ਪੰਜਾਬ ਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੈਂਕੜੇ ਆਗੂ ਤੇ ਕਾਰਕੁਨ ਸ਼ਾਮਲ ਹੋਏ! ਇਸ ਸਮਾਗਮ 'ਚ ਆਰ. ਐੱਮ. ਪੀ. ਆਈ. ਦੇ ਸੂਬਾ ਪ੍ਰਧਾਨ ਤੇ ਬਾਰਡਰ ਏਰੀਆ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਸਾਥੀ ਰਤਨ ਸਿੰਘ ਰੰਧਾਵਾ ਨੇ ਉਕਤ ਆਗੂਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਮੈਂ ਅਤੇ ਮੇਰੇ ਹੋਰ ਸਾਥੀਆਂ ਨੇ ਕਾ. ਜੱਸੜ ਦੀ ਦੇਸ਼ ਤੇ ਸਮਾਜ ਨੂੰ ਜਿਹੜੀ ਨਿਰਸਵਾਰਥ ਸੇਵਾ ਕੀਤੀ ਹੈ ਉਸ ਤੋਂ ਪ੍ਰੇਰਿਤ ਹੋ ਕੇ ਅਸੀ ਉਹਨਾਂ ਦੇ ਪੂਰਨਿਆਂ 'ਤੇ ਚੱਲ ਪਏ! ਸਾਥੀ ਰੰਧਾਵਾ ਨੇ ਅੱਗੇ ਕਿਹਾ ਕਿ ਅੱਜ ਦੇ ਬਹੁਤੇ ਆਗੂ ਸਮਾਜ ਸੇਵਾ ਦੀ ਥਾਂ ਆਪਣੇ ਕੁਨਬੇ ਨੂੰ ਉੱਚਾ ਚੁੱਕਣ ਵਿੱਚ ਲੱਗ ਜਾਂਦੇ ਹਨ ਤੇ ਸਮਾਜ ਸੇਵਾ ਭੁੱਲ ਜਾਦੇ ਹਨ। ਇਸ ਸਮੇਂ ਡਾ. ਸਤਨਾਮ ਸਿੰਘ ਅਜਨਾਲਾ, ਪ੍ਰਮੁੱਖ ਆਗੂ ਐਸ. ਕੇ. ਐਮ. ਤੇ ਸੂਬਾ ਪ੍ਰਧਾਨ ਜਮੂਹਰੀ ਕਿਸਾਨ ਸਭਾ ਪੰਜਾਬ ਨੇ ਕਾ. ਜੱਸੜ ਅਤੇ ਸਮਾਜ ਸੇਵਕਾਵਾਂ ਗੁਰਮੀਤ ਕੌਰ ਸੂਫ਼ੀਆਂ ਤੇ ਕੰਵਲਜੀਤ ਕੌਰ ਉਮਰਪੁਰਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਕਿਹਾ ਕਿ ਜਿਹੜੇ ਲੋਕ ਆਪਣੇ ਵੱਡੇ ਵਡੇਰਿਆਂ ਨੂੰ ਭੁੱਲ ਜਾਂਦੇ ਹਨ ਉਹ ਕੌਮਾਂ ਕਦੇ ਜ਼ਿੰਦਾ ਨਹੀਂ ਰਹਿੰਦੀਆਂ! ਉਨ੍ਹਾਂ ਕਾ. ਜੱਸੜ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਕਿਸਾਨ ਆਗੂ ਜੱਸੜ ਨੇ ਕਿਸਾਨਾਂ ਦੇ ਮਸੀਹਾ ਕਾ. ਦਲੀਪ ਸਿੰਘ ਟਪਿਆਲਾ ਦੀ ਅਗਵਾਈ ਵਿੱਚ ਬਾਰਡਰ ਦੇ ਅਬਾਦਕਾਰਾਂ ਦੀਆਂ ਕਈ ਜੇਤੂ ਲੜਾਈਆਂ ਲੜਦਿਆਂ ਦੱਸਿਆ ਕਿ ਕਿਵੇਂ ਪੁਲਸ ਤੇ ਮਾਲ ਮਹਿਕਮੇ ਨੂੰ ਜ਼ਮੀਨਾਂ ਵਿੱਚੋਂ ਜਥੇਬੰਦਕ ਏਕਤਾ ਨਾਲ ਭਜਾਇਆ ਜਾਦਾ ਸੀ! ਡਾ. ਅਜਨਾਲਾ ਨੇ ਅੱਗੇ ਕਿਹਾ ਕਿ ਔਰਤ ਮੁਕਤੀ ਮੋਰਚਾ (ਜਨਵਾਦੀ ਇਸਤਰੀ ਸਭਾ) ਦੀਆਂ ਆਗੂਆਂ ਗੁਰਮੀਤ ਕੌਰ ਸੂਫ਼ੀਆਂ ਤੇ ਕੰਵਲਜੀਤ ਕੌਰ ਉਮਰਪੁਰਾ ਔਰਤਾਂ ਨੂੰ ਪਿੰਡ-ਪਿੰਡ ਜਥੇਬੰਦ ਕਰਕੇ ਜਾਣੂ ਕਰਵਾਉਂਦੀਆ ਸਨ ਕਿ ਮਰਦ ਤੇ ਔਰਤ ਦੇ ਬਰਾਬਰ ਅਧਿਕਾਰ ਹਨ। ਇਹ ਹੀ ਸਾਡਾ ਵਿਧਾਨ ਕਹਿੰਦਾ ਹੈ! ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਕੁਲਵੰਤ ਸਿੰਘ ਮੱਲੂਨੰਗਲ, ਸਮਾਜ ਸੇਵਕ ਬਲਵਿੰਦਰ ਸਿੰਘ ਝਬਾਲ, ਸੁਰਜੀਤ ਸਿੰਘ ਦੁਧਰਾਏ, ਬਿਕਰਮਜੀਤ ਸਿੰਘ ਕੁਹਾਲੀ, ਵਿਸਾਖਾ ਸਿੰਘ ਭਗਵਾਂ, ਦਿਲਬਾਗ ਸਿੰਘ ਖਤਰਾਏ ਕਲਾਂ, ਸੁਰਜੀਤ ਸਿੰਘ ਭੂਰੇਗਿੱਲ, ਗਾਇਕ ਗੁਰਪਾਲ ਗਿੱਲ ਸੈਦਪੁਰ, ਦਲਜੀਤ ਕੌਰ ਮੋਹਨ ਭੰਡਾਰੀਆ, ਰਤਨਜੀਤ ਕੌਰ ਸੈਦਪੁਰ, ਸਿਮਰਨਜੀਤ ਕੌਰ ਡੱਲਾ ਰਾਜਪੂਤਾਂ, ਸੁੱਚਾ ਸਿੰਘ ਘੋਗਾ, ਕਰਨੈਲ ਸਿੰਘ ਭਿੰਡੀ ਸੈਦਾਂ, ਕਰਮਜੀਤ ਕੌਰ ਸੂਫ਼ੀਆਂ, ਫੌਜਣ ਲਖਵਿੰਦਰ ਕੌਰ ਭੋਏਵਾਲੀ ਨੇ ਵੀ ਆਪਣੇ ਵਿਚਾਰ ਰੱਖੇ।

# ਚੁਣੇ ਗਏ ਨੁਮਾਇੰਦੇ ਨੂੰ ਸਹੁੰ ਨਾ ਚੁਕਾਉਣਾ ਮੰਦਭਾਗਾ: ਹਰਿਆਊ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**—ਵਿਧਾਨ ਸਭਾ ਹਲਕਾ ਸ਼ੁਤਰਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਕੋਰ ਕਮੇਟੀ ਮੈਂਬਰ ਜਗਮੀਤ ਸਿੰਘ ਹਰਿਆਊ ਨੇ ਕਿਹਾ ਹੈ ਕਿ ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਲੋਕਤੰਤਰੀ ਢੰਗ ਨਾਲ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨੂੰ ਸੰਸਦ ਮੈਂਬਰ ਵਜੋਂ ਸਹੁੰ ਨਾ ਚੁਕਾਉਣਾ ਬਹੁਤ ਮੰਦਭਾਗਾ ਹੈ।ਇੱਕ ਪਾਸੇ ਤਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਤੇ ਵਾਰ-ਵਾਰ ਐੱਨਐੱਸਏ ਵਧਾ ਰਹੀ ਹੈ ਤਾਂ ਕਿ ਸਿੱਖਾਂ ਦੀਆਂ ਭਾਵਨਾਵਾਂ ਭੜਕਾ ਕੇ ਪੰਜਾਬ ਦੇ ਅਸਲ ਮੁੱਦਿਆਂ ਤੋਂ ਪੰਜਾਬ ਦੇ ਲੋਕਾਂ ਦਾ ਧਿਆਨ ਹਟਾਇਆ ਜਾਵੇ। ਦੂਜੇ ਪਾਸੇ ਕੇਂਦਰ ਵਿੱਚ ਬਣੀ ਨਵੀਂ ਭਾਜਪਾ ਸਰਕਾਰ ਲੋਕਤੰਤਰੀ ਭਾਵਨਾਵਾਂ ਅਤੇ ਲੋਕਾਂ ਦੇ ਫ਼ਤਵੇ ਨੂੰ ਛਿੱਕੇ ਟੰਗ ਕੇ ਇਸ ਮੁੱਦੇ ਨੂੰ ਫ਼ਿਰਕੂ ਰੰਗ ਦੇ ਕੇ ਚੋਣਾਂ ਵਿੱਚ ਹੋਏ ਨੁਕਸਾਨ ਦੀ ਭਰਪਾਈ ਕਰਨਾ ਚਾਹੁੰਦੀ ਹੈ।ਅਕਾਲੀ ਆਗੂ ਜਗਮੀਤ ਸਿੰਘ ਹਰਿਆਊ ਨੇ ਕਿਹਾ ਕਿ ਇਲੈਕਸ਼ਨ ਦੌਰਾਨ ਦਿੱਤੇ ਲੋਕ ਫਤਵੇ ਨੂੰ ਪਰਵਾਨ ਕਰਨਾ ਹੀ ਲੋਕਤੰਤਰ ਦੀ ਸੁੰਦਰਤਾ ਹੈ।ਪੰਜ ਸਾਲ ਬਾਅਦ ਇਲੈਕਸ਼ਨ ਦਾ ਮਤਲਬ ਹੀ ਲੋਕ ਭਾਵਨਾ ਜਾਣਨਾ ਹੁੰਦਾ।ਲੋਕਤੰਤਰ ਦਾ ਅਸਲੀ ਮਤਲਬ ਹੈ, ਲੋਕਾਂ ਦਾ ਤੰਤਰ, ਲੋਕਾਂ ਵਲੋਂ ਬਣਾਇਆ ਤੰਤਰ, ਲੋਕਾਂ ਲਈ ਤੰਤਰ ਜਿਸਨੂੰ ਨੂੰ ਲੋਕ ਬਹੁਮਤ ਨਾਲ ਆਪਣੇ ਭਲੇ ਲਈ ਬਦਲ ਸਕਦੇ ਹਨ।ਪਰ ਦੁਨੀਆਂ ਦੇ ਸਭ ਤੋਂ ਵੱਡੇ ਮੰਨੇ ਜਾਣ ਵਾਲੇ ਲੋਕਤੰਤਰ ਭਾਰਤ ਵਿੱਚ ਲੋਕ ਫਤਵੇ ਨੂੰ ਦਰਕਿਨਾਰ ਕਰਕੇ ਐਨੀ ਤੰਗਦਿਲੀ ਵਿਖਾਉਣਾ ਸਰਕਾਰਾਂ ਲਈ ਬਹੁਤ ਮੰਦਭਾਗਾ ਤੇ ਨਿੰਦਣਯੋਗ ਹੈ।ਅਜਿਹਾ ਹੋਣ ਨਾਲ ਲੋਕਾਂ ਦਾ ਲੋਕਤੰਤਰ ਪ੍ਰਤੀ ਵਿਸ਼ਵਾਸ ਘੱਟਦਾ ਜਾ ਰਿਹਾ ਹੈ, ਜਿਸ ਦਾ ਨਤੀਜਾ ਅਸੀਂ ਲੰਘੀਆਂ ਲੋਕ ਸਭਾ ਚੋਣਾਂ ਵਿੱਚ ਘੱਟ ਪ੍ਰਤੀਸ਼ਤ ਨਾਲ ਹੋਏ ਵੋਟ ਭੁਗਤਾਨ ਤੋਂ ਲਗਾ ਸਕਦੇ ਹਾਂ।ਦੇਸ਼ ਅੰਦਰ ਦਿਨੋ ਦਿਨ ਵੱਧ ਰਹੇ ਇਹੋ ਜਿਹੇ ਵਰਤਾਰੇ ਨਾਲ ਘੱਟ ਗਿਣਤੀ ਕੌਮਾਂ ਅੰਦਰ ਨਮੋਸ਼ੀ ਦੀ ਭਾਵਨਾਵਾਂ ਪੈਦਾ ਹੁੰਦੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਕੁੱਝ ਸਿਆਸੀ ਤਾਕਤਾਂ ਹਰ ਸਮੇਂ ਅਤੇ ਹਰ ਹੀਲੇ ਸੱਤਾ ਹਥਿਆਉਣਾ ਚਾਹੁੰਦੀਆਂ ਹਨ। ਉਹ ਇਹੋ ਜਿਹੀਆਂ ਘੱਟ ਗਿਣਤੀ ਕੌਮਾਂ ਦੇ ਨੌਜਵਾਨਾਂ ਦੀਆਂ ਭਾਵਨਾਵਾਂ ਨੂੰ ਹਵਾ ਦੇ ਕੇ ਉਨ੍ਹਾਂ ਨੂੰ ਗ਼ਲਤ ਰਾਹ ਤੋਰ ਕੇ ਆਪਣੇ ਸਿਆਸੀ ਫਾਇਦੇ ਲਈ ਵਰਤਦੀਆਂ ਨੇ।ਉਨ੍ਹਾਂ ਮੰਗ ਕੀਤੀ ਕਿ ਜੇ ਭਾਰਤ ਸਰਕਾਰ ਘੱਟ ਗਿਣਤੀਆਂ ਪ੍ਰਤੀ ਸੰਵੇਦਨਸ਼ੀਲ ਹੈ ਤਾਂ ਹੋਰ ਸਮਾਂ ਨਾ ਪਾਉਂਦੇ ਹੋਏ ਲੋਕਾਂ ਦੇ ਚੁਣੇ ਨੁਮਾਇੰਦੇ ਨੂੰ ਜਲਦ ਤੋਂ ਜਲਦ ਸਹੁੰ ਚੁਕਵਾ ਕੇ ਮੁੱਖ ਧਾਰਾ ਵਿੱਚ ਸ਼ਾਮਲ ਕੀਤਾ ਜਾਵੇ।

# ਸਿਟੀ ਪੁਲਸ ਪਾਤੜਾਂ ਵੱਲੋਂ ਨਸ਼ਿਆਂ ਖਿਲਾਫ ਮੁਹਿੰਮ ਤੇਜ਼

## ਡੇਢ ਸੌ ਗ੍ਰਾਮ ਅਫੀਮ ਸਮੇਤ ਇੱਕ ਕਾਬੂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਾਤੜਾਂ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਸਿਟੀ ਪੁਲਸ ਪਾਤੜਾਂ ਨੇ ਇੱਕ ਵਿਅਕਤੀ ਨੂੰ 150 ਗ੍ਰਾਮ ਅਫੀਮ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਫੜੇ ਗਏ ਵਿਅਕਤੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿਸ ਦੌਰਾਨ ਮਾਨਯੋਗ ਅਦਾਲਤ ਨੇ ਕਥਿਤ ਦੋਸ਼ੀ ਨੂੰ ਦੋ ਦਿਨ ਲਈ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਹੈ। ਜਾਣਕਾਰੀ ਦਿੰਦਿਆਂ ਸਿਟੀ ਪੁਲਸ ਪਾਤੜਾਂ ਦੇ ਇੰਚਾਰਜ ਸਬ ਇੰਸਪੈਕਟਰ ਕਰਨੈਲ ਸਿੰਘ ਨੇ ਦੱਸਿਆ ਕਿ ਡੀਐੱਸਪੀ ਪਾਤੜਾਂ ਦਲਜੀਤ ਸਿੰਘ ਵਿਰਕ ਦੀ ਅਗਵਾਈ ਵਿੱਚ ਦਿਨੋਂ ਦਿਨ ਵੱਧਦੇ ਨਸ਼ਿਆਂ ਦੇ ਪ੍ਰਕੋਪ ਨੂੰ ਠੱਲ੍ਹ ਪਾਉਣ ਦੇ ਮਕਸਦ ਨਾਲ ਨਸ਼ਾ ਤਸਕਰਾਂ ਖ਼ਿਲਾਫ਼ ਮੁਹਿੰਮ ਤੇਜ਼ ਕੀਤੀ ਗਈ ਹੈ, ਜਿਸ ਦੇ ਤਹਿਤ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ 'ਤੇ ਸ਼ਹਿਰ ਦੇ ਨਰਵਾਣਾ ਰੋਡ ਬਾਈਪਾਸ ਉੱਤੇ ਪੁਲ ਹੇਠਾਂ ਨਾਕੇਬੰਦੀ ਕੀਤੀ ਗਈ ਸੀ, ਜਿਸ ਦੌਰਾਨ ਮਿਲੀ ਗੁਪਤ ਸੂਚਨਾ ਤੇ ਇੱਕ ਡਿਸਕਵਰ ਮੋਟਰਸਾਈਕਲ ਰੰਗ ਕਾਲਾ ਨੂੰ ਰੋਕ ਕੇ ਤਲਾਸ਼ੀ ਲੈਣ 'ਤੇ ਉਸ ਵਿੱਚੋਂ 150 ਗ੍ਰਾਮ ਅਫੀਮ ਬਰਾਮਦ ਹੋਈ।ਉਨ੍ਹਾਂ ਦੱਸਿਆ ਕਿ ਫੜੇ ਗਏ ਵਿਅਕਤੀ ਦੀ ਪਹਿਚਾਣ ਮਨਪ੍ਰੀਤ ਸਿੰਘ ਕਾਕਾ ਵਾਸੀ ਚੁਨਾਗਰਾ ਰੋਡ ਪਾਤੜਾ ਵਜੋਂ ਹੋਈ ਹੈ।ਉਨ੍ਹਾਂ ਦੱਸਿਆ ਕਿ ਅਫੀਮ ਸਮੇਤ ਫੜੇ ਗਏ ਵਿਅਕਤੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿਸ 'ਤੇ ਮਾਨਯੋਗ ਅਦਾਲਤ ਨੇ ਕਥਿਤ ਦੋਸ਼ੀ ਨੂੰ ਦੋ ਦਿਨਾਂ ਪੁਲਸ ਰਿਮਾਂਡ ਉੱਤੇ ਪੁਲਸ ਹਿਰਾਸਤ ਵਿੱਚ ਭੇਜਿਆ, ਜਿਸ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਜਾਵੇਗੀ।ਉਨ੍ਹਾਂ ਲੋਕਾਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਨਸ਼ਿਆਂ ਦਾ ਪ੍ਰਕੋਪ ਦਿਨੋਂ ਦਿਨ ਵੱਧ ਰਿਹਾ ਹੈ ਤੇ ਇਸ ਨੂੰ ਆਮ ਜਨਤਾ ਦੇ ਸਹਿਯੋਗ ਤੋਂ ਬਿਨਾਂ ਰੋਕਣਾ ਬੇਹੱਦ ਮੁਸ਼ਕਲ ਹੈ।ਉਨ੍ਹਾਂ ਅਪੀਲ ਕੀਤੀ ਕਿ ਨਸ਼ਿਆਂ ਨੂੰ ਰੋਕਣ ਲਈ ਨਸ਼ਾ ਸਮਗਲਰਾਂ ਖਿਲਾਫ ਕਿਸੇ ਵੀ ਤਰ੍ਹਾਂ ਦੀ ਸੂਚਨਾ ਦੇਣ ਵਾਲੇ ਦੀ ਪਹਿਚਾਣ ਨੂੰ ਬਿਲਕੁਲ ਗੁਪਤ ਰੱਖਿਆ ਜਾਵੇਗਾ।ਇਸ ਦੌਰਾਨ ਉਨ੍ਹਾਂ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਨਸ਼ਾ ਸਮਗਲਿੰਗ ਦਾ ਧੰਦਾ ਬੰਦ ਕਰ ਦੇਣ, ਜੇਕਰ ਕੋਈ ਵੀ ਵਿਅਕਤੀ ਨਸ਼ਾ ਤਸਕਰੀ ਵਿੱਚ ਸ਼ਾਮਲ ਪਾਇਆ ਜਾਂਦਾ ਹੈ ਤਾਂ ਉਸ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।

# ਜਬਰ-ਜ਼ੁਲਮ ਵਿਰੋਧੀ ਫਰੰਟ ਪੰਜਾਬ ਦੇ ਦਫਤਰ ਵਿਖੇ ਆਗੂਆਂ ਦੀ ਮੀਟਿੰਗ



**ਨਾਭਾ, (ਵਰਿੰਦਰ ਵਰਮਾ)**-ਜਬਰ ਜ਼ੁਲਮ ਵਿਰੋਧੀ ਫਰੰਟ ਪੰਜਾਬ ਦੇ ਦਫਤਰ ਬੋੜਾ ਗੇਟ ਨਾਭਾ ਵਿਖੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਦੀ ਸਾਂਝੀ ਮੀਟਿੰਗ ਹੋਈ ਜਿਸ ਵਿੱਚ ਗਰੀਬ ਲੋਕਾਂ ਦੇ ਜਾਇਜ਼ ਮਾਮਲਿਆਂ, ਜਾਅਲੀ ਸਰਟੀਫਿਕੇਟ ਬਣਾ ਕੇ ਰਿਜ਼ਰਵ ਕੈਟਾਗਰੀ ਵਿੱਚ ਨੌਕਰੀਆਂ ਪ੍ਰਾਪਤ ਕਰਨ ਵਾਲਿਆਂ ਅਤੇ ਸੰਘਰਸ਼ਾਂ ਦੌਰਾਨ ਵੱਖ-ਵੱਖ ਜਥੇਬੰਦੀਆਂ ਦੇ ਆਗੂਆ ਉਪਰ ਪਿਛਲੀਆਂ ਸਰਕਾਰਾਂ ਵੱਲੋਂ ਪੁਲਿਸ ਪ੍ਰਸ਼ਾਸਨ ਰਾਹੀਂ ਦਰਜ ਕੀਤੇ ਝੂਠੇ ਪਰਚਿਆਂ ਨੂੰ ਰੱਦ ਕਰਵਾਉਣ ਅਤੇ ਐੱਸਸੀ ਸਮਾਜ ਦੀਆਂ ਹੋਰ ਜਾਇਜ਼ ਮੰਗਾਂ ਨੂੰ ਲੈ ਕੇ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੀਟਿੰਗ ਨੂੰ ਜਬਰ ਜ਼ੁਲਮ ਵਿਰੋਧੀ ਫਰੰਟ ਦੇ ਪ੍ਰਧਾਨ ਰਾਜ ਸਿੰਘ ਟੋਡਰਵਾਲ ਸ੍ਰੀ ਗੁਰੂ ਨਾਨਕ ਦੇਵ ਸਲੱਮ ਸੇਵਾ ਸੋਸਾਇਟੀ ਦੇ ਆਗੂ ਭਾਨ ਸਿੰਘ ਜੱਸੀ ਉਰਫ ਜੱਸੀ ਪੇਧਨੀ, ਭਾਵਾਧਸ ਦੇ ਆਗੂ ਰਿੰਕੂ ਧੂਰੀ, ਪ੍ਰੋਗਰੈਸ ਫੋਰਮ ਫਾਰ ਸੋਸ਼ਲ ਜਸਟਿਸ ਦੇ ਆਗੂ ਆਰ. ਐੱਸ. ਸਿਆਣ, ਈ ਆਟੋ ਯੂਨੀਅਨ ਦੇ ਆਗੂ ਮਲਕੀਤ ਸਿੰਘ ਸੰਗਰੂਰ ਸੰਸਥਾ ਆਗੂ, ਸੁਰਜੀਤ ਸਿੰਘ ਗੁਰਦਿੱਤਪੁਰਾ ਇੰਜਨੀਅਰ, ਹਰਦੀਪ ਸਿੰਘ, ਚੁੰਬਰ ਪਾਲ ਸਿੰਘ ਭੱਦਲਥੂਹਾ, ਕਰਮਜੀਤ ਸਿੰਘ ਗਲਵੱਟੀ, ਗੁਰਬਖ਼ਸ਼ ਸਿੰਘ ਬਠੋਈ, ਛੱਜੂ ਸਿੰਘ ਬਾਲੀਆਂ, ਮਹਿੰਦਰ ਕੌਰ ਧੂਰੀ, ਜਾਅਲੀ ਸਰਟੀਫਿਕੇਟ ਫੜੋ ਸੰਸਥਾ ਦੇ ਆਗੂ ਬਲਵੀਰ ਸਿੰਘ ਆਲਮਪੁਰ, ਜਸਵਿੰਦਰ ਸਿੰਘ ਪਟਿਆਲਾ, ਸ਼ਮਸ਼ੇਰ ਸਿੰਘ ਸਲਾਣਾ, ਜਗਦੀਪ ਕੌਰ ਭਿੰਡਰਾਂ, ਅਮਰੀਕ ਸਿੰਘ ਪਲਾਸੌਰ, ਲਖਬੀਰ ਸਿੰਘ ਭੁੱਲਰਹੇੜੀ ਆਦਿ ਦਰਜਨ ਆਗੂਆਂ ਨੇ ਆਪਣੇ ਆਪਣੇ ਵਿਚਾਰ ਰੱਖੇ। ਅੰਤ ਵਿੱਚ ਜਾਅਲੀ ਸਰਟੀਫਿਕੇਟ ਧਾਰਕਾਂ ਵਿਰੁੱਧ ਲੜਨ ਵਾਲੇ ਬਲਵੀਰ ਸਿੰਘ ਆਲਮਪੁਰ ਜੋ ਸਾਢੇ ਚਾਰ ਮਹੀਨੇ ਪਿਛੋਂ ਜੇਲ 'ਚੋਂ ਰਿਹਾਅ ਹੋ ਕੇ ਆਏ, ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ

# ਸੂਏ 'ਚੋਂ ਅਣਪਛਾਤੇ ਨੌਜਵਾਨ ਦੀ ਲਾਸ਼ ਬਰਾਮਦ

ਮਾਨਸਾ (ਰੀਤਵਾਲ)-ਪਿੰਡ ਨਰਿੰਦਰਪੁਰਾ 'ਚੋਂ ਲੰਘਦੇ ਨਹਿਰ ਦੇ ਸੂਏ 'ਚੋਂ ਇਕ ਅਣਪਛਾਤੇ ਨੌਜਵਾਨ ਦੀ ਲਾਸ਼ ਮਿਲਣ ਦਾ ਸਮਾਚਾਰ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਰੇਲਵੇ ਪੁਲਸ ਮਾਨਸਾ ਦੇ ਜਾਂਚ ਅਧਿਕਾਰੀ ਨਿਰਮਲ ਸਿੰਘ ਨੇ ਦੱਸਿਆ ਕਿ ਰੇਲਵੇ ਸਟੇਸ਼ਨ ਨਰਿੰਦਰਪੁਰਾ ਦੇ ਰੇਲਵੇ ਫਾਟਕ ਦੇ ਨਾਲ ਲਗਦੇ ਸੂਏ ਵਿੱਚੋ ਇੱਕ ਅਣਪਛਾਤੇ ਨੌਜਵਾਨ ਦੀ ਲਾਸ਼ ਬਰਾਮਦ ਹੋਈ ਹੈ।ਪੁਲਸ ਟੀਮ ਨੇ ਲਾਸ਼ ਨੂੰ ਸੂਏ 'ਚੋਂ ਬਾਹਰ ਕੱਢਿਆ ਤੇ ਲਾਸ਼ ਦੀ ਸ਼ਨਾਖਤ ਲਈ ਨਜ਼ਦੀਕੀ ਪਿੰਡਾਂ ਦੇ ਪਤਵੰਤਿਆਂ ਨੂੰ ਸੱਦਿਆ ਪ੍ਰੰਤੂ ਲਾਸ਼ ਦੀ ਸ਼ਨਾਖਤ ਨਹੀਂ ਹੋ ਸਕੀ।ਪੁਲਸ ਵੱਲੋਂ 174 ਦੀ ਕਾਰਵਾਈ ਕਰਨ ਉਪਰੰਤ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਮਾਨਸਾ ਵਿਖੇ ਭੇਜ ਦਿੱਤਾ ਗਿਆ ਹੈ ਜਿਥੇ ਮ੍ਰਿਤਕ ਦੀ ਸ਼ਨਾਖਤ ਵਾਸਤੇ ਲਾਸ਼ ਨੂੰ 72 ਘੰਟੇ ਲਈ ਰੱਖਿਆ ਜਾਵੇਗਾ।

# ਜੱਸੀ ਚੱਢਾ ਨੂੰ ਸਦਮਾ, ਮਾਤਾ ਦਾ ਦੇਹਾਂਤ



ਫਿਲੌਰ (ਐਸ ਕੈਨੇਡੀ)- ਫਿਲੌਰ ਦੇ ਨਿਵਾਸੀ ਜੱਸੀ ਚੱਢਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾ ਦੇ ਮਾਤਾ ਸਰਦਾਰਨੀ ਬਲਜੀਤ ਕੌਰ ਪਤਨੀ ਜਸਵਿੰਦਰ ਸਿੰਘ ਚੱਢਾ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ।ਉਨ੍ਹਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਭੋਗ ਅਤੇ ਅੰਤਮ ਅਰਦਾਸ 2 ਜੁਲਾਈ ਦਿਨ ਮੰਗਲਵਾਰ ਨੂੰ ਗੁਰਦੁਆਰਾ ਤਖਤਗੜ੍ਹ ਸਾਹਿਬ ਫਿਲੌਰ ਵਿਖੇ 12 ਤੋਂ 1-30 ਵਜੇ ਹੋਵੇਗੀ।


# ਕਲਾਸੀਫਾਈਡ ਇਸ਼ਤਿਹਾਰ

## Change of Name

I, Kamal Kishore Alias Kamal Kishore Aggarwal S/o Ram Lubhaya Aggarwal R/o 58, White Avenue, Maqbool Road, Amritsar have changed my name to Kamal Kishore Aggarwal.

I, Arman S/o Davinder Kumar R/o H.No.59 Ward. No. 10, Joginder Nagar, Rama Mandi, Jalandhar, have changed my name from Arman to Arman Bihal (surname as Bihal).

I, Kulwinder Singh Chatha S/O Harpal Singh R/O Hno-537, Vpo-Chugitti, Jalandhar, Punjab-144009, Declare That My Mother's Was Known By Two Name's Gurdeep And Gurdev Kaur, That Gurdeep And Gurdev Kaur Is One And Same Person.

I, Kulwinder Singh Chatha S/O Harpal Singh R/O Hno-537, Vpo-Chugitti, Jalandhar, Punjab-144009, Have Changed My Name From Kulwinder Singh To Kulwinder Singh Chatha.(surname As Chatha & Given Name As Kulwinder Singh).

I, Simarjit Kaur D/O Karam Singh R/O Vill, Kang Po- Khadur Sahib, Taran Tarn, Punjab - 143401, Declare That Simarjit Kaur And Simranjit Kaur Is One And Same Person. All Note.

I, Amarjit Singh S/O Joginder Singh R/O Hno-431-b, Guru Nanak Pura West, Jalandhar, Punjab-144009, Have Changed My Name From Amarjit Singh Saini To Amarjit Singh.

I, Jaspal Kaur W/O Santokh Singh R/O Dashmesh Colony Near Gurudwara Gobindsar Kapurthala Have Changed The Name Of My Minor Son From Rajwinder Singh To Rajwinder Singh Raja. All Concerned Persons Note It.

I, Kamaljit Kaur Khangura D/o Gurdial Singh R/o Gali No. 02, Vill. Hadiabad, Po. Satnampura, Moh. Dugglan, Tehsil Phagwara, Distt.Kapurthala-144402, Punjab have changed my name to Kamaljit Kaur Atwal. All Please Note.

I, hitherto known as Ajay Kumar S/o Ram Lal R/o E J- 7, Near Milap Chowk, Kot Pakshian, Jalandhar, Punjab-144001, have changed my name and shall hereafter be known as Ajay Anand.

I, hitherto known as Veerpal Kaur D/o Amarjeet Singh W/o Jagroop Singh Toor R/o Village Bhinder Khurd, Patti Nawan Naria, Po Bhinder, Distt Moga, Punjab 142041, have changed my name and shall hereafter be known as Veerpal Kaur Toor.

## Change of Name

I Jaysma choudhary w/o Nihal singh r/o H..no 223 A Paras estate colony basti peer dad Jalandhar declare that I have changed my name Jaysma choudhary to Jaysma.

I, hitherto known as Roji D/o Barkat Masih W/o Harjit Pal R/o Village Rajpur, Po & Tehsil Bholath, Kapurthala, Punjab-144622, have changed my name and shall hereafter be known as Rozy.

I, Baljinder Kumar s/o Jagat Ram r/o H.No. B-IX-726/7, New Santokhpura, Jalandhar have changed the name of my minor son from Yuvraj to Yuvraj Bhatti. All Please Note.

I, Ram Dass s/o Dhana Ram r/o Vill. Nangal Karar Khan, Po. Kukar Pind, Jalandhar have changed my name from Ram Dass to Ram Das. All Please Note.

I, Diksha Chauhan w/o Ravjeet Singh Chauhan r/o 11, King Colony, Near K P Stadium, Mithapur, Jalandhar have change my name from Diksha Pundhir to Diksha Chauhan, after marriage. All Please Note.

I, Balbir s/o Shingara Ram r/o H.No.1258/2, Bootan Pind, Jalandhar, Punjab have changed my spelling name from Balbir to Balvir. All Please Note.

I, Jyoti Mittal w/o Yogesh Chander Mittal r/o VPO. Kalyanpur, Distt.Jalandhar, have changed my name from Joti to Jyoti Mittal. All Please Note.

I, Nishant S/o Ashwani Kumar Bali R/o H.No. 5B-33, Nit Faridabad Haryana- 121001, have changed my name and shall hereafter be Known as Nishant Bali. All Please Note.

I, Deepak Bhatla S/o Krishan Lal Bhatla R/o 403, Richmond Tower, Omaxe Hills- 1, Sector- 43, Amarnagar, Faridabad, Haryana-121003, I have changed the name of my minor daughter Mehak Bhatla aged about 2 Years and She shall hereafter be known as Mannaat Bhatla.

I, Rakshit S/o Satender R/o Ward No.13, Farrukknagar (Rural) (35), Gurgaon, Haryana- 122506, have changed my name and shall hereafter be Known as Rakshit Mudgal.

I, Tarundeep Ravish S/o Randhir Singh R/o 553 First Floor, Sector 11, Panchkula, Po. Panchkula Sector 8, DIST: Panchkula, Haryana- 134109, I have changed the name of my minor daughter Yashmin Ravish aged about 2 Years and She shall hereafter be known as Yashvi Ravish.

## Change of Name

I, Tejinder Kaur W/o Bhupinder Singh R/o H.No.5003, Gali No.1, Sultanwind Road, Habibpura, Amritsar have changed my name from Tejinder Kaur to Tajinder Kaur.

I, Cheenu Rani D/o Chattar Singh R/o H.No.142/B, Harinder Nagar, Near Ananat Public School, Tripuri Town, Patiala, Punjab-147001. have changed my name and shall hereafter be Known as Harsha Agarwal.

I, Amanjyot S/o Gursharan Singh R/o H.No.14, Rohini Colony. Basti Peer Dad, Po. Basti Bawa Khel, Jalandhar have changed my name from Amanjyot to Amanjyot Singh Jheeta. All Please Note.

## PUBLIC NOTICE

I, Kuldeep Singh S/o Arjan Singh R/o VPO Sandhanwal, Tehsil Shahkot, District Jalandhar have changed my name from Kuldip Singh to Kuldeep Singh. Kuldip Singh and Kuldeep Singh is the name of one Person.

I, Ajay Kumar S/O Vijay Kumar R/O 2639/20, Gali No.14, Nawan Kot, Amritsar hereby inform that Ajay is my given name and Kumar is my Surname. Concerned please note.

## ਨਾਂਅ ਦੀ ਬਦਲੀ

ਮੈਂ, ਬਲਜੀਤ ਕੁਮਾਰ ਪੁੱਤਰ ਸ਼ਿੰਗਾਰਾ ਰਾਮ ਵਾਸੀ ਪਿੰਡ ਤੇ ਡਾਕ ਪੱਬਵਾਂ ਤਹਿਸੀਲ ਫਿਲੌਰ ਜ਼ਿਲਾ ਜਲੰਧਰ ਦਾ ਰਹਿਣ ਵਾਲਾ ਹਾਂ। ਮੈਂ ਆਪਣੀ ਲੜਕੀ ਹਰਲੀਨ ਕੌਰ ਦਾ ਨਾਮ ਬਦਲ ਕੇ ਕੌਰ ਹਰਲੀਨ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ, ਸੁਮਿੱਤਰਾ ਰਾਣੀ ਪਤਨੀ ਬਲਜੀਤ ਕੁਮਾਰ ਵਾਸੀ ਪਿੰਡ ਤੇ ਡਾਕ ਪੱਬਵਾਂ ਤਹਿਸੀਲ ਫਿਲੌਰ ਜ਼ਿਲਾ ਜਲੰਧਰ ਦੀ ਰਹਿਣ ਵਾਲੀ ਹਾਂ। ਮੈਂ ਆਪਣਾ ਨਾਮ ਸੁਮਿੱਤਰਾ ਰਾਣੀ ਬਦਲ ਕੇ ਰਾਣੀ ਸੁਮਿੱਤਰਾ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਸੰਤੋਸ਼ ਕੁਮਾਰ ਪੁੱਤਰ ਲੇਟ ਸ੍ਰੀ ਉਮ ਪ੍ਰਕਾਸ ਵਾਸੀ: ਮ:ਨੰ: 1307 ਗਲੀ ਨੰ: 5,ਜੱਗਦੰਬੇ ਕਾਲੋਨੀ ਮਜੀਠਾ ਰੋਡ ਅੰਮ੍ਰਿਤਸਰ ਹਲਫੀਆ ਬਿਆਨ ਕਰਦਾ ਹਾ ਕਿ ਮੇਰੀ ਲੜਕੀ ਰੀਨਾ ਧੁੰਨਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਤੇ ਇਸ ਨੇ ਬਿਨਾਂ ਮੇਰੀ ਮਰਜੀ ਨਾਲ ਸਾਹਿਲ ਮੁੰਡੇ ਨਾਲ ਸ਼ਾਦੀ ਕੀਤੀ ਹੈ। ਮੈਂ ਆਪਣੀ ਲੜਕੀ ਰੀਨਾ ਧੁੰਨਾ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾ ਜੋ ਵੀ ਸਖਸ ਇਸ ਨਾਲ ਲੈਣ ਦੇਣ ਕਰਦਾ ਹੈ ਤਾਂ ਉਹ ਜਿੰਮੇਵਾਰ ਹੋਵੇਗਾ। ਇਸ ਵਿੱਚ ਮੇਰਾ ਜਾਂ ਮੇਰੇ ਬਾਕੀ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।

ਮੈਂ, ਜੋਤੀ ਪਤਨੀ ਪਰਮਜੀਤ ਵਾਸੀ ਮਕਾਨ ਨੰ. 36/4, ਗੁਰੂ ਨਾਨਕ ਨਗਰ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਪਤੀ ਪਰਮਜੀਤ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪੂਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰਦਾ ਹੈ ਜਾਂ ਕਰੇਗਾ ਉਹ ਆਪਣਾ ਜ਼ਿੰਮੇਵਾਰ ਖੁਦ ਹੋਵੇਗਾ। ਸਬੰਧਿਤ ਨੋਟ ਕਰਨ।

## Public Notice

I, hereby informed General Public Savita W/o Joginder Pal is absolute owner of property at 3, Rajan Nagar, Street No 7, Leather Complex Road, Jalandhar, Punjab-144021 measuring 9 marlas 102 Sq. Ft. I Savita is taking Lap Loan against this property from PNB Housing Finance Ltd. having branch office at SCO 44, PUDA Complex, Jalandhar. I had lost the following documents of said property :- 1. Original Sale deed No. 2473 Dated 25.06.2013 Police report has also been got registered in this request having details LR No. 485641/2024, on Dated 29.06.2024 Punjab Police. If anybody found the lost documents than may contact under singed anybody/Bank/NBFC having claim regarding Loan/Price/Rights of interest in this property my contact undersigned within 7 days from issue of this notice. No claim shall be entertained after that and shall have no value in the eyes of law.

Vikas Sood Advocate -98140-94356

ਇੰਡੀਅਨ ਬੈਂਕ Indian Bank ALLAHABAD
**Zonal Office, Jalandhar**
SCO - 44-C, 2nd Floor, Urban Estate, Phase-II, Jalandhar

ਪਰਿਸਰਾਂ ਦੀ ਲੀਜ਼ਿੰਗ ਲਈ ਅਖ਼ਬਾਰੀ ਇਸ਼ਤਿਹਾਰ

**ਦਫਤਰ ਪਰਿਸਰਾਂ ਦੀ ਲੀਜ਼ਿੰਗ ਲਈ ਟੈਂਡਰ ਮੰਗਣ ਦਾ ਨੋਟਿਸ**

ਇੰਡੀਅਨ ਬੈਂਕ, ਇੱਕ ਜਨਤਕ ਸੈਕਟਰ ਬੈਂਕ ਕਰਤਾਰਪੁਰ 'ਚ 1000 ਵਰਗ ਫੁੱਟ ਤੋਂ 1100 ਵਰਗ ਫੁੱਟ ਕਾਰਪੇਟ ਏਰੀਆ (ਤੁਰੰਤ ਬਣੇ) ਜਾਂ ਉਸਾਰੀ ਅਧੀਨ ਪਰਿਸਰ ਧਰਾਤਲ ਮੰਜ਼ਿਲ 'ਤੇ ਆਪਣੀ ਸ਼ਾਖਾ/ਦਫਤਰ ਲਈ 15 ਸਾਲ ਦੀ ਮਿਆਦ ਲਈ ਲੀਜ਼ ਪਾਰਕਿੰਗ ਸਹੂਲਤ ਲਈ ਦੋ ਬੋਲੀ ਸਿਸਟਮ (ਤਕਨੀਕੀ ਅਤੇ ਵਿੱਤੀ ਬੋਲੀ) ਦਫਤਰ ਪਰਿਸਰਾਂ ਦੇ ਮਾਲਕਾਂ ਤੋਂ ਪੇਸ਼ਕਸ਼ਾਂ ਦੀ ਮੰਗ ਕਰਦਾ ਹੈ।

ਟੈਂਡਰ ਫਾਰਮ ਹੇਠ ਲਿਖੇ ਪਤੇ ਤੋਂ 01.07.2024 ਤੋਂ 08.07.2024 ਤੱਕ ਰੁਪਏ 250 ਦੀ ਅਦਾਇਗੀ (ਨਾ ਮੋੜਨਯੋਗ) ਡੀ ਡੀ/ਬੀ ਪੀ ਓ ਰਾਹੀਂ ਇੰਡੀਅਨ ਬੈਂਕ, ਅਰਬਨ ਅਸਟੇਟ (5968) ਸ਼ਾਖਾ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਬੋਲੀਆਂ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 29.07.2024 ਹੈ।

ਬੈਂਕ ਕਿਸੇ ਇੱਕ ਜਾਂ ਸਾਰੀਆਂ ਪੇਸ਼ਕਸ਼ਾਂ ਬਿਨਾਂ ਕਿਸੇ ਕਾਰਨ, ਜੋ ਵੀ ਹੋਵੇ, ਅਸਵੀਕਾਰ ਕਰਨ ਦਾ ਹੱਕ ਰੱਖਦਾ ਹੈ।

ਵੇਰਵੇ ਸਾਡੀ ਵੈੱਬਸਾਈਟ : www.indianbank.in ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਜ਼ੋਨਲ ਮੈਨੇਜਰ/ਏ ਜੀ ਐੱਮ
ਇੰਡੀਅਨ ਬੈਂਕ, ਜ਼ੋਨਲ ਦਫਤਰ,
ਐੱਸ ਸੀ ਓ-44-ਸੀ, ਪਹਿਲੀ ਮੰਜ਼ਲ,
ਅਰਬਨ ਅਸਟੇਟ, ਫੇਜ਼-II, ਜਲੰਧਰ, ਪਰਿਸਰ ਵਿਭਾਗ

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਬਿਜਲੀ ਗਰਿੱਡ ਬੰਗਾ ਵਿਖੇ ਦਰਸ਼ਨ ਸਿੰਘ ਦੀ ਐੱਸ ਡੀ ਓ ਵਜੋਂ ਤਾਇਨਾਤੀ



**ਮੂਨਕ (ਰਾਜਪਾਲ ਸਿੰਗਲਾ)**-ਪਿਛਲੇ ਲੰਮੇ ਸਮੇਂ ਤੋਂ ਬਿਜਲੀ ਗਰਿੱਡ ਮੂਨਕ ਅਤੇ ਬੰਗਾ ਦੇ ਦਫਤਰ ਅੰਦਰ ਐੱਸਡੀਓ ਦੇ ਅਹੁਦੇ ਖਾਲੀ ਪਏ ਸਨ ਜਿਸ ਨੂੰ ਲੈ ਕੇ ਇਲਾਕੇ ਦੇ ਖਪਤਕਾਰਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਕਿਉਂਕਿ ਬੰਗਾ ਦਫਤਰ ਦੇ ਅੰਦਰ ਇੱਕ ਹਫਤੇ ਦੇ ਵਿੱਚ ਇੱਕ ਵਾਰ ਹੀ ਲਹਿਰੇ ਤੋਂ ਐੱਸਡੀਓ ਕੰਮ ਕਰਨ ਲਈ ਆਉਂਦੇ ਸੀ।ਇਲਾਕੇ ਦੇ ਖਪਤਕਾਰ ਅੰਦਰ ਉਸ ਸਮੇਂ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ ਜਦੋਂ ਪੰਜਾਬ ਸਰਕਾਰ ਦੇ ਵੱਲੋਂ ਬਿਜਲੀ ਬੋਰਡ ਸ਼ੁਤਰਾਣਾ ਤੇ ਖਨੌਰੀ ਦੇ ਐੱਸਡੀਓ ਦਰਸ਼ਨ ਸਿੰਘ ਨੂੰ ਲੰਮੇ ਸਮੇਂ ਤੋਂ ਖਾਲੀ ਪਏ ਬਿਜਲੀ ਬੋਰਡ ਬੰਗਾ ਵਿੱਚ ਐੱਸਡੀਓ ਦੇ ਅਹੁਦੇ ਤੇ ਤੈਨਾਤੀ ਕਰ ਦਿੱਤੀ।ਮੌਕੇ 'ਤੇ ਪਹੁੰਚੇ ਐਸਡੀਓ ਦਰਸ਼ਨ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮੈਂ ਕੰਮ ਕਰਨ ਦੇ ਵਿੱਚ ਵਿਸ਼ਵਾਸ ਰੱਖਦਾ ਹਾਂ।ਮੁਲਾਜ਼ਮਾਂ ਦੇ ਸਹਿਯੋਗ ਨਾਲ ਹੀ ਇਲਾਕੇ ਦੇ ਖਪਤਕਾਰਾਂ ਨੂੰ ਵੀ ਬਿਜਲੀ ਸਬੰਧੀ ਕੋਈ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਦੇ ਨਾਲ ਹੀ ਸਮੂਹ ਸਟਾਫ਼ ਤੋਂ ਕੰਮ ਦੇ ਵਿੱਚ ਵੱਧ ਤੋਂ ਵੱਧ ਸਹਿਯੋਗ ਦੀ ਵੀ ਉਮੀਦ ਰੱਖੀ। ਉਨ੍ਹਾਂ ਨੇ ਕਿਹਾ ਕਿ ਮੈਨੂੰ ਪਹਿਲਾਂ ਵੀ ਬਿਜਲੀ ਬੋਰਡ ਮੂਨਕ ਦੇ ਦਫਤਰ ਅੰਦਰ ਬਤੌਰ ਐਸਡੀਓ ਅਹੁਦੇ ਤੇ ਕੰਮ ਕਰਨ ਦਾ ਮੌਕਾ ਮਿਲਿਆ ਸੀ।ਜਿਸ ਦੌਰਾਨ ਜੋ ਇਲਾਕੇ ਦੇ ਖਪਤਕਾਰ ਤੇ ਦਫਤਰਾਂ ਦੇ ਮੁਲਾਜ਼ਮਾਂ ਤੋਂ ਪਿਆਰ ਮਿਲਿਆ ਸੀ ਉਸ ਨੂੰ ਮੈਂ ਬਿਆਨ ਨਹੀਂ ਕਰ ਸਕਦਾ। ਉਮੀਦ ਹੈ ਕਿ ਇਸ ਵਾਰ ਵੀ ਮੈਨੂੰ ਉਸ ਤੋਂ ਵੱਧ ਪਿਆਰ ਮਿਲੇਗਾ।

# ਸੁਖਬੀਰ ਸਿੰਘ ਬਾਦਲ ਵੱਲੋਂ ਮੱਕੜ ਪਰਵਾਰ ਨਾਲ ਦੁੱਖ ਸਾਂਝਾ



**ਜਲੰਧਰ, (ਇਕਬਾਲ ਸਿੰਘ ਉਭੀ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਾਜਪਾ ਆਗੂ ਸਰਬਜੀਤ ਸਿੰਘ ਮੱਕੜ ਦੇ ਘਰ ਪਹੁੰਚ ਕੇ ਮੱਕੜ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਪਿਛਲੇ ਦਿਨੀਂ ਸਰਬਜੀਤ ਮੱਕੜ ਦੇ ਪੁੱਤਰ ਕੰਵਰ ਮੱਕੜ ਦੀ ਬਿਮਾਰੀ ਕਾਰਨ ਮੌਤ ਹੋ ਗਈ ਸੀ। ਇਸ ਦੁੱਖ ਦੀ ਘੜੀ ਵਿੱਚ ਪਹੁੰਚੇ ਸੁਖਬੀਰ ਬਾਦਲ ਨੇ ਕਿਹਾ ਕਿ ਕੰਵਰ ਮੱਕੜ ਦਾ ਬੇਵਕਤੀ ਵਿਛੋੜਾ ਪਰਵਾਰ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਨ੍ਹਾਂ ਕਿਹਾ ਕਿ ਉਹ ਹਰ ਮੌਕੇ ਪਰਵਾਰ ਨਾਲ ਖੜ੍ਹੇ ਹਨ। ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਡਾ. ਦਲਜੀਤ ਸਿੰਘ ਚੀਮਾ, ਐਡਵੋਕੇਟ ਮਨ ਸਿਮਰਨ ਸਿੰਘ ਮੱਕੜ, ਕੁਲਦੀਪ ਸਿੰਘ ਮੱਕੜ, ਆਲਮ ਵਿਜੇ ਸਿੰਘ, ਕੁਲਦੀਪ ਸਿੰਘ ਉਬਰਾਏ, ਹਰਜੋਤ ਲੱਕੀ, ਇਕਬਾਲ ਸਿੰਘ ਢੀਂਡਸਾ ਸਮੇਤ ਮੱਕੜ ਪਰਵਾਰ ਦੇ ਹੋਰ ਮੈਂਬਰ ਹਾਜ਼ਰ ਸਨ।

# ਅਰੁੰਧਤੀ ਰਾਏ ਤੇ ਪ੍ਰੋ. ਸ਼ੇਖ ਸ਼ੌਕਤ 'ਤੇ ਯੂ ਏ ਪੀ ਏ ਲਗਾਉਣ ਦੀ ਨਿੰਦਾ



**ਮਾਨਸਾ (ਆਤਮਾ ਸਿੰਘ ਪਮਾਰ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਜ਼ਿਲ੍ਹਾ ਅੰਮ੍ਰਿਤਸਰ ਦੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਅਰਜਿੰਦਰ ਸਿੰਘ ਕੋਹਾਲੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਤੋਂ ਪਰਤਦਿਆਂ ਜਥੇਬੰਦੀ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੀਟਿੰਗ ਵਿੱਚ ਜਥੇਬੰਦੀ ਨੂੰ ਹੋਰ ਮਜ਼ਬੂਤ ਅਤੇ ਵਿਸਥਾਰ ਕਰਨ ਲਈ ਵਿਉਂਤਬੰਦੀ ਕਰਦਿਆਂ ਜਥੇਬੰਦਕ ਸਮੱਸਿਆਵਾਂ ਬਾਰੇ ਚਰਚਾ ਕੀਤੀ ਤੇ ਰਹੀਆਂ ਊਣਤਾਈਆਂ ਨਾਲ ਲੇਖਾ ਜੋਖਾ ਕੀਤਾ।ਮੌਜੂਦਾ ਹਾਲਤਾਂ 'ਤੇ ਵਿਚਾਰ ਕਰਦਿਆਂ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਤੇ ਜ਼ਿਲ੍ਹਾ ਪ੍ਰਧਾਨ ਅਰਜਿੰਦਰ ਸਿੰਘ ਕੋਹਾਲੀ ਨੇ ਸੰਬੋਧਨ ਕਰਦਿਆਂ ਪਿਛਲੇ ਦਿਨੀਂ ਪ੍ਰਿੰਟ/ਸੋਸ਼ਲ ਮੀਡੀਆ 'ਤੇ ਆਈ ਖ਼ਬਰ ਮੁਤਾਬਕ ਜ਼ਿਲ੍ਹਾ ਅੰਮ੍ਰਿਤਸਰ ਦੇ ਸਿਹਤ ਵਿਭਾਗ ਵੱਲੋਂ ਜਲਦੀ ਅਨਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਪ੍ਰੈਕਟਿਸ ਬੰਦ ਕਰਵਾਉਣ ਲਈ ਕਾਨੂੰਨੀ ਕਾਰਵਾਈ ਕੀਤੇ ਜਾਣ ਦੀ ਗੱਲ ਕਹੀ ਗਈ ਹੈ।ਵਲਟੋਹਾ ਤੋਂ ਪੰਜਾਬੀ ਅਖ਼ਬਾਰ ਵਿੱਚ ਮੈਡੀਕਲ ਪ੍ਰੈਕਟੀਸ਼ਨਰਾਂ ਸਬੰਧੀ ਲੱਗੇ ਬਿਆਨ ਵਿੱਚ ਵਰਤੀ ਭੱਦੀ ਸ਼ਬਦਾਵਲੀ ਸਬੰਧੀ ਚਰਚਾ ਕਰਦਿਆਂ ਇਸ ਦੀ ਵੀ ਪੁਰਜ਼ੋਰ ਨਿਖੇਧੀ ਕੀਤੀ। ਬੇਸ਼ੱਕ ਸਬੰਧਤ ਪੱਤਰਕਾਰ ਤੇ ਆਗੂ ਵੱਲੋਂ ਸ਼ਰਮਿੰਦਗੀ ਮਹਿਸੂਸ ਕਰਦਿਆਂ ਆਪਣੀ ਗਲਤੀ ਵੀ ਮੰਨ ਲਈ ਹੈ।ਉਨ੍ਹਾਂ ਸਿਹਤ ਵਿਭਾਗ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਾਫ ਸੁਥਰੀ ਪ੍ਰੈਕਟਿਸ ਕਰਦੇ ਮੈਡੀਕਲ ਪ੍ਰੈਕਟੀਸ਼ਨਰਾਂ 'ਤੇ ਕੋਈ ਕਾਰਵਾਈ ਕਰਨ ਜਾਂ ਤੰਗ ਪ੍ਰੇਸ਼ਾਨ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਇਨਸਾਫ਼ ਪਸੰਦ ਲੋਕਾਂ ਤੇ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਜਥੇਬੰਦੀ ਵੱਲੋਂ ਬੱਝਵਾਂ ਸੰਘਰਸ਼ ਵਿੱਢਿਆ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਿਹਤ ਵਿਭਾਗ ਦੀ ਹੋਵੇਗੀ। ਉਨ੍ਹਾਂ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਨਸ਼ਿਆਂ ਤੇ ਭਰੂਣ ਹੱਤਿਆ ਸਬੰਧੀ ਸੁਚੇਤ ਕਰਦਿਆਂ ਜਥੇਬੰਦੀ ਦੀ ਪ੍ਰਿਤ ਅਨੁਸਾਰ ਨੁੱਕੜ ਮੀਟਿੰਗਾਂ, ਸੈਮੀਨਾਰ ਦਾ ਸਿਲਸਿਲਾ ਲਗਾਤਾਰ ਜਾਰੀ ਰੱਖਣ ਲਈ ਪ੍ਰੇਰਦਿਆਂ ਸੂਬਾ ਕਮੇਟੀ ਵੱਲੋਂ ਉਲੀਕੇ ਹਰ ਕਾਰਜ ਨੂੰ ਤਨਦੇਹੀ ਨਾਲ ਨੇਪਰੇ ਚਾੜ੍ਹਨ ਤੇ ਜਥੇਬੰਦਕ ਜ਼ਾਬਤੇ ਨੂੰ ਲਾਗੂ ਕਰਨ ਲਈ ਵੀ ਪ੍ਰੇਰਿਆ।ਪੰਜਾਬ ਵਿੱਚੋਂ ਚੁਣੇ ਸੰਸਦ ਮੈਂਬਰ ਸਾਹਿਬਾਨ ਨਾਲ ਮਿਲ ਕੇ ਚੋਣ ਮੁਹਿੰਮ ਦੌਰਾਨ ਤੇ ਉਨ੍ਹਾਂ ਦੀ ਪਾਰਟੀ ਵੱਲੋਂ ਕੀਤੇ ਚੋਣ ਵਾਅਦਿਆਂ ਨੂੰ ਯਾਦ ਕਰਵਾਉਂਦਿਆਂ ਸਿਹਤ ਸੇਵਾਵਾਂ ਪ੍ਰਤੀ ਕੇਂਦਰੀ ਕਾਨੂੰਨ ਐੱਨ ਐੱਮ ਸੀ ਵਿੱਚ ਸੋਧ ਕਰਕੇ ਤਜਰਬੇਕਾਰ ਅਣ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਵੀ ਬ੍ਰਿਜ ਕੋਰਸ ਕਰਵਾ ਕੇ ਮੁੱਢਲੀਆਂ ਸਿਹਤ ਸਹੂਲਤਾਂ ਦੇਣ ਦੀ ਮਾਨਤਾ ਦੇਣ ਦੀ ਮੰਗ ਨੂੰ ਲੋਕ ਸਭਾ ਵਿੱਚ ਉਠਾ ਕੇ ਪੂਰਾ ਕਰਵਾਉਣ ਦੇ ਯਤਨ ਕਰਨ ਦੀ ਖੇਚਲ ਕਰਨ।

ਗੋਇਲ ਨੇ ਅਰੁੰਧਤੀ ਰਾਏ ਤੇ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਤੇ ਯੂ.ਏ.ਪੀ.ਏ. ਲਗਾ ਕੇ ਅਵਾਜ਼ ਬੰਦ ਕਰਨ ਤੇ ਕਿਰਤ ਕੋਡ ਲਾਗੂ ਕਰਨ ਦੀ ਵੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਜਥੇਬੰਦੀਆਂ ਵੱਲੋਂ ਸਾਂਝੇ ਰੂਪ 'ਚ ਸੰਘਰਸ਼ ਕਰਨ ਦੀ ਹਮਾਇਤ ਦਾ ਵੀ ਐਲਾਨ ਕੀਤਾ।ਇਸ ਸਮੇਂ ਜ਼ਿਲ੍ਹਾ ਜਨਰਲ ਸਕੱਤਰ ਸਰਵਣ ਸਿੰਘ ਮਨੂੰ, ਅਜਨਾਲਾ ਦੇ ਪ੍ਰਧਾਨ ਮੁਖਤਿਆਰ ਸਿੰਘ ਚੇਤਨਪੁਰਾ, ਜ਼ਿਲ੍ਹਾ ਸੀਨੀਅਰ ਵਾਇਸ ਪ੍ਰਧਾਨ ਰੁਪਿੰਦਰ ਸਿੰਘ, ਵਾਇਸ ਪ੍ਰਧਾਨ ਸਤਪਿੰਦਰ ਸਿੰਘ ਕੋਹਾਲੀ, ਵਿੱਤ ਸਕੱਤਰ ਗੁਰਪ੍ਰਤਾਪ ਸਿੰਘ ਕੱਕੜ, ਬਲਾਕ ਅਜਨਾਲਾ ਦੇ ਮੀਡੀਆ ਇੰਚਾਰਜ ਸਤਵਿੰਦਰ ਸਿੰਘ ਘੁੰਮਣ, ਜ਼ਿਲ੍ਹਾ ਮੀਡੀਆ ਇੰਚਾਰਜ ਰਣਜੀਤ ਸਿੰਘ ਖੈਰਾਬਾਦ, ਜਸਪਾਲ ਸਿੰਘ, ਧਰਮਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

# ਸਿਆਸੀ ਰੰਜਿਸ਼ ਦਾ ਸ਼ਿਕਾਰ ਹੋਈ ਮੇਟ ਨੇ ਲਾਈ ਇਨਸਾਫ ਲਈ ਗੁਹਾਰ



**ਦੋਰਾਹਾ (ਹਰਮਿੰਦਰ ਸੇਠ)**-ਪਿਛਲੇ ਦਿਨੀਂ ਬਲਾਕ ਦੋਰਾਹਾ ਦੇ ਅਧੀਨ ਪੈਂਦੇ ਪਿੰਡ ਜੈਪੁਰਾ ਦੀ ਅਨੁਸੂਚਿਤ ਜਾਤੀ ਨਾਲ ਸੰਬੰਧਤ ਇੱਕ ਮਨਰੇਗਾ ਮੇਟ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ ਸੀ, ਜਿਸ ਦਾ ਪਤੀ ਅੰਗਹੀਣ ਹੋਣ ਕਰਕੇ ਗਰੀਬੀ 'ਚ ਆਪਣੇ ਪਰਿਵਾਰ ਦਾ ਜੀਵਨ ਬਸਰ ਕਰ ਰਹੇ ਸਨ।ਮੇਟ ਨੂੰ ਹਟਾਉਣ ਪਿੱਛੋਂ ਪਿੰਡ ਦੇ ਮਨਰੇਗਾ ਵਰਕਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਰੋਸ ਵਜੋਂ ਉਨ੍ਹਾਂ ਨੇ ਕਈ ਦਿਨ ਮਨਰੇਗਾ ਕੰਮ ਦਾ ਬਾਈਕਾਟ ਵੀ ਕਰ ਰੱਖਿਆ ਸੀ।ਪੀੜਤਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਉਸ ਨੂੰ ਦੁਬਾਰਾ ਨੌਕਰੀ 'ਤੇ ਰੱਖਿਆ ਜਾਵੇ, ਕਿਉਂਕਿ ਉਹ ਅਨੁਸੂਚਿਤ ਜਾਤੀ ਨਾਲ ਸੰਬੰਧ ਰੱਖਦੀ ਹੈ ਤੇ ਬਿਨਾਂ ਕਿਸੇ ਗਲਤੀ ਜਾਂ ਕਸੂਰ ਤੋਂ ਹਟਾ ਕੇ ਇੱਕ ਜਨਰਲ ਵਰਗ ਦੀ ਮੇਟ ਨੂੰ ਲਗਾ ਦਿੱਤਾ ਹੈ।ਇਸ ਨੂੰ ਲੈ ਕੇ ਮਨਰੇਗਾ ਵਰਕਰਾਂ ਨੇ ਆਪਣੀ ਸ਼ਿਕਾਇਤ ਬੀਡੀਪੀਓ ਦੋਰਾਹਾ ਅੱਗੇ ਰੱਖਣ ਦਾ ਫੈਸਲਾ ਲਿਆ।ਪੀੜਤ ਮੇਟ ਜਸਵਿੰਦਰ ਕੌਰ ਪਤਨੀ ਮਨਦੀਪ ਸਿੰਘ ਫਿਜੀਕਲ ਹੈਂਡੀਕੈਪਡ ਵੈੱਲਫੇਅਰ ਸੋਸਾਇਟੀ ਦੇ ਪ੍ਰਧਾਨ ਡਾਕਟਰ ਰਵਿੰਦਰਪਾਲ ਸ਼ਰਮਾ ਨੂੰ ਮਿਲ ਕੇ ਇੰਨਸਾਫ ਦਿਵਾਉਣ ਲਈ ਮੰਗ ਪੱਤਰ ਦਿੱਤਾ।ਇਸ ਮੌਕੇ ਡਾਕਟਰ ਰਵਿੰਦਰ ਪਾਲ ਸ਼ਰਮਾ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਤੇ ਸੰਬੰਧਤ ਮਨਰੇਗਾ ਦੇ ਮਹਿਕਮੇ ਦੇ ਅਫਸਰਾਂ ਨਿਆਂ ਮੰਤਰੀ ਬਲਜੀਤ ਕੌਰ ਤੇ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਫਿਜੀਕਲ ਹੈਂਡੀਕੈਪਡ ਵੈੱਲਫੇਅਰ ਸੰਸਥਾ ਵੱਲੋਂ ਪੱਤਰ ਲਿਖ ਕੇ ਪੀੜਤਾ ਨੂੰ ਇਨਸਾਫ ਦਿਵਾਉਣ ਦੀ ਬੇਨਤੀ ਕਰਨਗੇ।

# ਕਮਿਊਟੇਸ਼ਨ ਦੀ ਰਿਕਵਰੀ ਬੰਦ ਕਰਨ ਸੰਬੰਧੀ ਹਾਈ ਕੋਰਟ ਦਾ ਅੰਤਰਮ ਫੈਸਲਾ ਲਾਗੂ

**ਕੋਟਕਪੂਰਾ (ਰਛਪਾਲ ਭੁੱਲਰ)**-ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਕਈ ਸਿਵਲ ਰਿੱਟ ਪਟੀਸ਼ਨਾਂ ਵਿੱਚ ਕਮਿਊਟੇਸ਼ਨ ਦੀ ਕਟੌਤੀ 'ਤੇ ਰੋਕ ਲਗਾਉਣ ਸਬੰਧੀ ਪਿਛਲੇ ਸਮੇਂ ਦੌਰਾਨ ਵੱਖ-ਵੱਖ ਅੰਤਰਿਮ ਫੈਸਲੇ ਦਿੱਤੇ ਗਏ ਸਨ।ਮਾਨਯੋਗ ਅਦਾਲਤ ਦੇ ਇਹਨਾਂ ਫੈਸਲਿਆਂ ਦੀ ਰੌਸ਼ਨੀ ਵਿੱਚ ਵਿੱਤ ਵਿਭਾਗ ਪੰਜਾਬ ਸਰਕਾਰ ਨੇ 28 ਜੂਨ 2024 ਨੂੰ ਪੰਜਾਬ ਰਾਜ ਦੇ ਪੈਨਸ਼ਨਰਾਂ ਨੂੰ ਪੈਨਸ਼ਨਾਂ ਦੇਣ ਵਾਲੇ ਸਮੂਹ ਬੈਂਕਾਂ ਦੇ ਨਾਂ ਇੱਕ ਪੱਤਰ ਜਾਰੀ ਕਰਕੇ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਅੰਤਿਰਮ ਫੈਸਲੇ ਨੂੰ ਲਾਗੂ ਕਰਨ ਬਾਰੇ ਤੇ ਇਨ੍ਹਾਂ ਸਿਵਲ ਰਿੱਟ ਪਟੀਸ਼ਨਾਂ ਦਾ ਅੰਤਿਮ ਫੈਸਲਾ ਹੋਣ ਤੱਕ ਕਮਿਊਟੇਸ਼ਨ ਦੀ ਕਟੌਤੀ ਤੁਰੰਤ ਬੰਦ ਕਰਨ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।ਇਸ ਸਬੰਧੀ ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਮੁੱਖ ਸਲਾਹਕਾਰ ਗੁਰਮੇਲ ਸਿੰਘ ਮੈਲਡੇ, ਸਲਾਹਕਾਰ ਗੁਰਬਖ਼ਸ਼ ਸਿੰਘ ਢਿੱਲੋਂ, ਸੀਨੀਅਰ ਮੀਤ ਪ੍ਰਧਾਨ ਗੁਰਜੀਤ ਸਿੰਘ ਘੋੜੇਵਾਹ, ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ, ਐਡੀਸ਼ਨਲ ਜਨਰਲ ਸਕੱਤਰ ਸੱਤਿਆਪਾਲ ਗੁਪਤਾ, ਮੁੱਖ ਜਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ ਜਲੰਧਰ, ਵਿੱਤ ਸਕੱਤਰ ਪ੍ਰਿਤਪਾਲ ਸਿੰਘ ਪੰਡੋਰੀ, ਮੀਤ ਪ੍ਰਧਾਨ ਸਵਰਨ ਸਿੰਘ ਹਠੂਰ, ਨਸੀਬ ਸਿੰਘ ਜੜੌਤ, ਸੁੱਚਾ ਸਿੰਘ ਅਜਨਾਲਾ, ਜਗਮੇਲ ਸਿੰਘ ਪੱਖੋਵਾਲ, ਪ੍ਰੈਸ ਸਕੱਤਰ ਕੁਲਵੰਤ ਸਿੰਘ ਚਾਨੀ ਤੇ ਭੁਪਿੰਦਰ ਸਿੰਘ ਸੇਖੋਂ, ਜਾਇੰਟ ਸਕੱਤਰ ਸੰਤੋਖ ਸਿੰਘ ਜਲੰਧਰ, ਸਕੱਤਰ ਬਲਰਾਜ ਸਿੰਘ ਭੰਗੂ, ਅੰਗਰੇਜ਼ ਸਿੰਘ ਸ੍ਰੀ ਮੁਕਤਸਰ ਸਾਹਿਬ, ਮਨਜੀਤ ਸਿੰਘ ਗਿੱਲ ਤੇ ਸੁਰੇਸ਼ ਕੁਮਾਰ ਪਠਾਨਕੋਟ ਨੇ ਵਿੱਤ ਵਿਭਾਗ ਪੰਜਾਬ ਸਰਕਾਰ ਵੱਲੋਂ 28 ਜੂਨ 2024 ਨੂੰ ਜਾਰੀ ਕੀਤੇ ਗਏ ਪੱਤਰ ਨੂੰ ਸਹੀ ਦਿਸ਼ਾ ਵੱਲ ਕਦਮ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਰਿਟਾਇਰ ਹੋਏ ਪੈਨਸ਼ਨਰਜ਼ ਨੂੰ ਕਮਿਊਨਟੇਸ਼ਨ ਨੀਤੀ ਤਹਿਤ ਰਾਸ਼ੀ ਅਦਾ ਕੀਤੀ ਜਾਂਦੀ ਹੈ ਤੇ ਇਹ ਰਾਸ਼ੀ 15 ਸਾਲਾਂ ਵਿੱਚ 180 ਮਹੀਨਿਆਂ ਦੌਰਾਨ ਮਹੀਨਾਵਾਰ ਕਟੌਤੀ ਕਰਵਾ ਕੇ ਵਾਪਸ ਕਰਨੀ ਪੈਂਦੀ ਹੈ।ਇਸ ਰਿਕਵਰੀ ਦੀ ਕਟੌਤੀ ਬਹੁਤ ਉੱਚੀ ਦਰ 'ਤੇ ਵਿਆਜ ਦਰ ਨਾਲ ਨਿਸ਼ਚਿਤ ਕੀਤੀ ਗਈ ਹੈ, ਜਦਕਿ ਪਿਛਲੇ ਕਾਫੀ ਸਮੇਂ ਤੋਂ ਵੱਖ ਵੱਖ ਤਰ੍ਹਾਂ ਦੇ ਵਿਆਜ ਦੀਆਂ ਦਰਾਂ ਵਿੱਚ ਕਾਫੀ ਕਮੀ ਆ ਚੁੱਕੀ ਹੈ। ਪੰਜਾਬ ਸਰਕਾਰ ਵੱਲੋਂ ਇਸ ਨੀਤੀ ਤਹਿਤ ਕੀਤੀ ਜਾਂਦੀ ਮਹੀਨਾਵਾਰ ਰਿਕਵਰੀ ਮੌਜੂਦਾ ਸਮੇਂ ਵਿੱਚ ਅਣ-ਉਚਿਤ ਹੋਣ ਕਰਕੇ ਪੰਜਾਬ ਰਾਜ ਦੇ ਬਹੁਤ ਸਾਰੇ ਪੈਨਸ਼ਨਰਾਂ ਨੇ ਕਮਿਊਟੇਸ਼ਨ ਦੀ ਇਹ ਕਟੌਤੀ ਬੰਦ ਕਰਨ ਸਬੰਧੀ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਬਹੁਤ ਸਾਰੀਆਂ ਸਿਵਲ ਰਿੱਟ ਪਟੀਸ਼ਨਾਂ ਦਾਇਰ ਕੀਤੀਆਂ ਹੋਈਆਂ ਹਨ।ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਹੋਰ ਕਾਨੂੰਨੀ ਕੇਸਾਂ ਤੋਂ ਬਚਾਅ ਲਈ ਇਹ ਫੈਸਲਾ ਨਾਨ-ਪਟੀਸ਼ਨਰਜ਼ 'ਤੇ ਵੀ ਲਾਗੂ ਕੀਤਾ ਜਾਵੇ।

## ਕਾਤਰਾਂ

### ਪੀ ਸੀ ਏ ਪ੍ਰਧਾਨ ਨੇ ਟੀਮ ਇੰਡੀਆ ਨੂੰ ਵਿਸ਼ਵ ਕੱਪ 'ਚ ਜਿੱਤ ਲਈ ਦਿੱਤੀ ਵਧਾਈ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਭਾਰਤ ਤੇ ਦੱਖਣੀ ਅਫਰੀਕਾ ਵਿਚਾਲੇ 29 ਜੂਨ ਨੂੰ ਹੋਏ ਟੀ-20 ਅੰਤਰਰਾਸ਼ਟਰੀ ਵਿਸ਼ਵ ਕੱਪ ਦੇ ਫਾਈਨਲ ਮੈਚ ਵਿੱਚ ਭਾਰਤ ਨੇ ਦੱਖਣੀ ਅਫਰੀਕਾ ਨੂੰ 7 ਦੌੜਾਂ ਨਾਲ ਹਰਾ ਕੇ ਇਤਿਹਾਸਕ ਜਿੱਤ ਦਰਜ ਕੀਤੀ ਅਤੇ 17 ਸਾਲ ਬਾਅਦ ਟੀ-20 ਕੱਪ 'ਤੇ ਕਬਜ਼ਾ ਕੀਤਾ।ਉਪਰੋਕਤ ਜਿੱਤ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹਿਤਾ ਨੇ ਕਿਹਾ ਕਿ 17 ਸਾਲਾਂ ਬਾਅਦ ਇਹ ਪਲ ਦੇਸ਼ ਲਈ ਬਹੁਤ ਹੀ ਇਤਿਹਾਸਕ ਤੇ ਖੁਸ਼ੀ ਵਾਲਾ ਬਣ ਗਿਆ ਹੈ।ਉਨ੍ਹਾ ਕਿਹਾ ਕਿ ਅੱਜ 140 ਕਰੋੜ ਦੇਸ਼ ਵਾਸੀ ਟੀਮ ਇੰਡੀਆ ਦੇ ਸ਼ਾਨਦਾਰ ਪ੍ਰਦਰਸ਼ਨ 'ਤੇ ਮਾਣ ਮਹਿਸੂਸ ਕਰ ਰਹੇ ਹਨ।ਉਨ੍ਹਾ ਕਿਹਾ ਕਿ ਟੀਮ ਇੰਡੀਆ ਨੇ ਅੱਜ ਸਾਰਿਆਂ ਦਾ ਦਿਲ ਜਿੱਤ ਲਿਆ ਤੇ ਪੂਰੇ ਦੇਸ਼ ਨੂੰ ਟੀਮ ਇੰਡੀਆ 'ਤੇ ਮਾਣ ਹੈ।ਅਮਰਜੀਤ ਮਹਿਤਾ ਨੇ ਕਿਹਾ ਕਿ ਸਾਡੇ ਨਿੱਡਰ ਬੱਲੇਬਾਜ਼ਾਂ ਤੇ ਗੇਂਦਬਾਜ਼ਾਂ ਨੇ ਵਿਸ਼ਵ ਭਰ ਵਿੱਚ ਭਾਰਤ ਮਾਤਾ ਦਾ ਸਤਿਕਾਰ ਵਧਾਇਆ ਹੈ।ਉਨ੍ਹਾ ਕਿਹਾ ਕਿ ਬੀਸੀਸੀਆਈ ਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਹੋਣਹਾਰ ਖਿਡਾਰੀਆਂ ਨੂੰ ਅੱਗੇ ਲਿਆਉਣ ਲਈ ਉਤਸ਼ਾਹਤ ਕੀਤਾ ਜਾ ਰਿਹਾ ਹੈ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਵੀ ਹੋਣਹਾਰ ਖਿਡਾਰੀ ਟੀਮ ਇੰਡੀਆ ਵਿੱਚ ਥਾਂ ਪ੍ਰਾਪਤ ਕਰਦੇ ਰਹਿਣ।ਮਹਿਤਾ ਕਿਹਾ ਕਿ ਜਸ਼ਨ ਦੇ ਨਾਲ-ਨਾਲ ਟੀਮ ਇੰਡੀਆ ਨੂੰ ਹੋਰ ਮਜ਼ਬੂਤ ਬਣਾਉਣ ਲਈ ਸਖ਼ਤ ਮਿਹਨਤ ਜਾਰੀ ਰਹੇਗੀ।ਉਨ੍ਹਾ ਕਿਹਾ ਕਿ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੀ ਕੋਸ਼ਿਸ਼ ਰਹੇਗੀ ਕਿ ਪੰਜਾਬ ਦੇ ਹੋਣਹਾਰ ਖਿਡਾਰੀਆਂ ਨੂੰ ਟੀਮ ਇੰਡੀਆ ਵਿੱਚ ਥਾਂ ਮਿਲੇ ਤੇ ਹਰ ਵਿਸ਼ਵ ਕੱਪ 'ਤੇ ਭਾਰਤ ਦਾ ਕਬਜ਼ਾ ਬਰਕਰਾਰ ਰਹੇ।

### ਸ਼ੂਟਿੰਗ ਤੇ ਸਕੇਟਿੰਗ ਅਕੈਡਮੀ ਖੁੱਲ੍ਹੀ

**ਜਗਰਾਓਂ (ਅਮਿਤ ਖੰਨਾ)**-ਜਗਰਾਓਂ ਸ਼ਹਿਰ ਵਿੱਚ ਸ਼ੂਟਿੰਗ ਰੇਂਜ ਅਤੇ ਸਕੇਟਿੰਗ ਸਿਖਾਉਣ ਦੀ ਅਕੈਡਮੀ ਪੁਰਾਣੀ ਸਬਜ਼ੀ ਮੰਡੀ ਪੁਰਾਣਾ ਨਿਰੰਕਾਰੀ ਭਵਨ ਵਿਖੇ ਖੁੱਲ੍ਹ ਚੁੱਕੀ ਹੈ, ਜਿੱਥੇ ਤੁਹਾਡੇ ਬੱਚਿਆਂ ਨੂੰ ਸੁਰੱਖਿਆ ਪੂਰਵਕ ਸ਼ੂਟਿੰਗ ਤੇ ਸਕੇਟਿੰਗ ਸਿਖਾਈ ਜਾਵੇਗੀ। ਇਹ ਅਕੈਡਮੀ ਸਕੇਟਿੰਗ ਕਲੱਬ ਸਪੋਰਟ ਅਕੈਡਮੀ ਜਗਰਾਓਂ ਵਿੱਚ 2021 ਤੋਂ ਚੱਲ ਰਹੀ ਹੈ, ਸਾਰੇ ਮਾਪਿਆਂ ਨੂੰ ਚਾਹੀਦਾ ਹੈ ਕਿ ਨਸ਼ਿਆਂ ਤੇ ਮੋਬਾਇਲ ਤੋਂ ਦੂਰ ਰੱਖਣ ਲਈ ਆਪਣੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰੋ, ਖੇਡਾਂ ਨਾਲ ਸਬੰਧਤ ਟੂਰਨਾਮੈਂਟ ਵੀ ਕਰਵਾਏ ਜਾਂਦੇ ਹਨ।

### ਓਮ ਬਿਰਲਾ ਨੂੰ ਮੁੜ ਸਪੀਕਰ ਚੁਣੇ ਜਾਣ 'ਤੇ ਰਾਕੇਸ਼ ਗਰਗ ਵੱਲੋਂ ਖੁਸ਼ੀ ਦਾ ਪ੍ਰਗਟਾਵਾ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸ੍ਰੀ ਓਮ ਬਿਰਲਾ ਨੂੰ ਲੋਕ ਸਭਾ ਦਾ ਦੂਜੀ ਵਾਰ ਸਪੀਕਰ ਬਣਨ 'ਤੇ ਸਰਗਰਮ ਭਾਜਪਾ ਦੇ ਵਾਈਸ ਪ੍ਰਧਾਨ ਰਾਕੇਸ਼ ਗਰਗ ਨੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਤੇ ਓਮ ਬਿਰਲਾ ਨੂੰ ਵਧਾਈ ਦਿੱਤੀ ਹੈ।ਉਨ੍ਹਾ ਆਖਿਆ ਕਿ ਰਾਜਸਥਾਨ ਦੇ ਕੋਟਾ ਤੋਂ ਭਾਜਪਾ ਦੇ ਸੰਸਦ ਮੈਂਬਰ ਓਮ ਬਿਰਲਾ ਨੂੰ ਦੂਜੀ ਵਾਰ ਸਪੀਕਰ ਚੁਣੇ ਜਾਣ ਤੋਂ ਬਾਅਦ ਦੋ ਦਹਾਕਿਆਂ ਤੋਂ ਵੱਧ ਸਮੇਂ ਵਿੱਚ ਇਹ ਅਹੁਦਾ ਸੰਭਾਲਣ ਵਾਲੇ ਪਹਿਲੇ ਨੇਤਾ ਬਣ ਗਏ ਹਨ।ਉਨ੍ਹਾ ਕਿਹਾ ਕਿ ਸ੍ਰੀ ਬਿਰਲਾ ਨੂੰ ਇੱਕ ਅਜਿਹਾ ਨੇਤਾ ਮੰਨਿਆਂ ਜਾਂਦਾ ਹੈ, ਜੋ ਪਰਦੇ ਦੇ ਪਿੱਛੇ ਸੰਗਠਨ ਲਈ ਕੰਮ ਕਰਦੇ ਹਨ।ਉਨ੍ਹਾ ਨੇ 1991 ਤੋਂ 2003 ਤੱਕ ਭਾਜਪਾ ਦੇ ਯੂਥ ਵਿੰਗ ਲਈ ਕੰਮ ਕੀਤਾ।ਸ੍ਰੀ ਬਿਰਲਾ ਪਹਿਲੇ ਲੋਕ ਸਭਾ ਸਪੀਕਰ ਹਨ, ਜਿਨ੍ਹਾਂ ਦੇ ਕਾਰਜਕਾਲ ਦੌਰਾਨ ਕੋਈ ਲੋਕ ਸਭਾ ਡਿਪਟੀ ਸਪੀਕਰ ਨਹੀਂ ਚੁਣਿਆ ਗਿਆ।ਉਨ੍ਹਾ ਕਿਹਾ ਕਿ ਬਿਰਲਾ ਕੋਲ ਸੰਸਦ ਦੀਆਂ ਪੁਰਾਣੀਆਂ ਤੇ ਨਵੀਆਂ ਇਮਾਰਤਾਂ ਵਿੱਚ ਲੋਕ ਸਭਾ ਦੀ ਪ੍ਰਧਾਨਗੀ ਕਰਨ ਦਾ ਕਿਰਾਰਡ ਬਣਿਆ ਹੈ। ਓਮ ਬਿਰਲਾ ਨੇ ਪਿਛਲੇ ਕਾਰਜਕਾਲ ਦੌਰਾਨ ਸੰਸਦ ਵਿੱਚ ਧਾਰਾ 370 ਖਤਮ ਕਰਨਾ, ਨਾਗਿਰਕਿਤਾ ਸੋਧ ਕਾਨੂੰਨ ਨੂੰ ਲਾਗੂ ਕਰਨਾ, ਤਿੰਨ ਅਪਰਾਧਿਕ ਕਾਨੂੰਨਾਂ ਨੂੰ ਲਾਗੂ ਕਰਨ ਸਮੇਤ ਕਈ ਮਹੱਤਵਪੂਰਨ ਵਿਧਾਨਕ ਕੰਮ ਕੀਤੇ ਹਨ।ਰਾਕੇਸ਼ ਗਰਗ ਨੇ ਕਿਹਾ ਕਿ ਇਕ ਵਾਰ ਫਿਰ ਤੋਂ ਉਹ ਦੇਸ਼ ਵਿੱਚ ਕੀਤੇ ਜਾਣ ਵਾਲੇ ਕੰਮਾਂ ਤੇ ਫੈਸਲਿਆਂ ਦੇ ਗਵਾਹ ਬਣਨਗੇ।

# ਮੁਲਾਜ਼ਮਾਂ ਦੇ ਪ੍ਰਮੁੱਖ ਆਗੂ ਸੱਜਣ ਸਿੰਘ ਨੂੰ ਤੀਜੀ ਬਰਸੀ ਮੌਕੇ ਕੀਤਾ ਯਾਦ

- ਮੁਲਾਜ਼ਮ ਲਹਿਰ ਦੀ ਬਿਹਤਰੀ ਲਈ ਸੰਘਰਸ਼ਾਂ 'ਚ ਸ਼ਾਮਲ ਹੋਣ ਦਾ ਕੀਤਾ ਪ੍ਰਣ
- 6 ਨੂੰ ਜਲੰਧਰ ਪੱਛਮੀ ਵਿਧਾਨ ਸਭਾ ਚੋਣ ਹਲਕੇ ਦੇ ਝੰਡਾ ਮਾਰਚ 'ਚ ਪੈਨਸ਼ਨਰ ਕਰਨਗੇ ਭਰਵੀਂ ਸ਼ਮੂਲੀਅਤ



**ਬਠਿੰਡਾ (ਬਖਤੌਰ ਢਿੱਲੋਂ, ਪਰਵਿੰਦਰ ਜੀਤ ਸਿੰਘ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ ਚੰਡੀਗੜ੍ਹ ਦੀ ਜ਼ਿਲ੍ਹਾ ਇਕਾਈ ਬਠਿੰਡਾ ਵੱਲੋਂ ਸਥਾਨਕ ਟੀਚਰਜ਼ ਹੋਮ ਵਿਖੇ ਮੁਲਾਜ਼ਮਾਂ ਦੇ ਪ੍ਰਮੁੱਖ ਤੇ ਮਰਹੂਮ ਆਗੂ ਕਾਮਰੇਡ ਸੱਜਣ ਸਿੰਘ ਦੀ ਤੀਜੀ ਬਰਸੀ ਮਨਾਈ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਸੂਬਾਈ ਆਗੂ ਪ੍ਰੇਮ ਚਾਵਲਾ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਸੰਜੀਵ ਕੁਮਾਰ, ਜ਼ਿਲ੍ਹਾ ਚੇਅਰਮੈਨ ਮਨਜੀਤ ਸਿੰਘ, ਅਧਿਆਪਕ ਆਗੂ ਲਛਮਣ ਸਿੰਘ ਮਲੂਕਾ, ਟੀਚਰਜ਼ ਹੋਮ ਵੱਲੋਂ ਸਾਥੀ ਰਘਵੀਰ ਚੰਦ ਸ਼ਰਮਾ, ਬੀਰਬਲ ਦਾਸ, ਪਰਮਜੀਤ ਸਿੰਘ ਰਾਮਾ, ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਤੇਜ ਸਿੰਘ ਗਿੱਲ, ਕ੍ਰਿਸ਼ਨ ਸਿੰਘ ਜੰਗੀਰਾਣਾ, ਐੱਸ ਐੱਸ ਯਾਦਵ ਤੇ ਬਹੁਤ ਸਾਰੇ ਹੋਰ ਸਾਥੀਆਂ ਨੇ ਸਾਥੀ ਸੱਜਣ ਸਿੰਘ ਦੀ ਫੋਟੋ ਸਾਹਮਣੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਉਨ੍ਹਾਂ ਵੱਲੋਂ ਟਰੇਡ ਯੂਨੀਅਨ ਲਹਿਰ ਨੂੰ ਸਮਰਪਤ ਆਪਣੇ ਜੀਵਨ ਦੇ ਪੰਜਾਹ ਸਾਲਾਂ ਵਿੱਚ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਵੱਖ-ਵੱਖ ਸਮੇਂ ਰੱਖੇ ਗਏ ਚਾਰ ਮਰਨ ਵਰਤ ਦੇ ਸੰਘਰਸ਼ਾਂ ਦੌਰਾਨ ਕੀਤੀਆਂ ਗਈਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ।ਸਾਥੀ ਸੱਜਣ ਸਿੰਘ ਨੇ ਪੰਜਾਬ ਦੇ ਤਿੰਨ ਪੇ-ਕਮਿਸ਼ਨ ਦੀਆਂ ਰਿਪੋਰਟਾਂ ਨੂੰ ਲਾਗੂ ਕਰਵਾਇਆ, ਅਨੇਕਾਂ ਭੱਤਿਆਂ ਵਿੱਚ ਦੁੱਗਣਾ ਵਾਧਾ ਕਰਵਾਇਆ, ਚੌਥਾ ਦਰਜਾ ਮੁਲਾਜ਼ਮਾਂ ਦੀ ਤਰੱਕੀ ਲਈ 15% ਰਾਖਵਾਂ ਕੋਟਾ ਨਿਸ਼ਚਤ ਕਰਵਾਇਆ, ਵਰਦੀ ਭੱਤਾ ਲਾਗੂ ਕਰਵਾਇਆ, ਸਾਈਕਲ ਭੱਤਾ ਆਦਿ ਦਿਵਾਇਆ, ਵਿਸ਼ੇਸ਼ ਇੰਕਰੀਮੈਂਟ ਦਿਵਾਏ, ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਪੱਕਾ ਕਰਵਾਇਆ ਗਿਆ।ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 6 ਜੁਲਾਈ ਨੂੰ ਜਲੰਧਰ ਵਿਖੇ ਹੋਣ ਵਾਲੇ ਝੰਡਾ ਮਾਰਚ ਵਿੱਚ ਬਠਿੰਡਾ ਜ਼ਿਲ੍ਹੇ ਦੇ ਵੱਧ ਤੋਂ ਵੱਧ ਮੁਲਾਜ਼ਮ ਤੇ ਪੈਨਸ਼ਨਰ ਸਾਥੀ ਸ਼ਾਮਲ ਹੋਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਲਾਜ਼ਮ ਆਗੂ ਬਲਵਿੰਦਰ ਸਿੰਘ ਵਿੱਤ ਸਕੱਤਰ, ਰਾਮ ਸਿੰਘ ਚੇਅਰਮੈਨ ਪਸ਼ੂ ਪਾਲਣ ਵਿਭਾਗ ਪੰਜਾਬ, ਮਨਜੀਤ ਸਿੰਘ ਮੱਟੂ, ਗੁਰਲਾਲ ਸਿੰਘ ਸੀਨੀਅਰ, ਮੀਤ ਪ੍ਰਧਾਨ, ਅਜੈ ਕੁਮਾਰ ਮੀਤ ਪ੍ਰਧਾਨ, ਸੋਹਣ ਲਾਲ ਮੈਟ, ਅਮ੍ਰਿਤਪਾਲ ਸਿੰਘ ਪ੍ਰਧਾਨ ਐੱਮ ਆਰ ਐੱਸ ਪੀ ਟੀ ਯੂ ਬਠਿੰਡਾ, ਨੰਦ ਕਿਸ਼ੋਰ ਆਦਿ ਆਗੂ ਸ਼ਾਮਲ ਸਨ।

# ਨਗਰ ਕੌਂਸਲ ਦੀ ਨਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਸਿਰਫ ਡਰਾਮਾ !

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਨਗਰ ਕੌਂਸਲ ਰਾਮਪੁਰਾ ਫੂਲ ਵੱਲੋਂ ਦੁਕਾਨਾਂ ਅੱਗੇ ਕੀਤੇ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਮੁਹਿੰਮ ਚਲਾਈ ਗਈ ਹੈ, ਜੋ ਕਿ ਇੱਕ ਡਰਾਮੇ ਤੋਂ ਵੱਧ ਕੁਝ ਨਹੀਂ ਹੈ।ਇਹ ਸਿਰਫ ਸੁਰਖੀਆਂ ਵਿੱਚ ਰਹਿਣ ਲਈ ਕੀਤਾ ਜਾ ਰਿਹਾ ਹੈ ਤਾਂ ਜੋ ਅਪਣੇ ਉੱਚ ਅਧਿਕਾਰੀਆਂ ਨੂੰ ਖੁਸ਼ ਰੱਖਿਆ ਜਾ ਸਕੇ।ਨਗਰ ਕੌਂਸਲ ਵੱਲੋਂ ਬੱਸ ਸਟੈਂਡ ਰੋਡ ਤੋਂ ਟੀ ਪੁਆਇੰਟ ਤੱਕ 10-12 ਦੁਕਾਨਾਂ ਅੱਗੇ ਰੱਖੇ ਸਾਇਨ ਬੋਰਡ ਚੁੱਕ ਲੈਣ ਨਾਲ ਇਹ ਕਬਜ਼ੇ ਨ੍ਹੀਂ ਹੱਟ ਗਏ।ਨਗਰ ਕੌਂਸਲ ਨੂੰ ਅਪਣੇ ਦਫ਼ਤਰ ਤੋਂ ਦੋ ਕਿਲੋਮੀਟਰ ਦੂਰ ਨਿਊ ਮਾਰਕਿਟ ਵਿੱਚ ਕਬਜ਼ੇ ਹੋਣੇ ਤਾਂ ਦਿਖਾਈ ਦਿੰਦੇ ਹਨ, ਪਰ ਅਪਣੇ ਦਫ਼ਤਰ ਦੇ ਗੇਟ ਸਾਹਮਣੇ ਹੋਏ ਕਬਜ਼ੇ ਦਿਖਾਈ ਨਹੀਂ ਦਿੰਦੇ, ਜਿਸ ਦੀ ਮਿਸਾਲ ਭਗਵਾਨ ਵਾਲਮੀਕ ਚੌਂਕ ਨੇੜੇ ਇੱਕ ਦੁਕਾਨਦਾਰ ਵੱਲੋਂ ਅਪਣੀ ਦੁਕਾਨ ਅੱਗੇ ਰੇਹੜੀਆਂ ਖੜੀਆਂ ਕਰਕੇ ਸਰਕਾਰੀ ਸੜਕ 'ਤੇ ਕਬਜ਼ਾ ਕੀਤਾ ਹੋਇਆ ਹੈ।ਇਥੋਂ ਤੱਕ ਕਿ ਇਹ ਦੁਕਾਨਦਾਰ ਇਨ੍ਹਾਂ ਰੇਹੜੀਆਂ ਵਾਲਿਆਂ ਤੋਂ ਮੋਟਾ ਕਰਾਇਆ ਵੀ ਵਸੂਲਦਾ ਹੈ।ਇਸ ਦੁਕਾਨਦਾਰ ਨੇ ਰੇਹੜੀਆਂ ਤੋਂ ਇਲਾਵਾ ਸ਼ੋ-ਪੀਸ, ਬੈਂਚ ਬਗੈਰਾ ਰੱਖ ਕੇ ਪੂਰਾ ਫੁੱਟਪਾਥ ਵੀ ਰੋਕ ਰਖਿਆ ਹੈ, ਇਹ ਸਭ ਕੁਝ ਨਗਰ ਕੌਂਸਲ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਹੋ ਰਿਹਾ ਹੈ। ਕਬਜ਼ੇ ਹਟਾਉਣ ਦੀ ਮੁਹਿੰਮ ਤੋਂ ਪਹਿਲਾਂ ਹੀ ਇਸ ਦੁਕਾਨਦਾਰ ਨੂੰ ਦੱਸ ਦਿੱਤਾ ਸੀ ਕਿ ਅਸੀਂ ਆਵਾਂਗੇ, ਰੇਹੜੀਆਂ ਪਾਸੇ ਕਰ ਲਿਓ, ਜਦੋਂ ਨਗਰ ਕੌਂਸਲ ਵਾਲੇ ਕਬਜ਼ਾ ਹਟਾਓ ਮੁਹਿੰਮ ਪੂਰੀ ਕਰਕੇ ਅਪਣੇ ਦਫ਼ਤਰ ਗਏ ਤਾਂ ਇਹ ਰੇਹੜੀਆਂ ਪੰਜ ਮਿੰਟ ਬਾਅਦ ਫਿਰ ਸੜਕ 'ਤੇ ਆ ਗਈਆਂ।ਇਸ ਤੋਂ ਸਾਬਿਤ ਹੁੰਦਾ ਹੈ ਨਗਰ ਕੌਂਸਲ ਦੀ ਇਸ ਦੁਕਾਨਦਾਰ ਨਾਲ ਪੂਰੀ ਮਿਲੀਭੁਗਤ ਹੈ।ਇਸ ਦੁਕਾਨਦਾਰ ਕੋਲ ਛੋਟੀ ਜਿਹੀ ਦੁਕਾਨ ਹੈ, ਇਸ ਨੇ ਤਿੰਨ ਗੁਣਾ ਸੜਕ ਰੋਕ ਰੱਖੀ ਹੈ।ਇਸ ਜਗ੍ਹਾ 'ਤੇ ਚੁਰਾਸਤਾ ਹੋਣ ਕਰਕੇ ਕਾਫੀ ਟ੍ਰੈਫਿਕ ਰਹਿੰਦਾ ਹੈ।ਜਦੋਂ ਫਸਲ ਦਾ ਸੀਜ਼ਨ ਹੁੰਦਾ ਹੈ ਜਾਂ ਸਕੂਲੀ ਬੱਚਿਆਂ ਨੂੰ ਛੁੱਟੀ ਹੁੰਦੀ ਹੈ ਤਾਂ ਉਸ ਸਮੇਂ ਇਸ ਸੜਕ 'ਤੇ ਜਾਮ ਲੱਗ ਜਾਂਦਾ ਹੈ, ਜਿਸ ਨਾਲ ਪਬਲਿਕ ਨੂੰ ਬਹੁਤ ਮੁਸ਼ਕਲਾਂ ਆਉਂਦੀਆਂ ਹਨ।ਕਈ ਵਾਰ ਤਾਂ ਇਸ ਸਥਾਨ 'ਤੇ ਐਂਬੂਲੈਂਸ ਵੀ ਫਸ ਚੁੱਕੀ ਹੈ।ਜੇ ਨਗਰ ਕੌਂਸਲ ਸੱਚੇ ਮਨ ਨਾਲ ਚਾਹੇ ਤਾਂ ਇਹ ਕਬਜ਼ਾ ਮਿੰਟਾਂ ਸਕਿੰਟਾਂ ਵਿੱਚ ਹਟਾਇਆ ਜਾ ਸਕਦਾ ਹੈ।



# ਕਾਕਾ ਬਰਾੜ ਨੇ ਕਾਨਿਆਂਵਾਲੀ ਦੀ 15 ਸਾਲਾਂ ਤੋਂ ਲਟਕ ਰਹੀ ਸਮੱਸਿਆ ਦਾ ਕੀਤਾ ਹੱਲ

- ਸੂਏ ਤੋਂ ਬੋਰ ਕਰਕੇ ਵਾਟਰ ਵਰਕਸ 'ਚ ਪਾਣੀ ਪਹੁੰਚਾਉਣ ਦੇ ਪ੍ਰੋਜੈਕਟ ਦਾ ਉਦਘਾਟਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਹਰ ਸਹੂਲਤ ਮੁਹੱਈਆ ਕਰਵਾਉਣ ਲਈ ਦਿਨ-ਰਾਤ ਮਿਹਨਤ ਕੀਤੀ ਜਾ ਰਹੀ ਹੈ।ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਿਸਾਨਾਂ ਨੂੰ ਟੇਲਾਂ ਤੱਕ ਪਾਣੀ ਪਹੁੰਚਾਉਣ ਵਿੱਚ ਕਾਮਯਾਬ ਹੋਏ ਹਨ, ਉੱਥੇ ਹੀ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦਾ ਵੀ ਪ੍ਰਬੰਧ ਵੱਡੇ ਪੱਧਰ ਤੇ ਕੀਤਾ ਜਾ ਰਿਹਾ ਹੈ।ਇਸੇ ਲੜੀ ਤਹਿਤ ਪਿੰਡ ਕਾਨਿਆਂਵਾਲੀ ਵਿਖੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਦੇਣ ਦੇ ਲਈ ਸੂਏ ਤੋਂ ਸਿੱਧੀ ਵਾਟਰ ਵਰਕਸ ਵਿੱਚ ਪਾਣੀ ਪਹੁੰਚਾਉਣ ਲਈ ਪਾਈਪ ਲਾਈਨ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਆਪਣੇ ਸੰਬੋਧਨ ਦੌਰਾਨ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਪਿੰਡ ਵਿੱਚ ਸੂਏ ਨਹਿਰਾਂ ਦੀ ਬੰਦੀ ਦੌਰਾਨ ਪੀਣ ਵਾਲੇ ਪਾਣੀ ਦੀ ਗੰਭੀਰ ਸਮੱਸਿਆ ਪੈਦਾ ਹੋ ਜਾਂਦੀ ਸੀ, ਜਿਸ ਦੀ ਸ਼ਿਕਾਇਤ ਲੋਕਾਂ ਵੱਲੋਂ ਲਗਾਤਾਰ ਦਿੱਤੀ ਜਾ ਰਹੀ ਸੀ।ਇਸੇ ਸਮੱਸਿਆ ਦੇ ਹੱਲ ਲਈ ਕਰੀਬ 10 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਤੋਂ ਲੰਘਦੇ ਸੂਏ ਤੋਂ ਬੋਰ ਕਰਕੇ ਸਿੱਧੀ ਵਾਟਰ ਵਰਕਸ ਦੀਆਂ ਡਿੱਗੀਆਂ ਤੱਕ ਪਾਈਪ ਲਾਈਨ ਪਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ।ਇਸ ਨਾਲ ਪਿੰਡ ਵਿੱਚ ਪਾਣੀ ਦੀ ਬੰਦੀ ਦੌਰਾਨ ਵੀ ਮੁਸ਼ਕਲ ਨਹੀਂ ਆਵੇਗੀ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਹਰਪਾਲ ਸਿੰਘ ਸੰਧੂ ਨੇ ਆਖਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਪਿਛਲੇ ਕਰੀਬ 15 ਸਾਲਾਂ ਤੋਂ ਪਿੰਡ ਵਿੱਚ ਪੀਣ ਵਾਲੇ ਪਾਣੀ ਦੀ ਵੱਡੀ ਦਿੱਕਤ ਪੇਸ਼ ਆਉਂਦੀ ਸੀ।ਇਹ ਸਮੱਸਿਆ ਉਦੋਂ ਗੰਭੀਰ ਹੋ ਜਾਂਦੀ ਸੀ, ਜਦੋਂ ਸੂਏ, ਨਹਿਰਾਂ ਵਿੱਚ ਪਾਣੀ ਦੀ ਬੰਦੀ ਹੋ ਜਾਂਦੀ ਹੈ।ਇਸ ਸਮੱਸਿਆ ਤੋਂ ਨਿਜ਼ਾਤ ਦਿਵਾਉਣ ਲਈ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਵੱਡਾ ਉਪਰਾਲਾ ਕੀਤਾ ਗਿਆ ਤੇ ਉਨ੍ਹਾਂ ਦੇ ਪਿੰਡ ਦੀ ਸਮੱਸਿਆ ਦਾ ਹੱਲ ਹੋਇਆ। ਸਮੂਹ ਨਗਰ ਨਿਵਾਸੀਆਂ ਨੇ ਲੱਡੂ ਵੰਡ ਕੇ ਵਿਧਾਇਕ ਕਾਕਾ ਬਰਾੜ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਸੰਦੀਪ ਸਿੰਘ ਸੰਧੂ, ਅਮ੍ਰਿਤਪਾਲ ਸਿੰਘ, ਰੁਪਿੰਦਰ ਸਿੰਘ ਸੰਧੂ, ਗੁਰਸਿਮਰਤ ਸੰਧੂ, ਜਸ਼ਨਪ੍ਰੀਤ ਸੰਧੂ, ਮਨਜੀਤ ਮੈਂਬਰ, ਰਿੱਪੀ ਸਚਦੇਵਾ, ਬਲਵੀਰ ਸਿੰਘ, ਚੌਕੀਦਾਰ ਸਾਹਿਬ ਸਿੰਘ, ਸੁਖਜਿੰਦਰ ਸਿੰਘ, ਮਨਦੀਪ ਸਿੰਘ ਖੋਸਾ, ਮਨਪ੍ਰੀਤ ਸਿੰਘ ਸੰਧੂ, ਪ੍ਰੇਮ ਕੁਮਾਰ ਆਦਿ ਹਾਜ਼ਰ ਸਨ।

# ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰ ਯੂਨੀਅਨ ਦੀ ਚੀਫ ਇੰਜੀਨੀਅਰ ਨਾਲ ਮੀਟਿੰਗ ਅੱਜ

- ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਤਾਂ ਤੁਰੰਤ ਸ਼ੁਰੂ ਹੋਵੇਗਾ ਸੰਘਰਸ਼ : ਸੂਬਾ ਆਗੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਜਸਵੀਰ ਸਿੰਘ ਕਾਲ਼ਾ ਤੇ ਜ਼ਿਲ੍ਹਾ ਪ੍ਰਧਾਨ ਗਗਨਦੀਪ ਸਿੰਘ ਖੁੜੰਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦਿਨੀਂ 27 ਜੁਲਾਈ ਨੂੰ ਮੁੱਖ ਮੰਤਰੀ ਪੰਜਾਬ ਸਰਕਾਰ ਭਗਵੰਤ ਸਿੰਘ ਮਾਨ ਸਮੇਤ ਤਿੰਨ ਕੈਬਨਿਟ ਮੰਤਰੀਆਂ ਉਪਰੰਤ ਵਿਭਾਗੀ ਉੱਚ ਅਧਿਕਾਰੀਆਂ ਨਾਲ ਕਬਾਨਾ ਰੈਸਟੋਰੈਂਟ ਫਗਵਾੜਾ ਵਿਖੇ ਜਥੇਬੰਦੀ ਦੀ ਮੀਟਿੰਗ ਹੋਈ ਸੀ, ਜਿਸ ਉਪਰੰਤ ਜਥੇਬੰਦੀ ਵੱਲੋਂ ਪਿਛਲੇ ਪੰਦਰਾਂ ਵੀਹ ਸਾਲਾਂ ਤੋਂ ਇਨਲਿਸਟਮੈਂਟ ਤੇ ਆਊਟਸੋਰਸਿੰਗ ਕਾਮਿਆਂ ਦੀਆਂ ਲਟਕੀਆਂ ਮੰਗਾਂ ਨੂੰ ਪੰਜਾਬ ਸਰਕਾਰ ਸਾਹਮਣੇ ਪੇਸ਼ ਕੀਤਾ ਗਿਆ।ਇਸ ਉਪਰੰਤ ਆਗੂਆਂ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ਾਂ ਵਿੱਚ ਜੁਝ ਰਹੇ ਕਾਮਿਆਂ ਦੀ ਜਦੋਂ ਵਿਭਾਗੀ ਅਧਿਕਾਰੀਆਂ ਨਾਲ ਗੱਲਬਾਤ ਦਾ ਰਾਬਤਾ ਕਾਇਮ ਹੁੰਦਾ ਹੈ ਤਾਂ ਉਹ ਮੰਗਾਂ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਛੱਡ ਕੇ ਪੱਲਾ ਝਾੜ ਦਿੰਦੇ ਰਹੇ ਸਨ।ਉਨ੍ਹਾਂ ਕਿਹਾ ਕਿ ਹੁਣ ਵਿਭਾਗ ਤੇ ਪੰਜਾਬ ਸਰਕਾਰ ਇੱਕ ਟੇਬਲ 'ਤੇ ਬੈਠ ਕੇ ਜਥੇਬੰਦੀ ਨੂੰ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਰੋਸਾ ਦਿੱਤਾ ਕਿ ਕਾਮਿਆਂ ਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇਗਾ, ਜਿਸ ਸਬੰਧੀ ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਮੌਕੇ 'ਤੇ ਹਦਾਇਤ ਜਾਰੀ ਕਰ ਦਿੱਤੀ ਸੀ।ਹੁਣ ਦੇਖਣਾ ਇਹ ਹੋਵੇਗਾ ਕਿ ਹੁਣ ਵਿਭਾਗੀ ਆਧਿਕਾਰੀ ਇਸ ਨੂੰ ਕਿਸ ਤਰ੍ਹਾਂ ਲਾਗੂ ਕਰਦੇ ਹਨ।ਉਨ੍ਹਾਂ ਕਿਹਾ ਕਿ 01 ਜੁਲਾਈ ਨੂੰ ਵਿਭਾਗ ਦੇ ਚੀਫ ਇੰਜੀਨੀਅਰ ਹੈੱਡ ਆਫਿਸ ਪਟਿਆਲਾ ਨਾਲ ਜਥੇਬੰਦੀ ਦੀ ਮੀਟਿੰਗ ਤੈਅ ਹੋਈ ਹੈ, ਜੇਕਰ ਇਸ ਮੀਟਿੰਗ ਦੌਰਾਨ ਮੰਨੀਆਂ ਮੰਗਾਂ ਨੂੰ ਲਾਗੂ ਕਰਨ ਤੋਂ ਅਧਿਕਾਰੀ ਟਾਲਮਟੋਲ ਦੀ ਨੀਤੀ ਅਪਨਾਉਂਦੇ ਹਨ ਤਾਂ ਉਸੇ ਦਿਨ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਕਰਨ ਉਪਰੰਤ ਤੁਰੰਤ ਐਕਸ਼ਨ ਲੈਂਦਿਆਂ ਦੁਬਾਰਾ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ, ਜਿਸ ਉਪਰੰਤ ਨਿਕਲਣ ਵਾਲੇ ਨਤੀਜਿਆਂ ਦੀ ਨਿਰੋਲ਼ ਜ਼ੁੰਮੇਵਾਰੀ ਜਲ ਸਪਲਾਈ ਮੈਨੇਜਮੈਂਟ ਦੀ ਹੋਵੇਗੀ।

# ਸੰਤ ਬਾਬਾ ਗੁਰਦੀਪ ਸਿੰਘ ਨੂੰ ਸਦਮਾ, ਮਾਤਾ ਦਾ ਦੇਹਾਂਤ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਬਲਾਕ ਪ੍ਰਧਾਨ ਸਰਬਜੀਤ ਸਿੰਘ ਸ਼ੰਭੂ ਮਹਿਲ ਕਲਾਂ ਨੇ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸ਼੍ਰੀ ਮਾਨ ਸੰਤ ਬਾਬਾ ਗੁਰਦੀਪ ਸਿੰਘ ਜੀ ਨਾਨਕਸਰ ਠਾਠ ਮਹਿਲ ਕਲਾਂ ਵਾਲਿਆਂ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਮਲਕੀਤ ਕੌਰ ਦੇ ਚੱਲ ਰਹੇ ਇਲਾਜ ਉਪਰੰਤ ਓਪ੍ਰੇਸ਼ਨ ਤੋਂ ਕਈ ਦਿਨਾਂ ਬਾਅਦ ਅਚਾਨਕ 24 ਜੂਨ ਰਾਤੀਂ 11 ਵਜੇ ਸਦੀਵੀ ਵਿਛੋੜੇ ਦੇ ਗਏ। ਉਹ ਲਗਭਗ 81 ਸਾਲ ਦੇ ਸਨ। ਉਨ੍ਹਾਂ ਮਿਹਨਤ ਕਰਕੇ ਜਿੱਥੇ ਆਪਣੇ ਪਰਿਵਾਰ ਦਾ ਵਧੀਆ ਪਾਲਨ ਪੋਸ਼ਣ ਕਰਕੇ ਆਪਣੇ ਬੱਚਿਆਂ ਚਾਰ ਪੁੱਤਰ ਹਰਬੰਸ ਸਿੰਘ, ਬਾਬਾ ਗੁਰਦੀਪ ਸਿੰਘ, ਪ੍ਰਮਜੀਤ ਸਿੰਘ, ਪ੍ਰੀਤਮ ਸਿੰਘ, ਨੂੰ ਪੜ੍ਹਾ ਕੇ ਸਮੇਂ ਦੇ ਹਾਣੀ ਬਣਾਇਆ ਅਤੇ ਅੱਜ ਤਿੰਨ ਪੁੱਤਰ ਪੋਤਰਿਆਂ ਵਾਲੇ ਹਨ, ਅਤੇ ਚੌਥਾ ਪੁੱਤਰ ਸ਼੍ਰੀ ਮਾਨ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਆਪਣਾ ਸਮੁੱਚਾ ਜੀਵਨ ਸਮਾਜ ਸੇਵਾ ਦੇ ਲੇਖੇ ਲਾਇਆ ਹੈ ਅਤੇ ਉਨ੍ਹਾਂ ਮਾਤਾ ਦੇ ਸਦਾ ਲਈ ਤੁਰ ਜਾਣ ਦਾ ਜਿੱਥੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉੱਥੇ ਹੀ ਸਮਾਜ ਨੂੰ ਵੀ ਘਾਟਾ ਪਿਆ ਹੈ, ਉਹ ਇੱਕ ਨੇਕ ਦਿੱਲ ਇਨਸਾਨ ਸਨ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਦੇ ਨਾਲ ਦੁੱਖ ਸਾਂਝਾ ਕਰਨ ਸੰਤ ਬਾਬਾ ਕੇਹਰ ਸਿੰਘ, ਸੰਤ ਬਾਬਾ ਗੁਰਪ੍ਰੀਤ ਸਿੰਘ ਮਹੰਤ ਨਾਨਕਸਰ ਠਾਠ ਮਹਿਲ ਕਲਾਂ ਵਾਲੇ, ਬਲਾਕ ਪ੍ਰਧਾਨ ਸਰਬਜੀਤ ਸਿੰਘ ਸ਼ੰਭੂ, ਅਮਰਜੀਤ ਸਿੰਘ ਸੋਢਾ, ਦਰਸ਼ਨ ਸਿੰਘ ਸੋਢਾ, ਕੁਲਦੀਪ ਸਿੰਘ ਮਾਣਕ, ਮੈਂਬਰ ਗੁਰਪ੍ਰੀਤ ਸਿੰਘ ਸੋਢਾ, ਸੁਚੇਤ ਸਿੰਘ ਮਿਸਤਰੀ, ਜੈਲਦਾਰ ਸਿੰਘ ਹਲਵਾਈ, ਸੁਖਦੀਪ ਸਿੰਘ ਪੰਮਾ, ਡਾ. ਚੰਦਰ ਮੋਹਨ ਮਹਿਲ ਕਲਾਂ, ਡਾ. ਨਾਹਰ ਸਿੰਘ ਮਹਿਲ ਕਲਾਂ, ਮਹਿੰਦਰ ਸਿੰਘ ਆੜ੍ਹਤੀਆ, ਪ੍ਰੀਤਮ ਸਿੰਘ ਮਠਾੜੂ, ਅਮਰਜੀਤ ਸਿੰਘ ਮਠਾੜੂ, ਮੁਖਤਿਆਰ ਸਿੰਘ ਸੋਢਾ, ਹਰਵਿੰਦਰ ਸਿੰਘ ਮਠਾੜੂ, ਸਤਿਨਾਮ ਸਿੰਘ ਮਠਾੜੂ, ਬਾਬਾ ਧੰਨਾ ਸਿੰਘ ਮੀਨੀਆ, ਚਮਕੌਰ ਸਿੰਘ ਕੌਰਾ ਪਿੰਡ ਮਹਿਲ ਕਲਾਂ ਤੇ ਹੋਰ ਪਹੁੰਚੇ। ਉਨ੍ਹਾਂ ਨਮਿਤ ਅੰਤਿਮ ਅਰਦਾਸ 03 ਜੂਨ ਨੂੰ ਗੁਰਦੁਆਰਾ ਨਾਨਕਸਰ ਠਾਠ ਮਹਿਲ ਕਲਾਂ ਵਿਖੇ 1 ਵਜੇ ਦੇ ਕਰੀਬ ਹੋਵੇਗੀ।

# ਐਡਵੋਕੇਟ ਗੁਰਤੇਗ ਸਿੰਘ ਨੇ ਰਾਜਾ ਵੜਿੰਗ ਨਾਲ ਕੀਤੀ ਮੁਲਾਕਾਤ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ)**-ਬੀਤੇ ਦਿਨ ਦਿੱਲੀ ਵਿਖੇ ਪੰਜਾਬ ਭਵਨ ਵਿਖੇ ਐਡਵੋਕੇਟ ਗੁਰਤੇਗ ਸਿੰਘ ਲੌਂਗੋਵਾਲ (ਜ਼ਿਲ੍ਹਾ ਪ੍ਰਧਾਨ ਯੂਥ ਕਾਂਗਰਸ ਸੰਗਰੂਰ) ਦੀ ਕਾਂਗਰਸ ਪਾਰਟੀ ਦੇ ਪੰਜਾਬ ਪ੍ਰਧਾਨ ਸ੍ਰ. ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਮੁਲਾਕਾਤ ਕੀਤੀ, ਜਿਸ ਵਿੱਚ ਪੰਜਾਬ ਦੇ ਮੁੱਦਿਆਂ ਅਤੇ ਆਉਣ ਵਾਲੀ ਜਲੰਧਰ ਜ਼ਿਮਨੀ ਚੋਣ ਬਾਰੇ ਡਿਊਟੀਆਂ ਲਗਾਈਆਂ ਗਈਆਂ, ਜਿਸ ਵਿੱਚ ਪਹਿਲਾਂ ਵੀ ਪੰਜਾਬ ਨੇ ਕਾਂਗਰਸ ਦੀ ਝੋਲੀ ਸੀਟਾਂ ਪਾਈਆਂ ਹਨ ਇਸੇ ਤਰ੍ਹਾਂ ਉਮੀਦ ਕਿ ਜਲੰਧਰ ਜ਼ਿਮਨੀ ਚੋਣ ਵੀ ਕਾਂਗਰਸ ਦੀ ਝੋਲੀ ਪਵੇਗੀ ਤੇ ਜੋ ਡਿਊਟੀਆਂ ਲਗਾਈਆਂ ਹਨ, ਉਸ ਨੂੰ ਤਨਦੇਹੀ ਨਾਲ ਨਿਭਾਇਆ ਜਾਏਗਾ ਅਤੇ ਸੁਨਾਮ ਹਲਕੇ ਦੇ ਸਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ।ਆਉਣ ਵਾਲੇ ਸਮੇਂ ਵਿੱਚ ਕਾਂਗਰਸ ਦੇ ਹੱਥ ਹੋਰ ਮਜ਼ਬੂਤ ਕੀਤੇ ਜਾਣ ਤੇ ਆਉਣ ਵਾਲੀਆਂ 27 ਦੀਆਂ ਇਲੈਕਸ਼ਨਾਂ ਵਿੱਚ ਭਾਰੀ ਬਹੁਮੱਤ ਨਾਲ ਸੁਨਾਮ ਹਲਕੇ ਤੋਂ ਸੀਟ ਜਿੱਤੀ ਜਾ ਸਕੇ।

# ਨਸ਼ਾ ਛੁਡਾਊ ਮੁਲਾਜ਼ਮ ਯੂਨੀਅਨ ਵੱਲੋਂ 5 ਨੂੰ ਹੜਤਾਲ ਤੇ 6 ਨੂੰ ਜਲੰਧਰ 'ਚ ਰੋਸ ਰੈਲੀ

**ਕੋਟ ਈਸੇ ਖਾਂ (ਅਰੋੜਾ)**-ਪੰਜਾਬ ਰਾਜ ਦੇ ਨਸ਼ਾ ਛੁਡਾਊ ਕੇਂਦਰਾਂ ਤੇ ਓਟ ਕਲੀਨਿਕਾਂ 'ਚ ਪਿਛਲੇ 10 ਸਾਲਾਂ ਤੋਂ ਮੁਲਾਜ਼ਮ ਦਿਨ ਰਾਤ ਪਹਿਲ ਦਰਜੇ ਦੇ ਸਿਪਾਹੀਆਂ ਵਾਂਗ ਸਰਕਾਰ ਦਾ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਸਾਥ ਦੇ ਰਹੇ ਹਨ। ਇਨ੍ਹਾਂ ਮੁਲਾਜ਼ਮਾਂ ਦੀ ਭਰਤੀ ਪੂਰਨ ਤੇ ਪਾਰਦਰਸ਼ੀ ਤਰੀਕੇ ਦੇ ਨਾਲ ਜਨਤਕ ਨਿਯੁਕਤੀਆਂ ਦੁਆਰਾ ਪੰਜਾਬ ਸਰਕਾਰ ਦੀ ਨਿਯਮਾਂਵਲੀ ਅਨੁਸਾਰ ਠੇਕੇ 'ਤੇ ਹੋਈ ਸੀ।ਪਿਛਲੀਆਂ ਸਰਕਾਰਾਂ ਨੇ ਸਿਵਾਏ ਲਾਰਿਆਂ ਤੋਂ ਉਨ੍ਹਾਂ ਨੂੰ ਕੁਝ ਨਹੀਂ ਦਿੱਤਾ, ਪ੍ਰੰਤੂ ਨਸ਼ਾ ਛਡਾਓ ਕੇਂਦਰਾਂ ਦੇ ਕੰਟਰੈਕਟ ਮੁਲਾਜ਼ਮਾਂ ਨੂੰ ਭਗਵੰਤ ਮਾਨ ਸਰਕਾਰ ਤੋਂ ਆਸ ਦੀ ਕਿਰਨ ਜਾਗੀ ਸੀ ਜੋ ਕਿ ਬੁੱਝਦੀ ਨਜ਼ਰ ਆ ਰਹੀ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਨ ਦੌਰਾਨ ਪੰਜਾਬ ਦੇ ਨਸ਼ਾ ਛੁਡਾਊ ਮੁਲਾਜ਼ਮ ਯੂਨੀਅਨ ਦੇ ਸੂਬਾ ਪ੍ਰਧਾਨ ਪਰਮਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਕਈ ਵਿਭਾਗਾਂ 'ਚ ਮੁਲਾਜ਼ਮ ਬਹੁਤ ਹੀ ਘੱਟ ਤਨਖਾਹਾਂ 'ਤੇ ਕੰਮ ਕਰ ਰਹੇ ਹਨ ਅਤੇ ਸਰਕਾਰਾਂ ਉਨ੍ਹਾਂ ਦਾ ਸ਼ੋਸ਼ਣ ਕਰ ਰਹੀਆਂ ਹਨ, ਜਦ ਕਿ ਚੋਣ ਮਨੋਰਥ ਪੱਤਰ ਵਿੱਚ ਮੁਲਾਜ਼ਮਾਂ ਦਾ ਮੁੱਦਾ ਚੁੱਕਣ ਦਾ ਮੁੱਖ ਮੰਤਰੀ ਨੇ ਵਾਅਦਾ ਕੀਤਾ ਸੀ।ਨਵੀਂ ਭਰਤੀ ਦੀ ਥਾਂ ਪਹਿਲਾਂ ਪੁਰਾਣੇ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇ।ਦਿੱਲੀ ਤੇ ਹਰਿਆਣਾ ਸਰਕਾਰ ਨੇ ਕੱਚੇ ਮੁਲਾਜ਼ਮਾਂ ਦੀਆਂ ਤਨਖਾਹਾਂ ਨੂੰ ਰੈਗੂਲਰ ਕਰਮਚਾਰੀਆਂ ਦੇ ਬਰਾਬਰ ਕੀਤਾ ਹੋਇਆ ਹੈ।ਅਸੀਂ ਭਗਵੰਤ ਮਾਨ ਸਰਕਾਰ ਅੱਗੇ ਏਹੀ ਰੋਲ ਮਾਡਲ ਨੂੰ ਪੰਜਾਬ ਵਿੱਚ ਲਾਗੂ ਕਰਨ ਦੀ ਬੇਨਤੀ ਕਰਦੇ ਹਾਂ ਤੇ ਮੁਲਾਜ਼ਮਾਂ ਦੇ ਰੁਕੇ ਵਿੱਤੀ ਭੱਤੇ ਬਹਾਲ ਅਤੇ ਠੇਕਾ ਪ੍ਰਣਾਲੀ ਵਿੱਚੋਂ ਬਾਹਰ ਕੱਢ ਕੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਦੀ ਮੰਗ ਕਰਦੇ ਹਾਂ।

ਪਰਮਿੰਦਰ ਸਿੰਘ ਨੇ ਕਿਹਾ ਕਿ ਪਿਛਲੇ ਦੋ ਸਾਲਾਂ 'ਚ ਯੂਨੀਅਨ ਦੀਆਂ ਸਿਹਤ ਵਿਭਾਗ ਤੇ ਸਿਹਤ ਮੰਤਰੀ ਨਾਲ ਲਗਭਗ 20 ਮੀਟਿੰਗਾਂ ਹੋ ਗਿਆ ਹਨ, ਜੋ ਬੇਸਿੱਟਾ ਰਹੀਆਂ ਹਨ। ਹਰਪਾਲ ਚੀਮਾ, ਚੇਤਨ ਸਿੰਘ ਜੌੜਾਮਾਜਰਾ, ਡਾਕਟਰ ਗੁਰਪ੍ਰੀਤ ਕੌਰ ਨਾਲ਼ ਵੀ ਰਾਬਤਾ ਬਣਾਇਆ, ਪਰ ਹਰ ਵਾਰ ਦੀ ਤਰ੍ਹਾਂ ਮੁਲਾਜ਼ਮਾਂ ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਹੈ।ਇਸ ਤੋਂ ਖਫਾ ਨਸ਼ਾ ਛੁਡਾਓ ਕੇਂਦਰਾਂ ਦੇ ਮੁਲਾਜ਼ਮਾਂ ਵੱਲੋਂ 5 ਜੁਲਾਈ ਨੂੰ ਪੰਜਾਬ ਭਰ ਦੇ ਸਾਰੇ ਨਸ਼ਾ ਮੁਕਤੀ ਕੇਂਦਰ ਹੜਤਾਲ ਕਰਕੇ ਬੰਦ ਰੱਖੇ ਜਾਣਗੇ ਤੇ ਮਰੀਜ਼ਾਂ ਨੂੰ ਦਵਾਈ ਨਹੀਂ ਮਿਲੇਗੀ ਅਤੇ 6 ਜੁਲਾਈ ਨੂੰ ਹੋਰ ਯੂਨੀਅਨ ਦੇ ਸਮਰਥਨ ਨਾਲ ਜਲੰਧਰ ਵਿਖੇ ਰੋਸ ਰੈਲੀ ਕਰਨ ਜਾ ਰਹੇ ਹਨ ਤੇ ਸਰਕਾਰ ਦਾ ਪੁਤਲਾ ਫੂਕਣਗੇ।ਉਨ੍ਹਾਂ ਸਰਕਾਰ ਨੂੰ ਬੇਨਤੀ ਕੀਤੀ ਕਿ ਮੁਲਾਜ਼ਮਾਂ ਦੇ ਬਣਦੇ ਹੱਕ (ਰੈਗੂਲਰ ਤੇ ਵਿੱਤੀ ਲਾਭ) ਉਨ੍ਹਾਂ ਨੂੰ ਜਲਦੀ ਦਿੱਤੇ ਜਾਣ, ਨਹੀਂ ਤਾਂ ਪ੍ਰਦਰਸ਼ਨ ਤਿੱਖਾ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

# ਪੰਜਾਬ 'ਚ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਮੁਹਿੰਮ ਚਲਾਈ ਜਾਵੇਗੀ : ਡਾ. ਹਰਜੋਤ ਕਮਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੇ ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਸਿੰਘ ਨੇ ਨਸ਼ਿਆਂ ਦੇ ਗੰਭੀਰ ਮੁੱਦੇ 'ਤੇ ਇੱਕ ਅਹਿਮ ਐਲਾਨ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਜਲਦ ਹੀ ਉਹ ਪੰਜਾਬ ਵਿੱਚ ਨਸ਼ਿਆਂ ਖਿਲਾਫ਼ ਮੁਹਿੰਮ ਸ਼ੁਰੂ ਕਰਨ ਜਾ ਰਹੇ ਹਨ, ਜਿਸ ਵਿੱਚ ਆਮ ਲੋਕਾਂ ਦੇ ਸਾਥ ਨਾਲ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਦੀ ਮੁਹਿੰਮ ਚਲਾਈ ਜਾਵੇਗੀ। ਉਨ੍ਹਾ ਕਿਹਾ ਕਿ ਨਸ਼ਾ ਕੋਈ ਸਿਆਸਤ ਦਾ ਮੁੱਦਾ ਨਹੀਂ ਬਲਕਿ ਸਾਡੇ ਸਾਰਿਆਂ ਲਈ ਬਹੁਤ ਹੀ ਗੰਭੀਰ ਮਾਮਲਾ ਬਣ ਗਿਆ ਹੈ। ਆਏ ਦਿਨ ਹੁੰਦੀਆਂ ਨੌਜਵਾਨਾਂ ਦੀਆਂ ਮੌਤਾਂ ਨੇ ਸਾਰੇ ਮਾਪਿਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਡਾ. ਹਰਜੋਤ ਕਮਲ ਨੇ ਕਿਹਾ ਕਿ ਜੇਕਰ ਸਮਾਂ ਰਹਿੰਦਿਆਂ ਹੀ ਇਸ ਨਸ਼ੇ ਦੇ ਭੈੜੇ ਦੈਂਤ ਨੂੰ ਨੱਥ ਨਾ ਪਾਈ ਗਈ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ ਅਤੇ ਪੰਜਾਬ ਦੀ ਜਵਾਨੀ ਨਸ਼ਿਆਂ ਵਿੱਚ ਹੀ ਰੁਲ ਕੇ ਰਹਿ ਜਾਵੇਗੀ। ਉਨ੍ਹਾ ਕਿਹਾ ਕਿ ਨਸ਼ਿਆਂ ਦੇ ਦੈਂਤ ਨੇ ਬਹੁਤ ਸਾਰੇ ਨੌਜਵਾਨਾਂ ਨੂੰ ਨਿਗਲ ਲਿਆ ਹੈ ਤੇ ਪਿੱਛੋਂ ਮਾਪਿਆਂ ਦਾ ਹਾਲ ਬੇਹਾਲ ਹੋ ਜਾਂਦਾ ਹੈ, ਜਿਨ੍ਹਾਂ 'ਤੇ ਕੀ ਬੀਤਦੀ ਹੈ, ਉਹ ਸਿਰਫ਼ ਉਹੀ ਮਾਪੇ ਜਾਣਦੇ ਹਨ, ਜਿਨ੍ਹਾਂ ਦੇ ਇਕਲੌਤੇ ਪੁੱਤਰ ਇਸ ਧਰਤੀ ਤੋਂ ਚਲੇ ਜਾਂਦੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਖਿਲਾਫ਼ ਲੜਾਈ ਵਿੱਚ ਉਨ੍ਹਾਂ ਦਾ ਸਾਥ ਜ਼ਰੂਰ ਦੇਣ ਤਾਂ ਕਿ ਇਸ ਭੈੜੀ ਅਲਾਮਤ ਤੋਂ ਛੁਟਕਾਰਾ ਮਿਲ ਸਕੇ। ਉਨ੍ਹਾ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਨਸ਼ਿਆਂ ਵਿਰੁੱਧ ਮੁਹਿੰਮ ਦੀ ਰੂਪ ਰੇਖਾ ਤਿਆਰ ਕਰਕੇ ਮਾਹਰਾਂ ਨਾਲ ਸਲਾਹ ਕਰਨ ਉਪਰੰਤ ਵੱਡੇ ਪੱਧਰ 'ਤੇ ਆਵਾਜ਼ ਬੁਲੰਦ ਕੀਤੀ ਜਾਵੇਗੀ। ਡਾ. ਹਰਜੋਤ ਕਮਲ ਸਿੰਘ ਨੇ ਕਿਹਾ ਕਿ ਨਸ਼ਿਆਂ ਦਾ ਬਦਲ ਨਸ਼ੇ ਨਹੀਂ ਹਨ।

ਉਨ੍ਹਾ ਕਿਹਾ ਕਿ ਕਈ ਵਾਰ ਲੋਕ ਕਹਿੰਦੇ ਹਨ ਕਿ ਚਿੱਟੇ ਨਸ਼ੇ ਦੀ ਥਾਂ ਤੇ ਲੋਕਾਂ ਨੂੰ ਫੀਮ ਤੇ ਭੁੱਕੀ ਮਿਲਣੀ ਚਾਹੀਦੀ ਹੈ। ਡਾ. ਹਰਜੋਤ ਕਮਲ ਸਿੰਘ ਨੇ ਕਿਹਾ ਕਿ ਇਹ ਧਾਰਨਾ ਬਿਲਕੁਲ ਗਲਤ ਬਣਾਈ ਹੋਈ ਹੈ ਕਿ ਚਿੱਟੇ ਵਰਗੇ ਭੈੜੇ ਨਸ਼ੇ ਤੋਂ ਬਚਣ ਲਈ ਕੋਈ ਹੋਰ ਨਸ਼ਾ ਬਚਾ ਸਕਦਾ ਹੈ। ਉਨ੍ਹਾ ਕਿਹਾ ਕਿ ਨਸ਼ਾ ਜਿਹੜਾ ਵੀ ਹੋਵੇ ਉਸ ਦਾ ਸਿਰਫ਼ ਨੁਕਸਾਨ ਹੀ ਹੈ, ਕੋਈ ਵੀ ਫਾਇਦਾ ਕੋਈ ਨਹੀਂ ਦੇ ਸਕਦਾ। ਇਸ ਲਈ ਸਾਨੂੰ ਨਸ਼ਿਆਂ ਨੂੰ ਬਿਲਕੁਲ ਖ਼ਤਮ ਕਰਨ ਲਈ ਸਭ ਤਰ੍ਹਾਂ ਦੇ ਨਸ਼ਿਆਂ ਤੋਂ ਕਿਨਾਰਾ ਕਰਨਾ ਪਵੇਗਾ, ਨਹੀਂ ਤਾਂ ਨੌਜਵਾਨ ਇੱਕ ਨਸ਼ੇ ਤੋਂ ਹਟ ਕੇ ਦੂਸਰੇ ਨਸ਼ੇ ਵਿੱਚ ਲੱਗ ਜਾਣਗੇ, ਜਿਸ ਨਾਲ ਦੇਸ਼ ਦਾ ਬੇੜਾ ਗਰਕ ਹੋ ਜਾਵੇਗਾ।

# ਮਾਤਾ ਗੁਜਰੀ ਕਾਲਜ ਦੇ ਸਟਾਫ਼ ਮੈਂਬਰ ਤੇ ਵਿਦਿਆਰਥੀ ਦਰਬਾਰ ਸਾਹਿਬ ਹੋਏ ਨਤਮਸਤਕ



ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਨਤਮਸਤਕ ਹੁੰਦੇ ਹੋਏ ਮਾਤਾ ਗੁਜਰੀ ਕਾਲਜ ਦੇ ਸਟਾਫ਼ ਮੈਂਬਰ ਤੇ ਵਿਦਿਆਰਥੀ।

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮਾਤਾ ਗੁਜਰੀ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਸਿਰਮੌਰ ਵਿੱਦਿਅਕ ਅਦਾਰਾ ਹੈ, ਜੋ ਵੱਖ-ਵੱਖ ਧਾਰਮਿਕ ਮੌਕਿਆਂ 'ਤੇ ਵੱਖ-ਵੱਖ ਧਾਰਮਿਕ ਗਤੀਵਿਧੀਆਂ ਤੇ ਸੇਵਾ ਕਾਰਜਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦਾ ਹੈ। ਇਸੇ ਅਨਮੁੱਲੇ ਸੇਵਾ ਕਾਰਜ ਤਹਿਤ ਕਾਲਜ ਦਾ ਸਟਾਫ਼ ਤੇ ਵਿਦਿਆਰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਨਤਮਸਤਕ ਹੋਏ, ਜਿੱਥੇ ਉਨ੍ਹਾਂ ਵੱਲੋਂ ਦੇਸ਼-ਵਿਦੇਸ਼ ਤੋਂ ਰੋਜ਼ਾਨਾ ਆਉਣ ਵਾਲੀਆਂ ਸੰਗਤਾਂ ਨੂੰ ਸੌਖੇ ਢੰਗ ਨਾਲ ਮੱਥਾ ਟੇਕਣ ਲਈ ਪ੍ਰਬੰਧਾਂ ਵਿੱਚ ਸਹਿਯੋਗ ਦਿੱਤਾ ਗਿਆ ਤੇ ਠੰਢਾ ਜਲ ਛਕਾਉਣ ਦੀ ਸੇਵਾ ਵੀ ਕੀਤੀ ਗਈ।ਕਾਲਜ ਦੇ ਐੱਨ.ਐੱਸ.ਐੱਸ. ਯੂਨਿਟ, ਐੱਨ.ਸੀ.ਸੀ. ਯੂਨਿਟ ਤੇ ਮਾਤਾ ਗੁਜਰੀ ਸਟੱਡੀ ਸਰਕਲ ਦੇ 110 ਵਿਦਿਆਰਥੀਆਂ ਤੇ 50 ਸਟਾਫ਼ ਮੈਂਬਰਾਂ ਨੇ ਇਨ੍ਹਾਂ ਸੇਵਾ ਕਾਰਜਾਂ ਵਿੱਚ ਹਿੱਸਾ ਪਾ ਕੇ ਆਪਣੇ ਆਪ ਨੂੰ ਸੁਭਾਗਾ ਮੰਨਿਆ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸੇ ਪ੍ਰਕਾਰ ਸੇਵਾ ਤੇ ਸ਼ਰਧਾ ਭਾਵਨਾ ਨਾਲ ਧਾਰਮਿਕ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣ ਲਈ ਪ੍ਰੇਰਿਤ ਕੀਤਾ ਅਤੇ ਵਿਦਿਆਰਥੀਆਂ ਵੱਲੋਂ ਕੀਤੇ ਗਏ ਸਮੁੱਚੇ ਸੇਵਾ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ।ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ੍ਰ. ਭਗਵੰਤ ਸਿੰਘ ਧੰਗੇੜਾ ਨੇ ਵਿਦਿਆਰਥੀਆਂ ਤੇ ਸਟਾਫ਼ ਦੀ ਰਿਹਾਇਸ਼ ਅਤੇ ਲੰਗਰ ਆਦਿ ਦੇ ਪ੍ਰਬੰਧਨ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਦਿੱਤਾ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਨੇ ਸੰਗਤ ਦੀ ਸੇਵਾ ਕਰਕੇ ਜਿੱਥੇ ਸੰਗਤ ਦੇ ਸਿਧਾਂਤ ਨੂੰ ਸਮਝਿਆ, ਉੱਥੇ ਸ੍ਰੀ ਦਰਬਾਰ ਸਾਹਿਬ ਵਿਖੇ ਆਉਣ ਵਾਲੀਆਂ ਸੰਗਤਾਂ ਦੀ ਸ਼ਰਧਾ ਭਾਵਨਾ ਨੂੰ ਆਪਣੇ ਅੱਖੀਂ ਨਿਹਾਰਿਆ ਹੈ।ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦੇ ਸਕੱਤਰ ਵਿੱਦਿਆ ਸ੍ਰ. ਸੁਖਮਿੰਦਰ ਸਿੰਘ ਦੇ ਵਿਸ਼ੇਸ਼ ਸਹਿਯੋਗ ਲਈ ਧੰਨਵਾਦ ਕੀਤਾ। ਕਾਲਜ ਦੇ ਧਰਮ ਅਧਿਐਨ ਵਿਭਾਗ ਦੇ ਮੁਖੀ ਡਾ. ਗੁਰਬਾਜ ਸਿੰਘ ਨੇ ਕਿਹਾ ਕਿ ਅਜਿਹੀਆਂ ਧਾਰਮਿਕ ਗਤੀਵਿਧੀਆਂ ਵਿਦਿਆਰਥੀਆਂ ਨੂੰ ਆਪਣੇ ਅਮੀਰ ਧਾਰਮਿਕ ਵਿਰਸੇ, ਪ੍ਰੰਪਰਾਵਾਂ, ਸਿਧਾਂਤਾਂ ਤੇ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਤ ਕਰਦੀਆਂ ਹਨ।ਇਸ ਮੌਕੇ ਕਾਲਜ ਦੇ ਪ੍ਰੋ. ਬੀਰਇੰਦਰ ਸਿੰਘ ਸਰਾਓ, ਪ੍ਰੋ. ਹਰਭਿੰਦਰ ਸਿੰਘ, ਡਾ. ਪੁਸ਼ਪਿੰਦਰ ਸਿੰਘ, ਡਾ. ਹਰਜੀਤ ਕੌਰ, ਪ੍ਰੋ. ਬਿੰਪਲਦੀਪ ਕੌਰ, ਸ੍ਰ. ਗੁਰਪਿੰਦਰ ਸਿੰਘ, ਸ੍ਰ. ਬਚਿੱਤਰ ਸਿੰਘ, ਸ੍ਰ. ਨਰਦੀਪ ਸਿੰਘ, ਸ੍ਰ. ਬੀਰਦਵਿੰਦਰ ਸਿੰਘ ਤੇ ਹੋਰ ਸਟਾਫ਼ ਮੈਂਬਰ ਹਾਜ਼ਰ ਸਨ।

# ਬਾਬਾ ਮੋਨੀ ਜੀ ਕਾਲਜ ਦਾ ਬੀ ਸੀ ਏ ਸਮੈਸਟਰ-5 ਦਾ ਨਤੀਜਾ ਸੌ ਫੀਸਦੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ ਸੀ ਏ ਭਾਗ-ਤੀਜਾ (ਸਮੈਸਟਰ-ਪੰਜਵਾਂ) ਦੇ ਨਤੀਜੇ ਵਿੱਚ ਬਾਬਾ ਮੋਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ ਦਾ ਨਤੀਜਾ ਸੌ ਫੀਸਦੀ ਰਿਹਾ। ਕਾਲਜ ਦੀਆਂ ਵਿਦਿਆਰਥਣਾਂ ਰਮਨਦੀਪ ਕੌਰ ਪੁੱਤਰੀ ਜਗਸੀਰ ਸਿੰਘ ਢਿਪਾਲੀ ਨੇ ਪਹਿਲਾ, ਵੀਰਪਾਲ ਕੌਰ ਸਿੱਧੂ ਪੁੱਤਰੀ ਗੁਰਸੇਵਕ ਸਿੰਘ ਢੇਲਵਾਂ ਨੇ ਦੂਜਾ ਤੇ ਤੁਲਸੀ ਪੁੱਤਰੀ ਬਨਵਾਰੀ ਲਾਲ ਰਾਮਪੁਰਾ ਫੂਲ ਨੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਸਾਰੀਆਂ ਵਿਦਿਆਰਥਣਾਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ ਤੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਡਿਗਰੀ ਕਾਲਜ ਦੇ ਪ੍ਰਿੰਸੀਪਲ ਪ੍ਰੋ. ਅਮਨਿੰਦਰ ਕੌਰ ਤੇ ਐਜੂਕੇਸ਼ਨ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਦਿਨੇਸ਼ ਕੁਮਾਰ ਨੇ ਵਧਾਈ ਦਿੰਦਿਆਂ ਵਿਦਿਆਰਥਣਾਂ ਨੂੰ ਹੋਰ ਵਧੇਰੇ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਦੀ ਪ੍ਰੇਰਣਾ ਦਿੱਤੀ। ਸਟਾਫ ਮੈਂਬਰਜ਼ ਪ੍ਰੋ. ਸੁਖਦੀਪ ਕੌਰ, ਪ੍ਰੋ. ਰੁਚਿਕਾ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਵਰਿੰਦਰ ਸਿੰਘ, ਪ੍ਰੋ. ਮੋਨਿਕਾ ਗਰਗ, ਪ੍ਰੋ. ਰੁਪਿੰਦਰ ਸਿੰਘ, ਪ੍ਰੋ. ਸੁਖਦੀਪ ਕੌਰ (ਪੰਜਾਬੀ), ਪ੍ਰੋ. ਲਖਵੀਰ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਗੁਰਪ੍ਰੀਤ ਰਾਮ, ਪ੍ਰੋ. ਦਲਜੀਤ ਕੌਰ, ਪ੍ਰੋ. ਰਾਜਵਿੰਦਰ ਕੌਰ ਤੇ ਪ੍ਰੋ. ਮਨੀਸ਼ਾ ਨੇ ਸ਼ਾਨਦਾਰ ਰਿਜ਼ਲਟ ਦੀਆਂ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਵਿਦਿਆਰਥਣਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਪੁਲਸ ਨੇ ਗੋਂਦਪੁਰ ਵਿਖੇ ਹੋਏ ਅੰਨ੍ਹੇ ਕਤਲ ਤੇ ਲੱਖਾਂ ਦੀ ਚੋਰੀ ਦੀ ਵਾਰਦਾਤ ਨੂੰ ਸੁਲਝਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸੁਰੇਂਦਰ ਲਾਂਬਾ ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ, ਸਰਬਜੀਤ ਸਿੰਘ ਬਾਹੀਆਂ ਪੁਲਸ ਕਪਤਾਨ (ਤਫਤੀਸ਼), ਮੇਜਰ ਸਿੰਘ ਪੁਲਸ ਕਪਤਾਨ (ਪੀ.ਬੀ.ਆਈ) ਦੀਆਂ ਹਦਾਇਤਾਂ ਅਨੁਸਾਰ ਭੈੜੇ ਪੁਰਸ਼ਾਂ ਅਤੇ ਮਾੜੇ ਅਨਸਰਾਂ ਖਿਲਾਫ ਕੀਤੀ ਗਈ ਕਾਰਵਾਈ ਅਨੁਸਾਰ ਪਰਮਿੰਦਰ ਸਿੰਘ ਉਪ ਪੁਲਸ ਕਪਤਾਨ ਸਬ ਡਵੀਜ਼ਨ ਗੜ੍ਹਸ਼ੰਕਰ ਦੀ ਨਿਗਰਾਨੀ ਹੇਠ ਐੱਸ ਆਈ ਬਲਜਿੰਦਰ ਸਿੰਘ ਮੁੱਖ ਅਫਸਰ ਥਾਣਾ ਮਾਹਿਲਪੁਰ ਅਤੇ ਏ ਐੱਸ ਆਈ ਗੁਰਨੇਕ ਸਿੰਘ ਵਧੀਕ ਮੁੱਖ ਅਫਸਰ ਥਾਣਾ ਮਾਹਿਲਪੁਰ ਨੇ 21 ਜੂਨ ਨੂੰ ਮਨਪ੍ਰੀਤ ਸਿੰਘ ਪੁੱਤਰ ਲੇਟ ਰਛਪਾਲ ਸਿੰਘ ਵਾਸੀ ਪਿੰਡ ਗੋਂਦਪੁਰ ਦੇ ਬਿਆਨਾਂ ਦੇ ਅਧਾਰ ’ਤੇ ਨਾਮਲੂਮ ਵਿਅਕਤੀਆਂ ਖਿਲਾਫ ਮੁਕੱਦਮਾ ਥਾਣਾ ਮਾਹਿਲਪੁਰ ਵਿਖੇ ਰਜਿਸਟਰ ਕੀਤਾ ਸੀ ਕਿ ਮਿਤੀ 20/ 21 ਦੀ ਦਰਮਿਆਨੀ ਰਾਤ ਨੂੰ ਨਾਮਲੂਮ ਵਿਅਕਤੀ ਉਸ ਦੇ ਘਰ ਵਿੱਚ ਦਾਖਲ ਹੋ ਕੇ ਫਰੋਲਾ ਫਰਾਲੀ ਕਰਕੇ ਚੋਰੀ ਕਰਨ ਬਾਅਦ ਉਸ ਦੇ ਪਿਤਾ ਰਛਪਾਲ ਸਿੰਘ ਨੂੰ ਮਾਰ ਕੇ ਚਲੇ ਗਏ ਸਨ।ਉਨ੍ਹਾ ਦੱਸਿਆ ਕਿ 20 ਜੂਨ ਨੂੰ ਮਨਪ੍ਰੀਤ ਸਿੰਘ ਅਤੇ ਉਸ ਦੀ ਮਾਸੀ ਸੁਖਵਿੰਦਰ ਕੌਰ ਸਮੇਤ ਪਰਵਾਰ ਪੀਰ ਨਿਗਾਹੇ ਸਟੇਟ ਹਿਮਾਚਲ ਪ੍ਰਦੇਸ਼ ਮੱਥਾ ਟੇਕਣ ਗਏ ਸੀ ਤੇ ਉਸ ਦਾ ਪਿਤਾ ਰਛਪਾਲ ਸਿੰਘ ਘਰ ਵਿੱਚ ਇਕੱਲਾ ਹੀ ਸੀ। ਜਦੋਂ ਕਿ ਉਨ੍ਹਾਂ ਨੂੰ ਇਸ ਵਾਰੇ 21 ਜੂਨ ਨੂੰ ਸਵੇਰੇ ਪਤਾ ਲੱਗਾ। ਇਸ ਸੰਬੰਧੀ ਸੂਚਨਾ ਮਿਲਣ ’ਤੇ ਮੇਜਰ ਸਿੰਘ ਪੁਲਸ ਕਪਤਾਨ (ਪੀ.ਬੀ.ਆਈ), ਸ਼ਿਵਦਰਸ਼ਨ ਸਿੰਘ ਉਪ ਪੁਲਸ ਕਪਤਾਨ (ਤਫਤੀਸ਼), ਇੰਸਪੈਕਟਰ ਸੀ ਏ ਗੁਰਪ੍ਰੀਤ, ਐੱਸ.ਆਈ ਬਲਜਿੰਦਰ ਸਿੰਘ ਮੁੱਖ ਅਫਸਰ ਅਤੇ ਏ.ਐੱਸ.ਆਈ ਗੁਰਨੇਕ ਸਿੰਘ ਥਾਣਾ ਮਾਹਿਲਪੁਰ, ਫਿੰਗਰ ਪ੍ਰਿੰਟ ਮਾਹਰ, ਫੋਟੋਗ੍ਰਾਫਰ ਡਾਗ ਸਕਾਡ, ਫੋਰੈਂਸਿਕ ਟੀਮ ਨੇ ਮੌਕੇ ’ਤੇ ਜਾ ਕੇ ਤਫਤੀਸ਼ ਕੀਤੀ। ਉਨ੍ਹਾ ਦੱਸਿਆ ਕਿ ਉਕਤ ਮੁਕੱਦਮੇ ਨੂੰ ਹਰ ਪਹਿਲੂ ਤੋਂ ਡੂੰਘਾਈ ਨਾਲ ਦੇਖਿਆ ਤੇ ਇਸ ਚੋਰੀ ਦੀ ਵਾਰਦਾਤ ਨਾਲ ਹੋਏ ਕਤਲ ਨੂੰ ਸਲਝਾਉਣ ਦੀ ਹਰ ਪੁਰਜ਼ੋਰ ਕੋਸ਼ਿਸ਼ ਕੀਤੀ ਗਈ। ਥਾਣਾ ਮਾਹਿਲਪੁਰ ਦੀ ਪੁਲਸ ਪਾਰਟੀ ਅਤੇ ਸੀ.ਆਈ.ਏ ਸਟਾਫ ਦੀ ਟੀਮ ਨੇ ਵੱਖ ਵੱਖ ਸੀ.ਸੀ.ਟੀ.ਵੀ ਕੈਮਰੇ ਚੈੱਕ ਕਰਨੇ ਸ਼ੁਰੂ ਕੀਤੀ ਤੇ ਕਥਿਤ ਦੋਸ਼ੀਆਂ ਦੀ ਭਾਲ ਆਰੰਭ ਕੀਤੀ। ਉਨ੍ਹਾ ਦੱਸਿਆ ਕਿ ਦੌਰਾਨੇ ਤਫਤੀਸ਼ 26 ਜੂਨ ਨੂੰ ਮਨਪ੍ਰੀਤ ਸਿੰਘ ਅਤੇ ਜਸਪ੍ਰੀਤ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਗੋਂਦਪੁਰ ਨੇ ਐੱਸ ਆਈ ਬਲਜਿੰਦਰ ਸਿੰਘ ਮੁੱਖ ਅਫਸਰ ਥਾਣਾ ਮਾਹਿਲਪੁਰ ਨੂੰ ਦੱਸਿਆ ਕਿ ਸਾਨੂੰ ਪੂਰਾ ਯਕੀਨ ਹੈ ਕਿ ਇਸ ਵਾਰਦਾਤ ਨੂੰ ਕਮਲਜੀਤ ਉਰਫ ਕਮਲ ਉਰਫ ਕੰਬੂ ਪੁੱਤਰ ਸਰਵਣ ਰਾਮ ਵਾਸੀ ਬੈਂਸਾਂ ਥਾਣਾ ਸਦਰ ਬੰਗਾ ਜ਼ਿਲ੍ਹਾ ਸ਼.ਭ.ਸ ਨਗਰ ਨੇ ਅੰਜਾਮ ਦਿੱਤਾ ਹੈ। ਜੋ ਕਿ ਮਰਨ ਵਾਲੇ ਵਿਅਕਤੀ ਰਛਪਾਲ ਸਿੰਘ ਦਾ ਸਕਾ ਭਾਣਜਾ ਹੈ ਅਤੇ ਉਹ 20/21 ਦੀ ਰਾਤ ਨੂੰ ਮਨਪ੍ਰੀਤ ਸਿੰਘ ਹੋਰਾਂ ਨਾਲ ਪੀਰ ਨਿਗਾਹੇ ਨਾਲ ਨਹੀਂ ਗਿਆ ਸੀ। ਜਿਸ ’ਤੇ ਉਕਤ ਮੁਕੱਦਮੇ ਵਿੱਚ ਕਮਲਜੀਤ ਉਰਫ ਕਮਲ ਉਰਫ ਕੰਬੂ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਪਿੰਡ ਖੜੌਦੀ ਸਾਈਡ ਤੋਂ ਆਉਂਦੇ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ ਬਰਾਮਦਗੀ ਕੀਤੀ ਗਈ, ਜੋ ਕਿ ਕਥਿਤ ਦੋਸ਼ੀ ਕਮਲਜੀਤ ਉਕਤ ਵਾਰਦਾਤ ਨੂੰ ਅੰਜਾਮ ਦੇਣ ਲਈ ਮੋਟਰਸਾਈਕਲ ’ਤੇ ਸਵਾਰ ਹੋ ਕੇ ਆਪਣੇ ਪਿੰਡ ਬੈਂਸਾਂ ਤੋਂ ਨਾਨਕੇ ਪਿੰਡ ਗੋਂਦਪੁਰ ਆਇਆ ਸੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਉਕਤ ਕੋਲੋਂ 7,90,000 ਰੁਪਏ ਬਰਾਮਦ ਕਰ ਲਏ ਗਏ ਹਨ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਉਕਤ ਵਿਅਕਤੀ ਨੇ ਵਾਰਦਾਤ ਨੂੰ ਅੰਜਾਮ ਇਕੱਲੇ ਨੇ ਹੀ ਦਿੱਤਾ ਸੀ ਤੇ ਚੋਰੀ ਕਰਦੇ ਸਮੇਂ ਉਸ ਦੇ ਮਾਮੇ ਰਛਪਾਲ ਸਿੰਘ ਨੇ ਉਸ ਨੂੰ ਪਹਿਚਾਣ ਲਿਆ ਸੀ। ਜਿਸ ਕਰਕੇ ਕਥਿਤ ਦੋਸ਼ੀ ਕੰਬੂ ਨੇ ਆਪਣੇ ਮਾਮੇ ਰਛਪਾਲ ਸਿੰਘ ਨੂੰ ਮੌਤ ਦੇ ਘਾਟ ਉਤਾਰ ਦਿੱਤਾ।



# ‘ਅਰੁੰਧਤੀ ਰਾਏ ਤੇ ਪ੍ਰੋ. ਸ਼ੇਖ ਹੁਸੈਨ ’ਤੇ ਯੂ ਏ ਪੀ ਏ ਅਧੀਨ ਕੇਸ ਦਰਜ ਕਰਨ ਦੀ ਦਿੱਤੀ ਮਨਜ਼ੂਰੀ ਤੁਰੰਤ ਰੱਦ ਕੀਤੀ ਜਾਵੇ’

**ਫ਼ਗਵਾੜਾ ( ਡਾ. ਰਮਨ )**- ਸਮਾਜਿਕ ਕਾਰਕੁੰਨਾਂ ਅਰੁੰਧਤੀ ਰਾਏ ਅਤੇ ਪ੍ਰੋ. ਸ਼ੇਖ ਹੁਸੈਨ ਖ਼ਿਲਾਫ਼ ਕੇਂਦਰ ਦੀ ਮੋਦੀ ਸਰਕਾਰ ਦੇ ਇਸ਼ਾਰੇ ’ਤੇ ਦਿੱਲੀ ਦੇ ਗਵਰਨਰ ਵਲੋਂ ਯੂ ਏ ਪੀ ਏ ਅਧੀਨ ਕੇਸ ਦਰਜ ਕਰਨ ਦੀ ਦਿੱਤੀ ਮਨਜ਼ੂਰੀ ਦੀ ਤਿੱਖੀ ਨਿਖੇਧੀ ਕਰਦੇ ਹੋਏ ਤਰਕਸ਼ੀਲ ਸੁਸਾਇਟੀ ਦੇ ਜਸਵਿੰਦਰ ਫਗਵਾੜਾ, ਸੁਖਦੇਵ ਮਾਹੀ, ਸੁਰਿੰਦਰ ਪਾਲ ਪੱਦੀ ਜਗੀਰ, ਪ੍ਰੀਤ ਸਾਹਿਤ ਸਭਾ ਦੇ ਹਰਚਰਨ ਭਾਰਤੀ, ਪੀ ਐੱਸ ਪੀ ਸੀ ਐੱਲ ਪੈਨਸ਼ਨਰ ਯੂਨੀਅਨ ਦੇ ਗੋਪਾਲ ਕ੍ਰਿਸ਼ਨ, ਗੌਰਮਿੰਟ ਪੈਨਸ਼ਨਰਜ਼ ਯੂਨੀਅਨ ਦੇ ਹੰਸ ਰਾਜ ਬੰਗੜ, ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਕੁਲਦੀਪ ਸਿੰਘ ਕੌੜਾ ਅਤੇ ਨਿਰਮੋਲਕ ਸਿੰਘ ਹੀਰਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਮਨੁੱਖੀ ਹੱਕਾਂ ਦੇ ਪਹਿਰੇਦਾਰਾਂ ਨੂੰ ਇੱਕ ਵਾਰ ਫਿਰ ਆਪਣਾ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਆਪਣੇ ਪਹਿਲੇ 10 ਸਾਲਾਂ ਦੇ ਕਾਰਜਕਾਲ ’ਚ ਅਨੇਕਾਂ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਅਤੇ ਮਨੁੱਖੀ ਹੱਕਾਂ ਦੇ ਪਹਿਰੇਦਾਰਾਂ ਅਤੇ ਸਮਾਜਿਕ ਕਾਰਕੁੰਨਾਂ ਨੂੰ ਯੂ ਏ ਪੀ ਏ ਦੇ ਤਹਿਤ ਜੇਲ੍ਹਾਂ ਅੰਦਰ ਬੰਦ ਕੀਤਾ ਹੋਇਆ ਹੈ। ਆਪਣੇ ਪਹਿਲੇ ਲੋਕ ਵਿਰੋਧੀ ਅਤੇ ਲੋਕਤੰਤਰ ਵਿਰੋਧੀ ਕਦਮਾਂ ਨੂੰ ਜਾਰੀ ਰੱਖਦਿਆਂ ਮੋਦੀ ਸਰਕਾਰ ਨੇ ਹੁਣ ਸਮਾਜਿਕ ਕਾਰਕੁੰਨਾਂ ਅਰੁੰਧਤੀ ਰਾਏ ਅਤੇ ਪ੍ਰੋ ਸ਼ੇਖ ਹੁਸੈਨ ਨੂੰ ਆਪਣਾ ਨਿਸ਼ਾਨਾ ਬਣਾਇਆ ਹੈ। ਸਾਥੀਆਂ ਕਿਹਾ ਕਿ ਕੇਂਦਰੀ ਸਰਕਾਰ ਵਲੋਂ ਸਾਲ 2023 ਵਿੱਚ ਤਿੰਨ ਨਵੇਂ ਲੋਕ ਵਿਰੋਧੀ ਫੌਜਦਾਰੀ ਕਾਨੂੰਨ, ਭਾਰਤੀ ਸੰਵਿਧਾਨ ਦੀ ਭਾਵਨਾ ਦੇ ਉਲਟ ਭਾਜਪਾ ਸਰਕਾਰ ਨੇ ਬਣਾ ਕੇ ਲੋਕਤੰਤਰੀ ਕਦਰਾਂ ਕੀਮਤਾਂ ਦਾ ਘਾਣ ਕੀਤਾ ਸੀ ਅਤੇ ਹੁਣ ਇਹ ਲੋਕਾਂ ਦਾ ਨੁਕਸਾਨ ਕਰਨ ਵਾਲੇ ਕਾਨੂੰਨ ਪਹਿਲੀ ਜੁਲਾਈ ਤੋਂ ਲਾਗੂ ਕਰਨ ਦੇ ਐਲਾਨ ਭਾਜਪਾ ਸਰਕਾਰ ਨੇ ਕੀਤਾ ਹੈ।ਇਹ ਤਿੰਨ ਨਵੇਂ ਕਾਨੂੰਨ ਕਿਰਤੀ ਜਮਾਤ ਦੇ ਸੰਘਰਸ਼ ਦੀਆਂ ਮੁਸ਼ਕਾਂ ਬੰਨ੍ਹਣ ਲਈ ਕੇਂਦਰ ਸਰਕਾਰ ਦਾ ਕਾਰਾ ਹੈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਇਸ ਧੱਕੇਸ਼ਾਹੀ ਵਿਰੁੱਧ ਪਹਿਲੀ ਜੁਲਾਈ ਨੂੰ ਫ਼ਗਵਾੜਾ ਰੈਸਟ ਹਾਊਸ ਵਿਖੇ ਇਕੱਠੇ ਹੋ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਮੌਕੇ ’ਤੇ ਮੌਜੂਦ ਜ਼ਿੰਮੇਵਾਰ ਪ੍ਰਸ਼ਾਸਨਿਕ ਅਧਿਕਾਰੀ ਰਾਹੀਂ ਭਾਰਤ ਦੇ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ ਭੇਜਦੇ ਹੋਏ ਮੰਗ ਕੀਤੀ ਜਾਵੇਗੀ ਕਿ ਸਮਾਜਿਕ ਕਾਰਕੁੰਨਾਂ ਅਰੁੰਧਤੀ ਰਾਏ ਅਤੇ ਪ੍ਰੋ. ਸ਼ੇਖ ਹੁਸੈਨ ’ਤੇ ਯੂ ਏ ਪੀ ਏ ਅਧੀਨ ਕੇਸ ਦਰਜ ਕਰਨ ਦੀ ਦਿੱਤੀ ਮਨਜ਼ੂਰੀ ਤੁਰੰਤ ਰੱਦ ਕੀਤੀ ਜਾਵੇ ਅਤੇ ਤਿੰਨ ਨਵੇਂ ਫੌਜਦਾਰੀ ਕਾਨੂੰਨ ਵੀ ਭਾਰਤ ਸਰਕਾਰ ਰੱਦ ਕਰੇ। ਤਿੰਨੇ ਨਵੇਂ ਫੌਜਦਾਰੀ ਕਾਨੂੰਨਾਂ ਦੀਆਂ ਵਿਰੋਧ ਵਜੋਂ ਪਹਿਲੀ ਜੁਲਾਈ ਨੂੰ ਕਾਪੀਆਂ ਸਾੜੀਆਂ ਜਾਣਗੀਆਂ। ਭਵਿੱਖ ਵਿੱਚ ਯੂ ਏ ਪੀ ਏ ਕਾਨੂੰਨ ਦੀ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁੰਨਾਂ ’ਤੇ ਵਰਤੋਂ ਕਰਨੀ ਵੀ ਤੁਰੰਤ ਬੰਦ ਕੀਤੀ ਜਾਵੇ, ਤਿੰਨ ਨਵੇਂ ਬਣਾਏ ਫੌਜਦਾਰੀ ਕਾਨੂੰਨ ਰੱਦ ਕੀਤੇ ਜਾਣ। ਆਗੂਆਂ ਨੇ ਲੋਕ ਸਭਾ ਵਿੱਚ ਮੌਜੂਦ ਵਿਰੋਧੀ ਧਿਰ ਦੇ ਸਮੂਹ ਸੰਸਦ ਮੈਂਬਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਲੋਕਾਂ ਅਤੇ ਲੋਕਤੰਤਰ ਵਿਰੋਧੀ ਯੂ ਏ ਪੀ ਏ ਕਾਨੂੰਨ ਦੇ ਵਿਰੁੱਧ ਲੋਕ ਸਭਾ ਵਿੱਚ ਜ਼ੋਰਦਾਰ ਆਵਾਜ਼ ਉਠਾਉਣ ਅਤੇ ਇਸ ਕਾਨੂੰਨ ਨੂੰ ਤੁਰੰਤ ਰੱਦ ਕਰਨ ਦੀ ਮੰਗ ਕਰਨ। ਆਗੂਆਂ ਨੇ ਸਮੂਹ ਇਨਸਾਫ਼ ਪਸੰਦ ਲੋਕਾਂ ਨੂੰ ਪਹਿਲੀ ਜੁਲਾਈ ਨੂੰ ਠੀਕ 3:45 ਵਜੇ ਰੈਸਟ ਹਾਊਸ ਫ਼ਗਵਾੜਾ ਵਿਖੇ ਪੁੱਜ ਕੇ ਸੰਘਰਸ਼ ਵਿੱਚ ਬਣਦਾ ਯੋਗਦਾਨ ਪਾਉਣ ਦੀ ਅਪੀਲ ਵੀ ਕੀਤੀ।



# ਨੌਗੱਜਾ ਪੀਰ ਦਾ ਮੇਲਾ ਅੱਜ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**— ਰਹਿਮਤਾਂ ਦਾ ਮੁਜੱਸਮਾ ਪਾਕ ਪਵਿੱਤਰ ਅਸਥਾਨ ਰੋਜ਼ਾ-ਏ-ਬਾਬਾ ਨੌਗੱਜਾ ਪੀਰ ਜੀ ਦਾ ਵਿਸ਼ਾਲ ਸਲਾਨਾ ਮੇਲਾ 1 ਜੁਲਾਈ ਨੂੰ ਗੱਦੀਨਸ਼ੀਨ ਸੂਬੇਦਾਰ ਸਾਈਂ ਚਮਨ ਲਾਲ ਮਹਿਮੀ ਦੀ ਯੋਗ ਰਹਿਨੁਮਾਈ ਹੇਠ ਅਤੇ ਰਾਮ ਲਾਲ ਪ੍ਰਦੇਸੀ - ਗੁਰਨਾਮ ਸਿੰਘ ਸੰਧੂ ਦੀ ਅਗਵਾਈ ਵਿੱਚ ਭੱਲੋਵਾਲ ਰੋਡ, ਨੂਰਮਹਿਲ ਵਿਖੇ ਬੜੀ ਧੂਮਧਾਮ ਤੇ ਅਥਾਹ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਮੇਲੇ ਸਬੰਧੀ ਜਾਣਕਾਰੀ ਦਿੰਦਿਆਂ ਸਿੱਧਮ ਦਵਾਖਾਨਾ ਤੇ ਆਸਟਰੋ ਰਿਸਰਚ ਸੈਂਟਰ (ਰਜਿ.) ਪੰਜਾਬ ਦੇ ਸੰਚਾਲਕ ਡਾ. ਵਿਜੇ ਕੁਮਾਰ ਸਿੱਧਮ ਨੇ ਦੱਸਿਆ ਕਿ ਮੇਲੇ ’ਚ ਸ਼ਾਮ ਨੂੰ ਚਰਾਗ ਰੌਸ਼ਨ ਤੋਂ ਬਾਅਦ ਮਹਿੰਦੀ ਦੀ ਰਸਮ ਹੋਵੇਗੀ। 1 ਜੁਲਾਈ ਨੂੰ ਸਵੇਰੇ ਝੰਡਿਆਂ ਦੀ ਰਸਮ ਹੋਵੇਗੀ। ਉਪਰੰਤ ਬਾਬਾ ਜੀ ਸੰਗਤਾਂ ਦੀ ਹਾਜ਼ਰੀ ਵਿੱਚ ਦਾਤਾ ਜੀ ਦੀਆਂ ਦਰਗਾਹਾਂ ’ਤੇ ਵਿਧੀ ਵਿਧਾਨ ਅਨੁਸਾਰ ਚਾਦਰਾਂ ਚੜ੍ਹਾਈਆਂ ਜਾਣਗੀਆਂ। 11 ਵਜੇ ਸ਼ੰਮੀ ਅਲੀ ਕਵਾਲ ਹਾਜ਼ਰੀ ਲਗਵਾਉਣਗੇ। ਫਿਰ ਸੱਭਿਆਚਾਰਕ ਸਟੇਜ ਦਾ ਆਰੰਭ ਹੋਵੇਗਾ, ਜਿਸ ਦੌਰਾਨ ਗਾਇਕ ਕਸ਼ਮੀਰ ਮੁਹੰਮਦ, ਜੋਤੀ ਸਭਰਵਾਲ, ਸੂਫੀ ਗਾਇਕਾਵਾਂ ਨਿਧੀ-ਫਿਜਾ ਸਿੱਧਮ ਸਿਸਟਰਜ਼ ਹੋਰ ਅਨੇਕਾਂ ਪੰਜਾਬ ਦੇ ਪ੍ਰਸਿੱਧ ਕਲਾਕਾਰ ਆਪਣੀ ਹਾਜ਼ਰੀ ਲਗਵਾਉਣਗੇ। ਠੀਕ ਤਿੰਨ ਵਜੇ ਜੋਤੀ ਮਾਹੀ ਨਕਾਲ ਪਾਰਟੀ ਆਪਣਾ ਰੰਗ ਬੰਨ੍ਹਣਗੇ। ਡਾ. ਸਿੱਧਮ ਨੇ ਅੱਗੇ ਦੱਸਿਆ ਕਿ ਮੇਲੇ ’ਚ ਜਿਥੇ ਵੱਖ-ਵੱਖ ਡੇਰਿਆਂ ਦੀਆਂ ਗੱਦੀ ਨਸ਼ੀਨ ਸਰਕਾਰਾਂ, ਸੰਤ ਮਹਾਪੁਰਸ਼ ਸ਼ਿਰਕਤ ਕਰਨਗੇ, ਉਥੇ ਦਰਸ਼ਨ ਸਿੰਘ, ਮਾਤਾ ਸਿਮਰ ਕੌਰ ਭੱਟੀ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚਣਗੇ। ਲੰਗਰ ਅਤੁੱਟ ਵਰਤੇਗਾ। ਸਟੇਜ ਸਕੱਤਰ ਦੀ ਭੂਮਿਕਾ ਬੀਰਬਲ ਵੱਲੋਂ ਨਿਭਾਈ ਜਾਵੇਗੀ।

# ਅਖੌਤੀ ਆਗੂ ਪੰਥਕ ਹੋਣ ਦੀ ਡਰਾਮੇਬਾਜ਼ੀ ਕਰ ਰਹੇ : ਸਿੰਗੜੀਵਾਲਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਮਰਹੂਮ ਆਗੂ ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਪਣੇ ਨਿੱਜੀ ਅਤੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਸਿੱਖ ਸਿਧਾਂਤਾਂ ਅਤੇ ਪੰਥਕ ਹਿੱਤਾਂ ਦਾ ਘਾਣ ਕਰਨ ਵਿੱਚ ਸ਼ਾਮਲ ਰਹੇ ਅਖੌਤੀ ਆਗੂ ਹੁਣ ਪੰਥਕ ਹੋਣ ਦੀ ਡਰਾਮੇਬਾਜ਼ੀ ਕਰ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਕੇਂਦਰੀ ਵਰਕਿੰਗ ਕਮੇਟੀ ਮੈਂਬਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸੁਖਬੀਰ ਬਾਦਲ ਦੀ ਅਗਵਾਈ ਹੇਠ ਵਾਰ ਵਾਰ ਹੋਈਆਂ ਸਿਆਸੀ ਹਾਰਾਂ ਤੋਂ ਬਾਅਦ ਸੱਤਾ ਪ੍ਰਾਪਤੀ ਨਾ ਹੁੰਦਿਆਂ ਦੇਖ ਕੇ ਵਿਰੋਧ ਕਰ ਰਹੇ ਅਖੌਤੀ ਅਕਾਲੀ ਆਗੂਆਂ ਦੀ ਸਖਤ ਆਲੋਚਨਾ ਕਰਦਿਆਂ ਹੋਇਆਂ ਕੀਤਾ। ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ 1994 ’ਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਪ੍ਰੋਫੈਸਰ ਮਨਜੀਤ ਸਿੰਘ ਦੁਆਰਾ ਸਾਰੇ ਅਕਾਲੀ ਦਲਾਂ ਨੂੰ ਭੰਗ ਕਰਨ ਤੋਂ ਬਾਅਦ ਹੋਂਦ ਵਿੱਚ ਆਏ ਅਕਾਲੀ ਦਲ (ਅੰਮ੍ਰਿਤਸਰ) ਵਿੱਚ ਮਰਹੂਮ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਸ਼ਾਮਲ ਨਾ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋਏ ਭਗੌੜੇ ਹੋ ਗਏ ਅਤੇ ਗਲਤ ਹੱਥਕੰਡੇ ਅਪਣਾਉਂਦਿਆਂ ਪੰਥ ਵਿਰੋਧੀ ਸ਼ਕਤੀਆਂ ਭਾਰਤੀ ਜਨਤਾ ਪਾਰਟੀ ਅਤੇ ਆਰ ਐਸ ਐਸ ਨਾਲ ਮਿਲ ਕੇ ਆਪਣੇ ਨਿੱਜੀ ਅਤੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਪੰਜਾਬ ਦੀ ਸੱਤਾ ਪ੍ਰਾਪਤ ਕੀਤੀ ਅਤੇ ਉਸ ਸੱਤਾ ਦੀ ਗਲਤ ਵਰਤੋਂ ਕਰਦਿਆਂ ਹੋਇਆਂ ਪੰਜਾਬ ਅਤੇ ਸਿੱਖ ਕੌਮ ਦਾ ਵੱਡੀ ਪੱਧਰ ’ਤੇ ਘਾਣ ਕੀਤਾ। ਉਸ ਸਮੇਂ ਇਨ੍ਹਾਂ ਅਖੌਤੀ ਪੰਥਕ ਆਗੂਆਂ ਨੇ ਮੂੰਹ ਨਹੀਂ ਖੋਲ੍ਹਿਆ। ਹੁਣ ਇਨ੍ਹਾਂ ਨੂੰ ਸਿੱਖ ਕੌਮ ਅਤੇ ਪੰਜਾਬ ਦੇ ਲੋਕ ਮੂੰਹ ਨਹੀਂ ਲਗਾਉਣਗੇ ਅਤੇ ਬੁਰੀ ਤਰ੍ਹਾਂ ਨਕਾਰ ਦੇਣਗੇ।

# ਸੰਘੇ ਜਗੀਰ ’ਚ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਬੂਟਿਆਂ ਦਾ ਲਗਾਇਆ ਲੰਗਰ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**—ਰਹਿਮਤਾਂ ਦਾ ਮੁਜੱਸਮਾ ਪਾਕ ਪਵਿੱਤਰ ਅਸਥਾਨ ਦਰਬਾਰ ਬਾਬਾ ਚੁੱਪ ਸ਼ਾਹ ਦਾ ਵਿਸ਼ਾਲ ਸਲਾਨਾ ਜੋੜ ਮੇਲਾ ਮੁੱਖ ਸੇਵਾਦਾਰ ਗੁਰਸ਼ਰਨ ਰਾਏ ਅਤੇ ਪ੍ਰਬੰਧਕ ਕਮੇਟੀ ਦੀ ਯੋਗ ਰਹਿਨੁਮਾਈ ਹੇਠ ਪਿੰਡ ਸੰਘੇ ਜਗੀਰ ਨੇੜੇ ਨੂਰਮਹਿਲ ਵਿਖੇ ਬੜੀ ਧੂਮਧਾਮ ਤੇ ਅਥਾਹ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। 2 ਦਿਨਾਂ ਮੇਲੇ ’ਚ 20 ਜੂਨ ਨੂੰ ਬਾਬਾ ਜੀ ਸੰਗਤਾਂ ਦੀ ਹਾਜ਼ਰੀ ਵਿੱਚ ਦਾਤਾ ਜੀ ਦੀਆਂ ਦਰਗਾਹਾਂ ’ਤੇ ਵਿਧੀ ਵਿਧਾਨ ਅਨੁਸਾਰ ਚਾਦਰਾਂ ਅਤੇ ਝੰਡੇ ਚੜ੍ਹਾਏ ਗਏ ਉਪਰੰਤ ਕਵਾਲੀਆਂ ਦਾ ਪ੍ਰੋਗਰਾਮ ਅਹਿਤਰਮ ਕਾਦਰੀ ਵਲੋਂ ਪੇਸ਼ ਕੀਤਾ ਗਿਆ। ਪ੍ਰਸਿੱਧ ਗਾਇਕ ਜਮਨਾ ਰਸੀਲਾ, ਐਂਕਰ ਇੰਦਾਂ ਘਈ ਵਲੋਂ ਵੀ ਖੂਬ ਰੰਗ ਬੰਨ੍ਹਿਆ ਗਿਆ। ਇਸ ਮੌਕੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਸਵ. ਪ੍ਰਿਥੀ ਭੰਡਾਲ, ਸਵ. ਲੈਂਬਰ ਸਿੰਘ ਅਤੇ ਸਵ. ਸੁਖਵੀਰ ਭੰਡਾਲ ਦੀ ਯਾਦ ਨੂੰ ਸਮਰਪਤ ਰਾਜੂ ਭੰਡਾਲ ਅਤੇ ਗੁਰਮੇਲ ਭੰਡਾਲ ਵਲੋਂ ਬੂਟਿਆਂ ਦਾ ਲੰਗਰ ਲਗਾਇਆ ਗਿਆ। ਚਿਰਾਗ ਦੀ ਰਸਮ ਸ਼ਾਮ ਨੂੰ ਅਦਾ ਕੀਤੀ ਗਈ, 21 ਜੂਨ ਨੂੰ ਪੰਜਾਬ ਦੇ ਉੱਚਕੋਟੀ ਦੇ ਗਾਇਕ ਹਰਪ੍ਰੀਤ ਢਿੱਲੋਂ, ਜੱਸੀ ਕੌਰ, ਹਰਮੇਸ਼ ਰਸੀਲਾ, ਜੋਤੀ ਸਭਰਵਾਲ, (ਚੀਮਾ , ਨੂਰੀ) ਅਤੇ ਐਂਕਰ ਮੱਖਣ ਸ਼ੇਰਪੁਰੀ ਨੇ ਸੰਗਤਾਂ ਤੋਂ ਵਾਹ ਵਾਹ ਖੱਟੀ। ਇਸ ਮੌਕੇ ਐਡਵੋਕੇਟ ਗੌਰਵ ਨਾਗਰਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸ਼ੈਲੀ ਸਟੂਡੀਓ ਵਲੋਂ ਲਾਈਵ ਪ੍ਰਸਾਰਨ ਦੀ ਸੇਵਾ ਕੀਤੀ ਗਈ। ਮੇਲੇ ’ਚ ਵੱਖ-ਵੱਖ ਡੇਰਿਆਂ ਦੀਆਂ ਗੱਦੀਨਸ਼ੀਨ ਸਰਕਾਰਾਂ, ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ, ਬਾਬਾ ਜੀ ਦਾ ਲੰਗਰ ਅਤੁੱਟ ਵਰਤਾਇਆ ਗਿਆ। ਅਖੀਰ ਵਿਚ ਮੇਲੇ ਦੀ ਸਮਾਪਤੀ ਮੌਕੇ ਸਰਪੰਚ ਕਸ਼ਮੀਰੀ ਲਾਲ ਵਲੋਂ ਆਈਆਂ ਹੋਈਆਂ ਸੰਗਤਾਂ ਅਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਲਖਵਿੰਦਰਪਾਲ ਚੁੰਬਰ ਕੈਸ਼ੀਅਰ, ਹਰਬੰਸ ਲਾਲ ਚੁੰਬਰ, ਗੁਰਨਾਮ ਲਾਲ ਹੀਰ, ਰਘਬੀਰ ਸਿੰਘ ਭੰਡਾਲ, ਹੈਪੀ, ਕੁਲਦੀਪ ਮੈਂਬਰ ਪੰਚਾਇਤ, ਸੋਢੀ ਰਾਮ, ਦੀਪਾ, ਮੋਹਨ ਲਾਲ ਸੰਘਾ, ਐਡਵੋਕੇਟ ਗੌਰਵ ਨਾਗਰਾ, ਮੇਸ਼ਾ, ਸਿਮਰਨਪ੍ਰੀਤ ਸਿੰਘ, ਮਨਦੀਪ ਸਿੰਘ, ਸੌਦਾਗਰ ਸਿੰਘ ਲੰਬੜਦਾਰ ਆਦਿ ਹਾਜ਼ਰ ਸਨ।



# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਜਲੰਧਰ ਵੱਲੋਂ 6 ਦੇ ਝੰਡਾ ਮਾਰਚ ਸੰਬੰਧੀ ਤਿਆਰੀ ਮੀਟਿੰਗ ਭਲਕੇ

**ਜਲੰਧਰ, (ਰਾਜੇਸ਼ ਥਾਪਾ)** -ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਜਲੰਧਰ ਵੱਲੋਂ 6 ਜੁਲਾਈ ਦੇ ਝੰਡਾ ਮਾਰਚ ਸਬੰਧੀ ਸੁਰਿੰਦਰ ਕੁਮਾਰ ਪੁਆਰੀ ਦੀ ਪ੍ਰਧਾਨਗੀ ਹੇਠ ਵਰਚੁਅਲ ਮੀਟਿੰਗ ਹੋਈ।ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਜਲੰਧਰ ਦੇ ਕਨਵੀਨਰ ਨਵਪ੍ਰੀਤ ਸਿੰਘ ਬੱਲੀ ਅਤੇ ਪੁਸ਼ਪਿੰਦਰ ਕੁਮਾਰ ਵਿਰਦੀ ਨੇ ਸਾਂਝੇ ਰੂਪ ਵਿੱਚ ਮੀਟਿੰਗ ਦੀ ਕਾਰਵਾਈ ਬਾਰੇ ਦੱਸਿਆ ਕਿ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਪਿਛਲੇ ਕੀਤੇ ਸੰਘਰਸ਼ਾਂ ਦਾ ਰੀਵਿਊ ਕੀਤਾ ਗਿਆ ਅਤੇ ਲੋਕ ਸਭਾ ਚੋਣਾਂ ਦੇ ਨਤੀਜਿਆਂ ਦੀ ਸਮੀਖਿਆ ਵੀ ਕੀਤੀ ਗਈ। ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਹੋ ਰਹੀ ਜ਼ਿਮਨੀ ਚੋਣ ਸਬੰਧੀ ਸਾਂਝੇ ਫਰੰਟ ਵਲੋਂ 6 ਜੁਲਾਈ ਨੂੰ ਹਲਕੇ ਅੰਦਰ ਕੀਤੇ ਜਾ ਰਹੇ ਝੰਡਾ ਮਾਰਚ ਪ੍ਰੋਗਰਾਮ ਦੀ ਤਿਆਰੀ ਸਬੰਧੀ ਅਤੇ ਉਸ ਦੇ ਰੂਟ ਸਬੰਧੀ ਵੀ ਚਰਚਾ ਕੀਤੀ ਗਈ ਅਤੇ ਰੂਟ ਪਲੈਨ ਵੀ ਬਣਾਇਆ ਗਿਆ। ਇਸ ਮੀਟਿੰਗ ਵਿੱਚ ਵਿਚਾਰੇ ਗਏ ਪ੍ਰੋਗਰਾਮ ਨੂੰ ਸਮਰਾ ਭਵਨ, ਨੇੜੇ ਬੱਸ ਸਟੈਂਡ ਜਲੰਧਰ ਵਿਖੇ ਕੀਤੀ ਜਾ ਰਹੀ 2 ਜੁਲਾਈ ਨੂੰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਜ਼ਿਲ੍ਹਾ ਜਲੰਧਰ ਅਤੇ ਫਰੰਟ ਦੇ ਸੂਬਾਈ ਕਨਵੀਨਰਾਂ ਦੀ ਸਾਂਝੀ ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕਰਕੇ ਇਨ੍ਹਾਂ ਫੈਸਲਿਆਂ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ।ਝੰਡਾ ਮਾਰਚ ਵਿੱਚ ਮੋਟਰਸਾਈਕਲ ਅਤੇ ਗੱਡੀਆਂ ਸਹਿਤ ਮੁਲਾਜ਼ਮਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਵਾਉਣ ਸਬੰਧੀ ਵੀ ਜ਼ਿਲ੍ਹਾ ਆਗੂਆਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ। ਅੱਜ ਦੀ ਮੀਟਿੰਗ ਵਿੱਚ ਉਪਰੋਕਤ ਆਗੂਆਂ ਤੋਂ ਇਲਾਵਾ ਨਿਰਮੋਲਕ ਸਿੰਘ ਹੀਰਾ, ਰਸ਼ਮਿੰਦਰ ਪਾਲ ਸੋਨੂੰ, ਰਮਨ ਕੁਮਾਰ ਗੁਪਤਾ ਕੁਲਦੀਪ ਸਿੰਘ ਵਾਲੀਆ, ਪੰਕਜ ਕੁਮਾਰ, ਸੁਖਵਿੰਦਰ ਸਿੰਘ ਮੱਕੜ ਤੋਂ ਇਲਾਵਾ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੂਬਾਈ ਆਗੂ ਤੀਰਥ ਸਿੰਘ ਬਾਸੀ ਵੀ ਹਾਜ਼ਰ ਸਨ।

# ਰਾਸ਼ਟਰ ਪੱਧਰੀ ‘ਲਰਨ ਟੂ ਲਿਵ ਟੂਗੇਦਰ’ ਕੈਂਪ ਦਾ ਸਮਾਪਤੀ ਸਮਾਰੋਹ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਬਾਲ ਭਲਾਈ ਕੌਂਸਲ, ਪੰਜਾਬ ਵੱਲੋਂ 6 ਰੋਜ਼ਾ ਰਾਸ਼ਟਰੀ ਪੱਧਰੀ ਲਰਨ ਟੂ ਲਿਵ ਟੂਗੇਦਰ ਕੈਂਪ ਦੀ ਸਫ਼ਲ ਮੇਜ਼ਬਾਨੀ ਉਪਰੰਤ ਸ਼ਿਵਾਲਿਕ ਪਬਲਿਕ ਸਕੂਲ, ਮੋਹਾਲੀ ਵਿਖੇ ਸਮਾਪਤੀ ਸਮਾਰੋਹ ਨਾਲ ਕੈਂਪ ਦੀ ਸੰਪੂਰਨਤਾ ਹੋਈ। ਪੰਜਾਬ ਦੇ ਰਾਜਪਾਲ ਦੁਆਰਾ 24 ਜੂਨ ਨੂੰ ਉਦਘਾਟਨ ਕੀਤੇ ਗਏ ਇਸ ਕੈਂਪ ਵਿੱਚ ਭਾਰਤ ਭਰ ਦੇ 16 ਰਾਜਾਂ ਤੋਂ 150 ਬੱਚਿਆਂ ਅਤੇ ਐਸਕਾਰਟਸ ਨੇ ਭਾਗ ਲਿਆ। ਸਮਾਪਤੀ ਸਮਾਰੋਹ ਦੀ ਰਸਮ ਮੁੱਖ ਮਹਿਮਾਨ ਡਾ. ਸਾਧਨਾ ਸੰਗਰ, ਗੈਸਟ ਆਫ ਆਨਰ ਡਾ. ਡਿੰਪਲ ਧਾਲੀਵਾਲ ਸ਼੍ਰੀਵਾਸਤਵ ਅਤੇ ਸ਼ਿਵਾਲਿਕ ਪਬਲਿਕ ਸਕੂਲ ਦੇ ਪ੍ਰਿੰਸੀਪਲ ਡਾ.ਅਨੂਪਕਿਰਨ ਸਮੇਤ ਹੋਰ ਪਤਵੰਤੇ, ਕੌਂਸਲ ਦੇ ਖਜ਼ਾਨਚੀ ਰਤਿੰਦਰ ਬਰਾੜ ਅਤੇ ਰਾਜਸਥਾਨ ਰਾਜ ਕੌਂਸਲ ਦੀ ਚੇਅਰਪਰਸ ਜੈ ਸ਼੍ਰੀ ਸਿੱਧ ਸ਼ਾਮਲ ਸਨ। ਪ੍ਰਜਾਕਤਾ ਅਵਧ, ਚੇਅਰਪਰਸਨ, ਬਾਲ ਭਲਾਈ ਕੌਂਸਲ, ਪੰਜਾਬ ਨੇ ਪਤਵੰਤਿਆਂ ਦਾ ਸਵਾਗਤ ਕੀਤਾ ਅਤੇ ਕੈਂਪ ਦੌਰਾਨ ਕੀਤੀਆਂ ਗਈਆਂ ਵੱਖ-ਵੱਖ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਉਨ੍ਹਾਂ ਸ਼ਿਵਾਲਿਕ ਪਬਲਿਕ ਸਕੂਲ, ਦ ਮਿਲੇਨੀਅਮ ਸਕੂਲ, ਸ਼ਿਵਾਲਿਕ ਬੀ.ਐੱਡ ਕਾਲਜ ਅਤੇ ਅਨਹਦ ਫਾਊਂਡੇਸ਼ਨ ਵੱਲੋਂ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਦਿੱਤੇ ਸਹਿਯੋਗ ਦੀ ਵੀ ਸ਼ਲਾਘਾ ਕੀਤੀ। ਕੌਂਸਲ ਦੇ ਸਕੱਤਰ ਡਾ. ਪ੍ਰੀਤਮ ਸੰਧੂ ਨੇ ਕੌਂਸਲ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ।ਇਸ ਸਮਾਗਮ ਵਿੱਚ ਵੱਖ-ਵੱਖ ਰਾਜਾਂ ਦੇ ਬੱਚਿਆਂ ਵੱਲੋਂ ਆਪਣੇ ਰਵਾਇਤੀ ਪਹਿਰਾਵੇ ਅਤੇ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ ਸੱਭਿਆਚਾਰਕ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ। ਸੰਗਰ ਨੇ ਕੈਂਪ ਦੇ ਆਯੋਜਨ ਵਿੱਚ ਚਾਈਲਡ ਵੈਲਫੇਅਰ ਕੌਂਸਲ ਪੰਜਾਬ ਦੀ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ। ਡਾ. ਡਿੰਪਲ ਨੇ ਭਾਗ ਲੈਣ ਵਾਲੀਆਂ ਸੂਬਾ ਕੌਂਸਲਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ।ਸਮਾਗਮ ਦੀ ਸਮਾਪਤੀ ਵਧੀਆ ਕਾਰਗੁਜ਼ਾਰੀ ਵਾਲੇ ਵਿਦਿਆਰਥੀਆਂ ਨੂੰ ਇਨਾਮਾਂ ਦੀ ਵੰਡ ਅਤੇ ਵਲੰਟੀਅਰਾਂ ਨੂੰ ਸਨਮਾਨਤ ਕਰਨ ਨਾਲ ਹੋਈ।

# ਨੌਜਵਾਨ ਨਸ਼ਿਆਂ ਦਾ ਤਿਆਗ ਕਰਕੇ ਖੇਡਾਂ ਨਾਲ ਜੁੜਨ : ਡਾ. ਲਵਪ੍ਰੀਤ ਪਾਬਲਾ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**- ਖਾਲਸਾ ਸਪੋਰਟਸ ਕਲੱਬ ਚੱਤੋਵਾਲ ਝੱਜੀ ਪਿੰਡ ਵੱਲੋਂ ਕਰਵਾਇਆ ਗਿਆ ਅੰਡਰ 17 ਕ੍ਰਿਕਟ ਟੂਰਨਾਮੈਂਟ ਪਿੰਡ ਕੱਕੋ ਦੀ ਟੀਮ ਦੇ ਨਾਮ ਰਿਹਾ। ਕਲੱਬ ਦੇ ਪ੍ਰਧਾਨ ਮਨਦੀਪ ਸਿੰਘ ਝੱਜੀ ਪਿੰਡ ਦੀ ਅਗਵਾਈ ਵਿੱਚ ਪ੍ਰਵਾਸੀਆਂ ਦੇ ਸਹਿਯੋਗ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਤੋਵਾਲ ਝੱਜੀ ਪਿੰਡ ਦੀ ਗਰਾਊਂਡ ਵਿੱਚ ਕਰਵਾਏ ਗਏ ਇਸ 3 ਦਿਨਾ ਕ੍ਰਿਕਟ ਟੂਰਨਾਮੈਂਟ ਇਲਾਕੇ ਭਰ ਚੋਂ ਕੁੱਲ 42 ਟੀਮਾਂ ਨੇ ਭਾਗ ਲਿਆ। ਜਿਸ ਦੌਰਾਨ ਪਹਿਲੇ ਸੈਮੀਫਾਈਨਲ ਮੈਚ ਵਿੱਚ ਕੱਕੋ ਦੀ ਟੀਮ ਨੇ ਚੱਕ ਝੰਡੂ ਦੀ ਟੀਮ ਨੂੰ ਅਤੇ ਦੂਸਰੇ ਸੈਮੀਫਾਈਨਲ ਮੈਚ ਵਿੱਚ ਪੰਡੋਰੀ ਦੀ ਟੀਮ ਨੇ ਢੱਟਾਂ ਦੀ ਟੀਮ ਨੂੰ ਹਰਾਇਆ। ਇਸ ਮੌਕੇ ਰੋਮਾਂਚਕ ਰਹੇ ਫਾਈਨਲ ਮੈਚ ਵਿੱਚ ਕੱਕੋ ਦੀ ਟੀਮ ਨੇ ਪੰਡੋਰੀ ਨੂੰ 6 ਦੌੜਾਂ ਨਾਲ ਹਰਾ ਕੇ 25 ਹਜ਼ਾਰ ਦੇ ਪਹਿਲੇ ਇਨਾਮ ਅਤੇ ਜੇਤੂ ਟਰਾਫੀ ’ਤੇ ਕਬਜ਼ਾ ਕੀਤਾ।ਜਦਕਿ ਟੂਰਨਾਮੈਂਟ ਪ੍ਰਬੰਧਕਾਂ ਵੱਲੋਂ ਦੂਸਰੇ ਸਥਾਨ ’ਤੇ ਰਹੀ ਪੰਡੋਰੀ ਦੀ ਟੀਮ ਨੂੰ 15 ਹਜ਼ਾਰ ਰੁਪਏ ਦਿੱਤੇ ਗਏ। ਇਸ ਮੌਕੇ ਇਨਾਮਾਂ ਦੀ ਵੰਡ ਕਰਨ ਲਈ ਮੁੱਖ ਮਹਿਮਾਨ ਵਜੋਂ ਪਹੁੰਚੇ ਸੀਤਾ ਦੇਵੀ ਮੈਮੋਰੀਅਲ ਵੇਵਜ਼ ਹਸਪਤਾਲ ਟਾਂਡਾ ਦੇ ਡਾਇਰੈਕਟਰ ਡਾ. ਲਵਪ੍ਰੀਤ ਸਿੰਘ ਪਾਬਲਾ, ਸਰਪੰਚ ਮਹਿੰਗਾ ਸਿੰਘ ਚਤੋਵਾਲ, ਕਰਮਜੋਤ ਲੈਬੋਰਟਰੀ ਟਾਂਡਾ ਤੋਂ ਕਮਲਜੀਤ ਸਿੰਘ ਧੁੱਗਾ, ਪ੍ਰਦੀਪ ਸਿੰਘ ਧੁੱਗਾ ਨੇ ਸਾਂਝੇ ਤੌਰ ’ਤੇ ਜੇਤੂ ਟੀਮ ਤੇ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਕਰਦੇ ਹੋਏ ਕਿਹਾ ਕਿ ਅਜਿਹੇ ਟੂਰਨਾਮੈਂਟ ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਲਿਜਾਣ ਵਾਸਤੇ ਸਹਾਈ ਤੇ ਮਹੱਤਵਪੂਰਨ ਹੁੰਦੇ ਹਨ।ਉਨ੍ਹਾਂ ਇਸ ਮੌਕੇ ਖਿਡਾਰੀਆਂ ਨੂੰ ਪੂਰੀ ਖੇਡ ਭਾਵਨਾ ਅਤੇ ਰਲ ਮਿਲ ਕੇ ਖੇਡਣ ਦੀ ਪ੍ਰੇਰਨਾ ਵੀ ਦਿੱਤੀ।ਇਸ ਮੌਕੇ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਸੁੱਖੇ ਮਹਿਮਦਦੋਵਾਲ ਨੂੰ ਮੈਨ ਆਫ ਦਾ ਸੀਰੀਜ਼, ਗੁਰੀ ਕੱਕੋ ਨੂੰ ਮੈਨ ਆਫ ਦਾ ਮੈਚ ਅਤੇ ਸੰਦੀਪ ਢੱਟ ਨੂੰ ਬੈਸਟ ਬਾਲਰ ਦੇ ਖਿਤਾਬ ਨਾਲ ਨਿਵਾਜਿਆ ਤੇ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ। ਟੂਰਨਾਮੈਂਟ ਦੌਰਾਨ ਵਿਸ਼ੇਸ਼ ਸਹਿਯੋਗ ਕਰਨ ਵਾਲੇ ਪ੍ਰਵਾਸੀ ਭਾਰਤੀਆਂ ਦੇ ਪਰਵਾਰਕ ਮੈਂਬਰ ਅਤੇ ਹੋਰਨਾਂ ਸ਼ਖ਼ਸ਼ੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਹਰਜੀਤ ਸਿੰਘ ਝੱਜੀ ਪਿੰਡ, ਮਨੀ ਝਾਵਾਂ, ਪ੍ਰਗਟ ਮਾਨਗੜ੍ਹ, ਕੁਲਵਿੰਦਰ ਸਿੰਘ, ਬਲਜਿੰਦਰ ਸਿੰਘ ਰਿੱਕੀ, ਇੰਦਰਜੀਤ ਸਿੰਘ, ਰੋਮੀ ਚੱਤੋਵਾਲ, ਸੁਖਦੇਵ ਸਿੰਘ, ਗੁਰਦੀਪ ਸਿੰਘ, ਜਿੰਦ ਸਿੰਘ, ਮਨਦੀਪ ਸਿੰਘ ਦੀਪਾ ਟਾਂਡਾ, ਸੁਰਜੀਤ ਸਿੰਘ, ਪਰਮਜੀਤ ਸਿੰਘ ਤੋਂ ਇਲਾਵਾ ਹੋਰ ਖੇਡ ਪ੍ਰੇਮੀ ਵੀ ਹਾਜ਼ਰ ਸਨ।



# ਨਗਰ ਕੌਂਸਲ ਵੱਲੋਂ ਬਰਸਾਤ ਦੇ ਮੌਸਮ ਦੌਰਾਨ ਸ਼ਹਿਰ ਦੀ ਸਾਫ-ਸਫਾਈ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਬਰਸਾਤ ਦੇ ਮੌਸਮ ਨੂੰ ਦੇਖਦੇ ਹੋਏ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ ਦੀ ਅਗਵਾਈ ਹੇਠ, ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ, ਮਦਨ ਲਾਲ ਸੈਨਟਰੀ ਇੰਸਪੈਕਟਰ, ਮਨਦੀਪ ਸਿੰਘ ਸੀ ਐਫ ਅਤੇ ਸਮੁੱਚੀ ਟੀਮ ਵਲੋਂ ਚਲਾਈ ਜਾ ਰਹੀ ਹੈ ਨਾਲੇ ਅਤੇ ਬਰਸਾਤੀ ਨਾਲਿਆਂ ਦੀ ਸਾਫ ਸਫਾਈ ਦੀ ਮੁਹਿੰਮ ਅਤੇ ਸ਼ਹਿਰ ਦੀ ਸਾਫ ਸਫਾਈ ਦਾ ਖਾਸ ਪ੍ਰਬੰਧ ਕੀਤਾ ਜਾ ਰਿਹਾ ਹੈ, ਉੱਥੇ ਹੀ ਬਰਸਾਤ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਸ਼ਹਿਰ ਦੇ ਅਲੱਗ ਅਲੱਗ ਵਾਰਡਾਂ, ਗੋਲ ਮਾਰਕੀਟ, ਪੁੱਡਾ ਮਾਰਕੀਟ ਵਾਲਾ, ਕਲਗੀਧਰ ਮਾਰਕੀਟ, ਬੱਸ ਸਟੈਂਡ ਬੈਕ ਸਾਈਡ ਵਾਲਾ ਨਾਲਿਆਂ ਅਤੇ ਬਰਸਾਤੀ ਨਾਲੇ ਆਦਿ ਥਾਵਾਂ ’ਤੇ ਜੇ.ਸੀ.ਬੀ ਮਸ਼ੀਨ ਦੀ ਮਦਦ ਨਾਲ ਨਾਲੇ ਅਤੇ ਬਰਸਾਤੀ ਨਾਲਿਆਂ ਦੀ ਸਫਾਈ ਕੀਤੀ ਜਾ ਰਹੀ ਹੈ ਤਾਂ ਜੋ ਬਰਸਾਤ ਦੇ ਮੌਸਮ ਵਿੱਚ ਆਮ ਜਨਤਾ ਨੂੰ ਕੋਈ ਦਿੱਕਤ ਪ੍ਰੇਸ਼ਾਨੀ ਨਾ ਆਵੇ। ਇਸ ਤੋਂ ਇਲਾਵਾ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਆਪਣਿਆਂ ਘਰਾਂ ਅਤੇ ਦੁਕਾਨਾਂ ਅਤੇ ਹੋਰ ਸਥਾਨਾਂ ਦਾ ਸੁੱਕਾ ਕੂੜਾ ਅਤੇ ਗਿੱਲਾ ਕੂੜਾ ਦੋ ਰੰਗ ਦੇ ਡਸਟਬੀਨਾਂ ਵਿੱਚ ਅਲੱਗ ਅਲੱਗ ਪਾਇਆ ਜਾਵੇ ਅਤੇ ਨਗਰ ਕੌਂਸਲ ਦੀ ਗੱਡੀ ਆਉਣ ’ਤੇ ਉਸ ਵਿੱਚ ਅਲੱਗ ਅਲੱਗ ਕਰਕੇ ਪਾ ਦਿੱਤਾ ਜਾਵੇ ਅਤੇ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਗਈ ਹੈ ਕਿ ਕੂੜੇ ਨੂੰ ਸੜਕਾਂ ਵਿੱਚ ਖਾਲੀ ਪਏ ਪਲਾਟਾਂ ਵਿੱਚ ਅਤੇ ਹੋਰ ਸਥਾਨਾਂ ’ਤੇ ਨਾ ਸੁੱਟਿਆ ਜਾਵੇ। ਇਸ ਤੋਂ ਇਲਾਵਾ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕੀਤੀ ਜਾਵੇ। ਇਸ ਮੌਕੇ ਪਰਮਜੀਤ ਸੋਨੂੰ, ਹਰਦੇਵ ਹੈਪੀ, ਭਗਵੰਤ ਸਿੰਘ, ਦਾਰਾ, ਭਿੰਦੂ , ਰਕੇਸ਼ ਕੁਮਾਰ, ਵਿੱਕੀ, ਲੋਕੇਸ਼ ਕੁਮਾਰ ਨਾਊ ਹਰੀਸ਼ ਕਲਮਾ, ਸੰਜੀਵ ਪੰਚ, ਰੋਹਿਤ ਕੁਮਾਰ ਹਾਜ਼ਰ ਸਨ।



# ਇੰਜੀਨੀਅਰ-ਇਨ-ਚੀਫ਼ ਗੁਰਦੀਪ ਸਿੰਘ ਨੂੰ ਸੇਵਾ-ਮੁਕਤੀ ਮੌਕੇ ਵਿਦਾਇਗੀ ਪਾਰਟੀ

**ਐਸ ਏ ਐਸ ਨਗਰ (ਕ੍ਰਿਸ਼ਨ ਗਰਗ)**- ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਇੰਜੀਨੀਅਰ-ਇਨ-ਚੀਫ਼ ਗੁਰਦੀਪ ਸਿੰਘ ਨੂੰ ਉਨ੍ਹਾਂ ਦੀ ਸੇਵਾ-ਮੁਕਤੀ ਮੌਕੇ ਵਿਦਾਇਗੀ ਪਾਰਟੀ ਦਿੱਤੀ। ਇਸ ਮੌਕੇ ਅਧਿਕਾਰੀਆਂ ਦੀ ਇਕੱਤਰਤਾ ਵਿਚ ਆਪਣੇ ਵਿਚਾਰ ਰੱਖਦਿਆਂ ਬਰਸਟ ਨੇ ਕਿਹਾ ਕਿ ਗੁਰਦੀਪ ਸਿੰਘ ਵੱਲੋਂ ਵੱਖ-ਵੱਖ ਅਹੁਦਿਆਂ ਉੱਤੇ ਰਹਿੰਦਿਆਂ ਹੋਇਆਂ 37 ਸਾਲ 4 ਮਹੀਨੇ ਸੂਬੇ ਅਤੇ ਪੰਜਾਬ ਮੰਡੀ ਬੋਰਡ ਦੀ ਸੇਵਾ ਕੀਤੀ ਗਈ ਹੈ। ਬਤੌਰ ਇੰਜੀਨੀਅਰ-ਇਨ-ਚੀਫ਼ ਕਮ ਚੀਫ਼ ਵਿਜੀਲੈਂਸ ਅਫ਼ਸਰ (ਵਿੰਗ) ਰਹਿੰਦਿਆਂ ਪੰਜਾਬ ਮੰਡੀ ਬੋਰਡ ਤੇ ਇਸ ਦੇ ਮੁਲਾਜ਼ਮਾਂ ਦੇ ਸਰਬਪੱਖੀ ਵਿਕਾਸ ਲਈ ਹਮੇਸ਼ਾ ਤੱਤਪਰ ਰਹੇ ਹਨ। ਆਪਣੀਆਂ ਸੇਵਾਵਾਂ ਦੌਰਾਨ. ਗੁਰਦੀਪ ਸਿੰਘ ਵੱਲੋਂ ਪੰਜਾਬ ਮੰਡੀ ਬੋਰਡ ਨਾਲ ਸਬੰਧਤ ਹਰ ਪੱਖ ਤੋਂ ਅਹਿਮ ਫੈਸਲੇ ਲੈਂਦੇ ਹੋਏ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ। ਇਸ ਮੌਕੇ ਸੇਵਾ-ਮੁਕਤ ਹੋ ਰਹੇ ਇੰਜੀਨੀਅਰ-ਇਨ-ਚੀਫ਼. ਗੁਰਦੀਪ ਸਿੰਘ ਨੇ ਚੇਅਰਮੈਨ ਹਰਚੰਦ ਸਿੰਘ ਬਰਸਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਪ੍ਰਗਟਾਏ ਭਰੋਸੇ ਸਦਕਾ ਹੀ ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਰਹੇ ਹਨ ਅਤੇ ਇਹ ਸਮਾਂ ਉਨ੍ਹਾਂ ਨੂੰ ਪੂਰਾ ਜੀਵਨ ਯਾਦ ਰਹੇਗਾ। ਇਸ ਮੌਕੇ ਗੀਤਿਕਾ ਸਿੰਘ ਸੰਯੁਕਤ ਸਕੱਤਰ, ਜਤਿੰਦਰ ਸਿੰਘ ਭੰਗੂ ਮੁੱਖ ਇੰਜੀਨੀਅਰ, ਗੁਰਿੰਦਰ ਸਿੰਘ ਚੀਮਾ ਮੁੱਖ ਇੰਜੀਨੀਅਰ, ਮਨਜੀਤ ਸਿੰਘ ਸੰਧੂ, ਜੀ.ਐਮ. ਸਮੇਤ ਸਮੂਹ ਉੱਚ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੇ ਗੁਰਦੀਪ ਸਿੰਘ ਨੂੰ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਫੋਰੈਂਸਿਕ ਵਿਗਿਆਨ ’ਚ 50 ਏਕੜ ’ਚ ਸਥਾਪਤ ਕੀਤੇ ਜਾਣ ਵਾਲਾ ਵਧੀਆ ਕੇਂਦਰ : ਅਮਿਤ ਸ਼ਾਹ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਰਿਆਣਾ ਵਿਚ ਫੋਰੈਂਸਿਕ ਵਿਗਿਆਨ ਵਿਚ ਸਿਖਲਾਈ ਅਤੇ ਲੈਬ ਪ੍ਰੀਖਣ ਸਹੂਲਤਾਂ ਲਈ ਲਗਭਗ 50 ਏਕੜ ਵਿਚ ਸਥਾਪਿਤ ਕੀਤੇ ਜਾਣ ਵਾਲਾ ਵਧੀਆ ਕੇਂਦਰ ਵਿਚ ਇਕ ਸਿਖਲਾਈ ਸੰਸਥਾਨ ਦੀ ਸਥਾਪਨਾ ਕਰਨ ਦੇ ਪ੍ਰਸਤਾਵ ਰੱਖਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਇਸ ਦੀ ਸਥਾਪਨਾ ਲਈ ਪੂਰੀ ਵਿਵਸਥਾ ਕਰੇਗੀ। ਅਮਿਤ ਸ਼ਾਹ ਅੱਜ ਪੰਚਕੂਲਾ ਵਿਚ ਚਿੰਹਿਤ ਅਪਰਾਧ ਮਾਮਲਿਆਂ ਲਈ ਫੋਰੈਂਸਿਕ ਵਿਗਿਆਨ ਵਿਚ ਸਿਖਲਾਈ ਅਤੇ ਲੈਬ ਪ੍ਰੀਖਣ ਸਹੂਲਤਾਂ ਵਿਚ ਵਧੀਆ ਕੇਂਦਰ ਦੀ ਸਥਾਪਨਾ ਲਈ ਹਰਿਆਣਾ ਸਰਕਾਰ ਅਤੇ ਕੌਮੀ ਫੋਰੈਂਸਿਕ ਵਿਗਿਆਨ ਯੂਨੀਵਰਸਿਟੀ, ਗਾਂਧੀਨਗਰ, ਗੁਜਰਾਤ ਵਿਚਕਾਰ ਐਮ ਓ ਯੂ ਹਸਤਾਖਰ ਸਮਾਰੋਹ ਵਿਚ ਬੋਲ ਰਹੇ ਸਨ। ਅਮਿਤ ਸ਼ਾਹ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਨੂੰ ਸੁਝਾਅ ਦਿੰਦੇ ਹੋਏ ਕਿਹਾ ਕਿ ਇਸ ਕੇਂਦਰ ਦੀ ਪਲਾਨਿੰਗ ਦੌਰਾਨ ਇੱਕੋ ਇਕ ਸਿਖਲਾਈ ਸੰਸਥਾਨ ਸਥਾਪਿਤ ਕਰਨ ’ਤੇ ਧਿਆਨ ਦਿੱਤਾ ਜਾਵੇ। ਇਸ ਦੇ ਨਾਲ-ਨਾਲ ਇਕ ਹੋਸਟਲ ਵੀ ਬਣਾਇਆ ਜਾਵੇ ਤਾਂ ਜੋ ਇੱਥੇ ਪੁਲਸ ਅਧਿਕਾਰੀਆਂ ਅਤੇ ਨਿਆਂ ਅਧਿਕਾਰੀਆਂ ਨੂੰ ਵੀ ਸਿਖਲਾਈ ਦਿੱਤੀ ਜਾ ਸਕੇ। ਉਨ੍ਹਾਂ ਇਸ ਮੌਕੇ ਹਰਿਆਣਾ ਵਾਸੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਹਰਿਆਣਾ ਸਰਕਾਰ ਨੇ ਅੱਜ ਨੈਸ਼ਨਲ ਫੋਰੈਂਸਿਕ ਸਾਇੰਸ ਯੂਨੀਵਰਸਿਟੀ ਨਾਲ ਜੁੜ ਕੇ ਅਪਰਾਧ ਨਿਆਂ ਵਿਵਸਥਾ ਨੂੰ ਵਧੀਆ ਬਣਾਉਣ ਲਈ ਵਿਗਿਆਨਕ ਆਕਾਰ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਐਨ ਐਫ ਐਸ ਯੂ ਯੂਨੀਵਰਸਿਟੀ ਮੌਜੂਦਾ ਵਿਚ 9 ਸੂਬਿਆਂ ਵਿਚ ਆਪਣਾ ਕੈਂਪ ਸਥਾਪਿਤ ਕਰ ਚੁੱਕੀ ਹੈ। ਇਸ ਮੌਕੇ ਕੇਂਦਰੀ ਊਰਜਾ, ਹਾਊਸਿੰਗ ਅਤੇ ਸ਼ਹਿਰੀ ਮਾਮਲੇ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਸਾਲ 2022 ’ਚ ਸੂਰਜਕੁੰਡ ਵਿਚ ਇਸ ਕੇਂਦਰ ਦੀ ਸਥਾਪਨਾ ਦੀ ਪਰਿਕਲਪਨਾ ਰੱਖੀ ਗਈ ਸੀ ਅਤੇ ਅੱਜ ਇਸ ਐਮ ਓ ਯੂ ਰਾਹੀਂ ਇਸ ਪਰਿਕਲਪਨਾ ਨੂੰ ਅਸਲ ਰੂਪ ਦਿੱਤਾ ਜਾ ਰਿਹਾ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਨੇ ਕਿਹਾ ਕਿ ਇਸ ਕੇਂਦਰ ਦੀ ਸਥਾਪਨਾ ਨਾਲ ਹਰਿਆਣਾ ਸੂਬੇ ਨੂੰ ਅਪਰਾਧਕ ਨਿਆਂ ਸਿਸਟਮ ਵਿਚ ਬਹੁਤ ਲਾਭ ਮਿਲਣ ਵਾਲਾ ਹੈ। ਨੈਸ਼ਨਲ ਫੋਰੈਂਸਿਕ ਸਾਇੰਸ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ.ਜੇ ਐਮ ਵਿਆਸ ਨੇ ਕਿਹਾ ਕਿ ਇਸ ਕੇਂਦਰ ਦੀ ਸਥਾਪਨਾ ਨਾਲ ਹਰਿਆਣਾ ਦੀ ਫੋਰੈਂਸਿਕ ਕੈਪੇਬਿਲਿਟੀ ਵਧਣ ਜਾ ਰਹੀ ਹੈ, ਇਸ ਨਾਲ ਪੂਰੇ ਅਪਰਾਧਿਕ ਨਿਆਂ ਵਿਵਸਥਾ ਨੂੰ ਫਾਇਦਾ ਮਿਲੇਗਾ। ਹਰਿਆਣਾ ਸੂਬੇ ਨੇ ਇਸ ਦਿਸ਼ਾ ਵਿਚ ਪਹਿਲ ਕੀਤੀ ਹੈ ਅਤੇ ਇੱਥੇ ਵਲਡ ਕਲਾਸ ਲੈਬ ਸਥਾਪਿਤ ਕਰ ਰਹੇ ਹਨ। ਮੁੱਖ ਸਕੱਤਰ ਟੀ ਵੀ ਐਸ ਐਨ ਪ੍ਰਸਾਦ ਨੇ ਕਿਹਾ ਕਿ ਇਹ ਵਿਸ਼ਵ ਪੱਧਰੀ ਕੇਂਦਰ ਆਪਣੀ ਤਰ੍ਹਾਂ ਦਾ ਪਹਿਲਾ ਕੇਂਦਰ ਹੋਵੇਗਾ, ਜਿੱਥੇ ਐਨ ਐਫ ਐਸ ਯੂ ਅਤਿਆਧੁਨਿਕ ਤਕਨੀਕ ਦਾ ਸਹਿਯੋਗ ਦੇਵੇਗਾ ਅਤੇ ਫੋਰੈਂਸਿਕ ਸਬੂਤਾਂ ਨੂੰ ਸੰਭਾਲਣ, ਇਕੱਠਾ ਕਰਨ ਅਤੇ ਪੇਸ਼ ਕਰਨ ਵਿਚ ਕਾਨੂੰਨੀ ਅਧਿਕਾਰੀਆਂ ਅਤੇ ਜਾਂਚ ਅਧਿਕਾਰੀਆਂ ਨੂੰ ਸਿਖਲਾਈ ਦਿੱਤੀ ਜਾਵੇਗੀ।

# ਕਿਸਾਨਾਂ ਨਾਕਸ ਬਿਜਲੀ ਸਪਲਾਈ ਵਿਰੁੱਧ ਨੈਸ਼ਨਲ ਹਾਈਵੇ ਕੀਤਾ ਜਾਮ

**ਖਰੜ (ਹਰਨਾਮ ਸਿੰਘ ਡੱਲਾ)**-ਪੰਜਾਬ ਸਰਕਾਰ ਵਲੋਂ ਝੋਨੇ ਦੇ ਸੀਜ਼ਨ ਵਿੱਚ ਬਿਜਲੀ ਸਪਲਾਈ ਵਿੱਚ ਵਿਘਨ ਨਾ ਪੈਣ ਦੇਣ ਦੇ ਦਾਅਵੇ ਝੂਠੇ ਸਾਬਤ ਹੁੰਦੇ ਦਿਖਾਈ ਦਿੰਦੇ ਹਨ। ਜਦੋਂ ਖਰੜ ਸ਼ਹਿਰ ਦੇ ਲੋਕ ਅਤੇ ਇਥੋਂ ਦੀਆਂ ਕਿਸਾਨ ਜਥੇਬੰਦੀਆਂ ਸੜਕਾਂ ਉੱਤੇ ਉੱਤਰ ਕੇ ਰੋਸ ਮੁਜ਼ਾਹਰੇ ਕਰ ਰਹੀਆਂ ਹਨ। ਦੂਜੇ ਪਾਸੇ ਬਿਜਲੀ ਵਿਭਾਗ ਦੇ ਅਧਿਕਾਰੀ ਲੋਕ ਰੋਹ ਤੋਂ ਬਚਣ ਲਈ ਗਰਮੀ ਦੇ ਸੀਜ਼ਨ ਵਿੱਚ ਆਪਣੀਆਂ ਮਜਬੂਰੀਆਂ ਦੱਸ ਕੇ ਬਿਜਲੀ ਸਪਲਾਈ ਦਰੁਸਤ ਕਰਨ ਵਿੱਚ ਲੱਗੇ ਹੋਏ ਹਨ। ਦੂਜੇ ਪਾਸੇ ਕਿਸਾਨ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਜ਼ਿਲ੍ਹਾ ਮੋਹਾਲੀ ਦੇ ਪ੍ਰਧਾਨ ਦਵਿੰਦਰ ਸਿੰਘ ਦੇਹ ਕਲਾਂ ਅਤੇ ਜਨਰਲ ਸਕੱਤਰ ਜਸਪਾਲ ਸਿੰਘ ਨਿਆਮੀਆਂ ਦੇ ਸੱਦੇ ਉੱਤੇ ਪਿੰਡਾਂ ਦੇ ਸੈਕੜੇ ਕਿਸਾਨਾਂ ਨੇ ਖਰੜ ਪਹੁੰਚ ਕੇ ਹਾਈਵੇ ਉੱਤੇ ਜਾਮ ਲਗਾ ਦਿੱਤਾ। ਜਿਸ ਕਰਕੇ ਮੁਸਾਫਰਾਂ ਨੂੰ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪਿਆ। ਕਿਸਾਨ ਆਗੂ ਦਵਿੰਦਰ ਸਿੰਘ ਦੇਹ ਕਲਾਂ ਅਤੇ ਜਸਪਾਲ ਸਿੰਘ ਨਿਆਮੀਆਂ ਨੇ ਕਿਹਾ ਕਿ ਬਿਜਲੀ ਸਪਲਾਈ ਦੇ ਦੁਰਪ੍ਰਬੰਧ ਕਰਕੇ ਕਿਸਾਨਾਂ ਨੂੰ ਝੋਨੇ ਦੀ ਲੁਆਈ ਲਈ ਬਹੁਤ ਪ੍ਰੇਸ਼ਾਨੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਬਿਜਲੀ ਵਿਭਾਗ ਨੂੰ ਵਾਰ ਵਾਰ ਕਹਿ ਚੁੱਕੇ ਹਾਂ ਕਿ ਝੋਨੇ ਦੀ ਲੁਆਈ ਦੇ ਸੀਜ਼ਨ ਵਿੱਚ ਕਿਸਾਨਾਂ ਨੂੰ ਪੂਰੀ ਸਪਲਾਈ ਨਹੀਂ ਮਿਲ ਰਹੀ। ਇਸੇ ਕਰਕੇ ਕਿਸਾਨਾਂ ਨੂੰ ਅੱਜ ਰੋਸ ਪ੍ਰਦਰਸ਼ਨ ਕਰਨਾ ਪਿਆ ਹੈ। ਘੰਟਿਆਂ ਬੱਧੀ ਜਾਮ ਤੋਂ ਬਾਅਦ ਬਿਜਲੀ ਨਿਗਮ ਦੇ ਅਧਿਕਾਰੀਆਂ ਵਲੋਂ ਠੀਕ ਬਿਜਲੀ ਸਪਲਾਈ ਦੇਣ ਦੇ ਵਿਸ਼ਵਾਸ ਤੋਂ ਬਾਅਦ ਕਿਸਾਨਾਂ ਨੂੰ ਸ਼ਾਂਤ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਸਥਾਨਕ ਲੋਕਾਂ ਨੇ ਨਾਕਸ ਬਿਜਲੀ ਪ੍ਰਬੰਧਾਂ ਕਰਕੇ ਰੰਧਾਵਾ ਰੋਡ ਉੱਤੇ ਜਾਮ ਲਗਾ ਕੇ ਬਿਜਲੀ ਕਾਮਿਆਂ ਨੂੰ ਘੇਰੀ ਰੱਖਿਆ ਸੀ। ਜਿਸ ਨੂੰ ਸ਼ਾਂਤ ਕਰਨ ਲਈ ਜਨ ਹਿੱਤ ਵਿਕਾਸ ਕਮੇਟੀ ਖਰੜ ਦੇ ਪ੍ਰਧਾਨ ਰਣਜੀਤ ਸਿੰਘ ਹੰਸ ਨੇ ਲੋਕਾਂ ਨੂੰ ਅਪੀਲ ਕਰਕੇ ਮਾਮਲਾ ਠੰਢਾ ਕੀਤਾ ਸੀ। ਹੰਸ ਨੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਬਿਜਲੀ ਨਿਗਮ ਦੇ ਐਕਸੀਅਨ ਨੇ ਭਰੋਸਾ ਦਿਵਾਇਆ ਹੈ ਕਿ ਜਲਦੀ ਹੀ ਸਪਲਾਈ ਸ਼ੁਰੂ ਹੋ ਜਾਵੇਗੀ ਕਿਉਂਕਿ ਮੌਸਚਰ ਵਧ ਜਾਣ ਕਰਕੇ ਬਹੁਤ ਸਾਰੇ ਟੈਕਨੀਕਲ ਨੁਕਸ ਠੀਕ ਕਰਨ ਲਈ ਸਮਾਂ ਲੱਗ ਜਾਂਦਾ ਹੈ। ਇਸ ਤੋਂ ਬਾਅਦ ਹੀ ਲੋਕ ਸ਼ਾਂਤ ਹੋਏ ਸਨ।



# ਅਪਾਹਜ ਹੋਣ ਦੇ ਬਾਵਜੂਦ ਰੂਸੀ ਫੌਜ ਨੇ ਮਨਦੀਪ ਨੂੰ ਜਬਰੀ ਕੀਤਾ ਭਰਤੀ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**-ਬੇਹਤਰ ਭਵਿੱਖ ਦੇ ਸੁਫਨੇ ਲੈ ਕੇ ਦਸੰਬਰ 2023 ਨੂੰ ਵਿਦੇਸ਼ ਨੂੰ ਨਿਕਲੇ ਮਨਦੀਪ ਕੁਮਾਰ ਨੇ ਕਦੇ ਨਹੀਂ ਸੀ ਸੋਚਿਆ ਕਿ ਉਸ ਨੂੰ ਆਧੁਨਿਕ ਹਥਿਆਰਾਂ ਨਾਲ ਲੈਸ ਹੋ ਕੇ ਯੂਕਰੇਨ ਦੀਆਂ ਫੌਜਾਂ ਦਾ ਸਾਹਮਣਾ ਕਰਨਾ ਪਵੇਗਾ। ਗੁਰਾਇਆ ਦੇ ਰਹਿਣ ਵਾਲੇ ਜਗਦੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਭਰਾ ਮਨਦੀਪ ਕੁਮਾਰ ਨੂੰ ਬੜੇ ਚਾਵਾਂ ਨਾਲ ਘਰੋਂ ਆਰਮੀਨੀਆ ਭੇਜਿਆ ਸੀ ਤਾਂ ਜੋ ਘਰ ਦਾ ਚੁੱਲ੍ਹਾ ਬਲਦਾ ਰਹੇ। ਟਰੈਵਲ ਏਜੰਟ ਨੇ ਉਸ ਦੇ ਭਰਾ ਨੂੰ ਆਰਮੀਨੀਆ ਭੇਜਣ ਲਈ 1 ਲੱਖ 80 ਹਜ਼ਾਰ ਰੁਪਏ ਨਕਦ ਲਏ ਸਨ। ਜਗਦੀਪ ਨੇ ਦੱਸਿਆ ਕਿ ਉਸ ਦੇ ਭਰਾ ਮਨਦੀਪ ਅਤੇ ਚਾਰ ਹੋਰ ਦੋਸਤਾਂ ਨੇ ਟਰੈਵਲ ਏਜੰਟ ਰਾਹੀ ਇਟਲੀ ਜਾਣ ਦਾ ਵਿਚਾਰ ਬਣਾਇਆ। ਟਰੈਵਲ ਏਜੰਟ ਨੇ ਵੀ ਉਨ੍ਹਾਂ ਨੂੰ ਉਨ੍ਹਾਂ ਦੀ ਆਰਮੀਨੀਆ ਤੋਂ ਸਿੱਧੀ ਫਲਾਇਟ ਇਟਲੀ ਤੱਕ ਕਰਵਾਉਣ ਲਈ ਭਰਮਾ ਲਿਆ। ਜਗਦੀਪ ਨੇ ਦੱਸਿਆ ਕਿ ਆਰਮੀਨੀਆ ਵਿੱਚ ਉਸ ਦੇ ਭਰਾ ਨੂੰ ਮਿਲੇ ਹੋਰ 4 ਦੋਸਤਾਂ ਨਾਲ ਉਹ ਇਟਲੀ ਜਾਣ ਲਈ ਤਿਆਰ ਹੋ ਗਿਆ ਤੇ ਟਰੈਵਲ ਏਜੰਟ ਨੇ ਉਨ੍ਹਾਂ ਪੰਜਾਂ ਕੋਲੋਂ 31 ਲੱਖ 40 ਹਜ਼ਾਰ ਰੁਪਏ ਲਏ ਸਨ। ਉਨ੍ਹਾਂ ਨੂੰ ਹਵਾਈ ਜ਼ਹਾਜ਼ ਰਾਹੀ ਇਟਲੀ ਭੇਜਣ ਦੀ ਥਾਂ ਏਜੰਟ ਨੇ ਧੋਖੇ ਨਾਲ ਰੂਸ ਦੀ ਰਾਜਧਾਨੀ ਮਾਸਕੋ ਜਾ ਉਤਾਰਿਆ। ਇੱਥੇ ਹੀ ਟਰੈਵਲ ਏਜੰਟਾਂ ਨੇ ਉਸ ਦੇ ਭਰਾ ਦੀ ਕੁੱਟਮਾਰ ਕੀਤੀ ਤੇ ਬਲੈਕਮੈਲ ਕੀਤਾ ਕਿ ਜੇਕਰ ਉਨ੍ਹਾਂ ਨੇ ਹੋਰ ਪੈਸੇ ਨਾ ਦਿੱਤਾ ਤਾਂ ਮਨਦੀਪ ਦਾ ਹਸ਼ਰ ਮਾੜਾ ਹੋਵੇਗਾ।ਉਨ੍ਹਾਂ ਦੱਸਿਆ ਕਿ ਮਨਦੀਪ ਕੁਮਾਰ ਨਾਲ 3 ਮਾਰਚ ਨੂੰ ਹੀ ਅਖੀਰ ਵਾਰ ਗੱਲ ਹੋਈ ਸੀ। ਉਸ ਵੱਲੋਂ ਕੀਤੀ ਵੀਡਿਓ ਕਾਲ ਵਿੱਚ ਉਹ ਫੌਜ ਦੀ ਵਰਦੀ ਵਿੱਚ ਨਜ਼ਰ ਆਇਆ ਸੀ ਤੇ ਫੌਜੀ ਇਲਾਕੇ ਨੂੰ ਦਿਖਾ ਰਿਹਾ ਸੀ। ਮਨਦੀਪ ਦੇ ਆਖਰੀ ਸ਼ਬਦ ਸਨ ਕਿ ਉਸ ਨੂੰ ਰੂਸੀ ਫੌਜ ਵਿੱਚੋਂ ਕਢਵਾ ਲਵੋ ਨਹੀ ਤਾਂ ਉਸ ਨੂੰ ਮਾਰ ਦਿੱਤਾ ਜਾਵੇਗਾ। ਮੁੜ ਉਸ ਦਾ ਕੋਈ ਥਹੁ ਪਤਾ ਨਹੀਂ ਲੱਗਾ।ਇੱਥੇ ਮਨਦੀਪ ਦੇ ਪਰਵਾਰ ਦੀ ਚਿੰਤਾ ਉਸ ਵੇਲੇ ਹੋਰ ਵੀ ਵੱਧ ਗਈ ਸੀ ਕਿ ਜਦੋਂ ਅਜਿਹੀਆਂ ਖਬਰਾਂ ਆ ਰਹੀਆਂ ਸਨ ਕਿ ਰੂਸੀ ਫੌਜ ਵਾਲੇ ਭਾਰਤੀ ਮੁੰਡਿਆ ਨੂੰ ਜਬਰੀ ਡਰਾ ਧਮਕਾ ਕੇ ਫੌਜ ਵਿੱਚ ਭਰਤੀ ਕਰ ਰਹੇ ਹਨ। ਇਹ ਖਬਰਾਂ ਵੀ ਆ ਰਹੀਆਂ ਸਨ ਕਿ ਭਰਤੀ ਕੀਤੇ ਇਨ੍ਹਾਂ ਨੌਜਵਾਨਾਂ ਨੂੰ ਰੂਸ ਦੀ ਯੂਕਰੇਨ ਨਾਲ ਚੱਲ ਰਹੀ ਜੰਗ ਵਿੱਚ ਭੇਜਿਆ ਜਾ ਰਿਹਾ ਹੈ। ਜਗਦੀਪ ਨੇ ਦੱਸਿਆ ਕਿ ਉਸ ਨੂੰ ਮਨਦੀਪ ਨੇ ਇਹ ਵੀ ਦੱਸਿਆ ਸੀ ਕਿ ਜਿੱਥੇ ਉਹ ਜਾ ਰਿਹਾ ਹੈ ਉਸ ਨਾਲ 40 ਦੇ ਕਰੀਬ ਹੋਰ ਪੰਜਾਬੀ ਨੌਜਵਾਨ ਮੁੰਡੇ ਸਨ ਜਿਨ੍ਹਾਂ ਨੂੰ ਜਬਰੀ ਭਰਤੀ ਕੀਤਾ ਹੋਇਆ ਹੈ। ਜਗਦੀਪ ਨੇ ਦੱਸਿਆ ਕਿ ਉਸ ਦੇ ਬਜ਼ੁਰਗ ਮਾਤਾ ਪਿਤਾ ਮਨਦੀਪ ਨੂੰ ਲੈ ਕੇ ਬਹੁਤ ਪ੍ਰੇਸ਼ਾਨ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਅਜਿਹੀਆਂ ਖਬਰਾਂ ਨੇ ਅਸਲੋਂ ਹੀ ਤੋੜ ਕੇ ਰੱਖ ਦਿੱਤਾ ਸੀ ਜਦੋਂ ਇਹ ਪਤਾ ਲੱਗਾ ਕਿ ਰੂਸ ਦੀ ਫੌਜ ਭਰਤੀ ਹੋਏ ਪੰਜਾਬੀ ਨੌਜਵਾਨਾਂ ਦੀ ਮੌਤ ਹੋ ਗਈ ਹੈ। ਅਜੇ ਤੱਕ ਵੀ ਮਨਦੀਪ ਨਾਲ ਕੋਈ ਸੰਪਰਕ ਨਹੀ ਹੋਇਆ ਤੇ ਉਹ ਕਿਸ ਹਾਲ ਵਿੱਚ ਹੈ। ਜਗਦੀਪ ਨੇ ਦੱਸਿਆ ਕਿ ਉਨ੍ਹਾਂ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਤੱਕ ਪਹੁੰਚ ਕੀਤੀ ਕਿ ਉਨ੍ਹਾਂ ਦੇ ਅਪਾਹਜ ਭਰਾ ਮਨਦੀਪ ਕੁਮਾਰ ਨੂੰ ਰੂਸੀ ਫੌਜ ਦੀ ਗ੍ਰਿਫਤ ਵਿੱਚੋਂ ਛੁਡਵਾਇਆ ਜਾਵੇ ਤੇ ਵਾਪਸ ਭਾਰਤ ਲਿਆਂਦਾ ਜਾਵੇ। ਇਸ ਮੌਕੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਸ ਮਾਮਲੇ ਨੂੰ ਪੱਤਰ ਰਾਹੀਂ ਵਿਦੇਸ਼ ਮੰਤਰਾਲੇ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਸਹੀ ਜਾਣਕਾਰੀ ਤੋਂ ਕਿਸੇ ਠੱਗ ਟਰੈਵਲ ਏਜੰਟ ਦੇ ਹੱਥੇ ਚੜ੍ਹ ਕੇ ਵਿਦੇਸ਼ਾਂ ਵਿੱਚ ਆਪਣੀਆਂ ਕੀਮਤੀਆਂ ਜਾਨਾਂ ਨੂੰ ਜੋਖਮ ਵਿੱਚ ਨਾ ਪਾਉਣ।



# ਵਿਦਿਆਰਥੀਆਂ ਘਰ ਦੀਆਂ ਛੱਤਾਂ ’ਤੇ ਪੰਛੀਆਂ ਲਈ ਪਾਣੀ ਰੱਖਿਆ



**ਜਲੰਧਰ, (ਇਕਬਾਲ ਸਿੰਘ ਉਭੀ)**- ਗਰਮੀਆਂ ਦੀਆਂ ਛੁੱਟੀਆਂ ਦੌਰਾਨ ਸੇਂਟ ਸੋਲਜਰ ਗਰੁੱਪ ਔਫ ਇੰਸਟੀਚਿਊਸ਼ਨਜ਼ ਦੀਆਂ ਵੱਖ ਵੱਖ ਸਕੂਲ ਸ਼ਾਖਾਵਾਂ ਦੇ ਵਿਦਿਆਰਥੀਆਂ ਨੇ ਘਰ ਵਿੱਚ ਹੋਣ ਦੇ ਬਾਵਜੂਦ ਘਰ ਦੀ ਛੱਤ ’ਤੇ ਪੰਛੀਆਂ ਲਈ ਪਾਣੀ ਤੇ ਭੋਜਨ ਰੱਖ ਕੇ ਆਪਣੀ ਰਚਨਾਤਮਕਤਾ ਅਤੇ ਗਿਆਨ ਦਾ ਪ੍ਰਦਰਸ਼ਨ ਕੀਤਾ। ਜਿਸ ਦੀ ਅਗਵਾਈ ਸਕੂਲ ਪ੍ਰਿੰਸੀਪਲਾਂ ਦੀ ਦੇਖ ਰੇਖ ਹੇਠ ਕੀਤਾ ਗਿਆ। ਵਿਦਿਆਰਥੀਆਂ ਨੇ ਰੰਗਦਾਰ ਪੰਛੀ ਘਰ ਬਣਾ ਕੇ ਆਪਣੀ ਕਲਾ ਦਾ ਪ੍ਰਗਟਾਵਾ ਕੀਤਾ। ਵਿਦਿਆਰਥੀਆਂ ਨੇ ਉਨ੍ਹਾਂ ਲਈ ਅਨਾਜ ਅਤੇ ਪਾਣੀ ਰੱਖਿਆ। ਵਿਦਿਆਰਥੀਆਂ ਨੇ ਕੁਦਰਤ ਦੇ ਨਾਲ-ਨਾਲ ਆਪਣੇ ਜੀਵਨ ਵਿੱਚ ਪੰਛੀਆਂ ਦੀ ਮਹੱਤਤਾ ਨੂੰ ਵੀ ਸਮਝਿਆ। ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਦੀ ਰਚਨਾਤਮਕਤਾ ਅਤੇ ਇਨ੍ਹਾਂ ਜੀਵਾਂ ਨੂੰ ਸਮਝਣ ਲਈ ਉਨ੍ਹਾਂ ਦੇ ਉਤਸ਼ਾਹ ਅਤੇ ਸਮਰਪਣ ਦੀ ਸ਼ਲਾਘਾ ਕੀਤੀ।

# ਸਿਹਤ ਵਿਭਾਗ ਪਹਿਲੀ ਤੋਂ ਚਲਾਏਗਾ ‘ਦਸਤ-ਰੋਕੂ ਮੁਹਿੰਮ’ : ਸਿਵਲ ਸਰਜਨ

**ਮੋਹਾਲੀ (ਗੁਰਜੀਤ ਬਿੱਲਾ)**- ਡਾਇਰੀਆ ਦੀ ਰੋਕਥਾਮ ਅਤੇ ਇਸ ਬੀਮਾਰੀ ਕਾਰਨ ਬੱਚਿਆਂ ਦੀਆਂ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਲਈ ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ 1 ਜੁਲਾਈ ਤੋਂ 31 ਅਗਸਤ ਤਕ ਦਸਤ ਰੋਕੂ ਮੁਹਿੰਮ ਸ਼ੁਰੂ ਹੋ ਰਹੀ ਹੈ।ਇਸ ਸਬੰਧ ’ਚ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਅਤੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਗਿਰੀਸ਼ ਡੋਗਰਾ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਜਿਥੇ ਪੰਜ ਸਾਲ ਦੀ ਉਮਰ ਤੱਕ ਦੇ ਬੱਚਿਆਂ ਦੀ ਮੌਤ ਦਰ ਨੂੰ ਘਟਾਉਣਾ ਹੈ, ਉਥੇ ਡਾਇਰੀਆ ਨਾਲ ਹੋਣ ਵਾਲੀਆਂ ਮੌਤਾਂ ਨੂੰ ਸਿਫ਼ਰ ’ਤੇ ਲਿਆਉਣਾ ਹੈ। ਉਨ੍ਹਾਂ ਦਸਿਆ ਕਿ ਇਸ ਮੁਹਿੰਮ ਦੌਰਾਨ ਜ਼ਿਲ੍ਹੇ ’ਚ 0-5 ਸਾਲ ਤਕ ਦੇ 156830 ਬੱਚਿਆਂ ਨੂੰ ਕਵਰ ਕੀਤਾ ਜਾਵੇਗਾ।ਸਿਹਤ ਅਧਿਕਾਰੀਆਂ ਨੇ ਦਸਿਆ ਕਿ ਇਸ ਵਿਸ਼ੇਸ਼ ਮੁਹਿੰਮ ਸਬੰਧੀ ਜ਼ਿਲ੍ਹੇ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿਚ ਸਪੈਸ਼ਲ ਜ਼ਿੰਕ ਅਤੇ ਓ.ਆਰ.ਐਸ. ਕਾਰਨਰ ਸਥਾਪਤ ਕੀਤੇ ਗਏ ਹਨ। ਉਨ੍ਹਾਂ ਦਸਿਆ ਕਿ ਜਿਨ੍ਹਾਂ ਬੱਚਿਆਂ ਨੂੰ ਡਾਇਰੀਆ ਜਾਂ ਦਸਤ ਹੋਵੇਗਾ, ਉਨ੍ਹਾਂ ਨੂੰ ਜ਼ਿੰਕ ਦੀ ਗੋਲੀ ਖਵਾਈ ਜਾਵੇਗੀ। ਇਸ ਤੋਂ ਇਲਾਵਾ ਆਸ਼ਾ ਵਰਕਰਾਂ ਵਲੋਂ ਘਰ-ਘਰ ਜਾ ਕੇ 0 ਤੋਂ 5 ਸਾਲ ਤਕ ਦੇ ਬੱਚਿਆਂ ਨੂੰ ਓ.ਆਰ.ਐਸ. ਦੇ ਪੈਕੇਟ ਵੰਡੇ ਜਾਣਗੇ ਤਾਕਿ ਲੋੜ ਪੈਣ ’ਤੇ ਬੱਚੇ ਨੂੰ ਘਰ ਵਿਚ ਹੀ ਜੀਵਨ ਰਖਿਅਕ ਘੋਲ ਬਣਾ ਕੇ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜ਼ਿੰਕ ਦੀਆਂ ਗੋਲੀਆਂ ਅਤੇ ਓ.ਆਰ.ਐਸ. ਦੇ ਪੈਕੇਟ ਸਿਹਤ ਸੰਸਥਾਵਾਂ ਵਿਚ ਜਾ ਕੇ ਵੀ ਮੁਫ਼ਤ ਵਿਚ ਲਏ ਜਾ ਸਕਦੇ ਹਨ। ਉਨ੍ਹਾਂ ਦਸਿਆ ਕਿ ਇਸ ਬੀਮਾਰੀ ਦੀ ਰੋਕਥਾਮ ਲਈ ਸਿਹਤ ਟੀਮਾਂ ਵਲੋਂ ਸਕੂਲਾਂ ਅਤੇ ਆਂਗਨਵਾੜੀ ਕੇਂਦਰਾਂ ਵਿਚ ਜਾ ਕੇ ਬੱਚਿਆਂ ਅਤੇ ਅਧਿਆਪਕਾਂ ਨੂੰ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਸਿਹਤ ਅਧਿਕਾਰੀਆਂ ਨੇ ਕਿਹਾ ਕਿ ਬਰਸਾਤੀ ਮੌਸਮ ਵਿਚ ਡਾਇਰੀਆ ਦਾ ਖ਼ਤਰਾ ਵੱਧ ਜਾਂਦਾ ਹੈ, ਜਿਸ ਕਾਰਨ ਪਾਣੀ ਨੂੰ ਉਬਾਲ ਕੇ ਪੀਣਾ ਚਾਹੀਦਾ ਹੈ ਅਤੇ ਹੱਥਾਂ ਨੂੰ ਹਮੇਸ਼ਾ ਸਾਫ਼ ਰੱਖਿਆ ਜਾਵੇ। ਜੇ ਬੱਚਾ ਇਕ ਦਿਨ ਵਿਚ 3 ਵਾਰ ਤੋਂ ਵੱਧ ਪਤਲਾ ਦਸਤ ਕਰੇ ਤਾਂ ਡਾਕਟਰੀ ਸਹਾਇਤਾ ਮਿਲਣ ਤੋਂ ਪਹਿਲਾਂ ਬੱਚੇ ਨੂੰ ਓ.ਆਰ.ਐਸ. ਦਾ ਘੋਲ ਬਣਾ ਕੇ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਡਾਇਰੀਆ ਕਾਰਨ ਸਰੀਰ ਵਿਚ ਹੋਈ ਪਾਣੀ ਦੀ ਕਮੀ ਨੂੰ ਪੂਰਾ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਦਸਤ ਹੋਣ ’ਤੇ ਬੱਚੇ ਨੂੰ ਕਈ ਵਾਰ ਸਾਫ਼ਟ ਡਰਿੰਕ ਦਿਤਾ ਜਾਂਦਾ ਹੈ ਜੋ ਸਹੀ ਨਹੀਂ ਹੈ। ਦਸਤ ਵਿਚ ਖ਼ੂਨ ਆਉਣ, ਪੇਟ ਦੀ ਚਮੜੀ ਢਿੱਲੀ ਪੈਣ, ਬੱਚਾ ਸੁਸਤ ਤੇ ਨਿਢਾਲ ਹੋ ਜਾਣ ’ਤੇ ਤੁਰੰਤ ਹੀ ਉਸ ਨੂੰ ਨੇੜਲੀ ਸਿਹਤ ਸੰਸਥਾ ਵਿਚ ਲੈ ਕੇ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਰਸਾਤ ਦੇ ਮੌਸਮ ਵਿਚ ਸਾਫ਼-ਸੁਥਰੇ ਅਤੇ ਤਾਜ਼ੇ ਖਾਧ ਪਦਾਰਥਾਂ ਦੀ ਵਰਤੋਂ ਕੀਤੀ ਜਾਵੇ। ਇਸ ਤੋਂ ਇਲਾਵਾ, ਪਹਿਲੇ ਛੇ ਮਹੀਨੇ ਬੱਚੇ ਨੂੰ ਸਿਰਫ਼ ਮਾਂ ਦਾ ਦੁੱਧ ਪਿਲਾਇਆ ਜਾਵੇ ਤੇ ਦਸਤ ਦੌਰਾਨ ਵੀ ਦੁੱਧ ਪਿਲਾਉਣਾ ਬੰਦ ਨਹੀਂ ਕੀਤਾ ਜਾਣਾ ਚਾਹੀਦਾ। ਸਿਹਤ ਅਧਿਕਾਰੀਆਂ ਮੁਤਾਬਕ ਛੋਟੇ ਬੱਚਿਆਂ ਨੂੰ ਦਸਤ ਹੋਣ ’ਤੇ ਜੇ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਸਰੀਰ ਵਿਚ ਪਾਣੀ ਦੀ ਘਾਟ ਹੋਣ ਕਾਰਨ ਬੱਚੇ ਦੀ ਜ਼ਿੰਦਗੀ ਨੂੰ ਖ਼ਤਰਾ ਹੋ ਸਕਦਾ ਹੈ। ਵਧੇਰੇ ਜਾਣਕਾਰੀ ਲਈ ਸਿਹਤ ਵਿਭਾਗ ਦੇ ਹੈਲਪਲਾਈਨ ਨੰਬਰ 104 ’ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

1-JULY-PAGE-9.qxd 6/30/2024 9:36 PM Page 1



# ਮਾਨ ਸਰਕਾਰ ਨੇ ਸੁੱਕੀਆਂ ਜ਼ਮੀਨਾਂ ਤੱਕ ਪਹੁੰਚਾਇਆ ਨਹਿਰੀ ਪਾਣੀ

**ਚੰਡੀਗੜ੍ਹ, (ਗੁਰਜੀਤ ਬਿੱਲਾ)** - ਸੂਬੇ ਦੇ ਹਰ ਖੇਤ ਤੱਕ ਸਿੰਚਾਈ ਲਈ ਨਹਿਰੀ ਪਾਣੀ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਠੋਸ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਹਿਰੀ ਪਾਣੀ ਨੂੰ ਹਰ ਖੇਤ ਤੱਕ ਪਹੁੰਚਾਉਣ ਅਤੇ ਪਾਣੀ ਦੇ ਸੁਚੱਜੇ ਵਹਾਅ ਤੇ ਵੰਡ ਲਈ ਖ਼ਸਤਾ ਨਹਿਰਾਂ, ਰਜਬਾਹਿਆਂ ਅਤੇ ਮਾਈਨਰਾਂ ਨੂੰ ਸੁਰਜੀਤ ਕਰਨ ਸਣੇ ਹੋਰ ਪਾਣੀ ਪ੍ਰਬੰਧਨ ਪਹਿਲਕਦਮੀਆਂ ਕਰਕੇ ਨਵੀਆਂ ਬੁਲੰਦੀਆਂ ਨੂੰ ਛੂਹਿਆ ਹੈ।ਖੇਤਾਂ ਤੱਕ ਪਾਣੀ ਪਹੁੰਚਾਉਣ ਦੀਆਂ ਪਹਿਲਕਦਮੀ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦਿਆਂ ਜਲ ਸਰੋਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਵਿਭਾਗ ਦੇ ਠੋਸ ਯਤਨਾਂ ਸਦਕਾ ਪਿਛਲੇ ਸਾਲ ਪਹਿਲੀ ਵਾਰ ਲਗਭਗ 900 ਥਾਵਾਂ 'ਤੇ ਪਾਣੀ ਪਹੁੰਚਾਇਆ ਗਿਆ, ਜਿਨ੍ਹਾਂ ਵਿੱਚੋਂ ਕੁਝ ਥਾਵਾਂ 35-40 ਵਰ੍ਹਿਆਂ ਤੋਂ ਸੁੱਕੀਆਂ ਸਨ। ਜੌੜਾਮਾਜਰਾ ਨੇ ਦੱਸਿਆ, ਸਥਾਈ ਜਲ ਪ੍ਰਬੰਧਨ ਸਬੰਧੀ ਸਰਕਾਰ ਦੇ ਆਪਣੇ ਮਿਸ਼ਨ ਨੂੰ ਜਾਰੀ ਰੱਖਦਿਆਂ ਅਸੀਂ ਇਸ ਵਰ੍ਹੇ ਪਹਿਲਾਂ ਹੀ 114 ਸਥਾਨਾਂ 'ਤੇ ਖਾਲਿਆਂ ਨੂੰ ਬਹਾਲ ਕੀਤਾ ਹੈ। ਇਨ੍ਹਾਂ ਵਿਚੋਂ 13 ਖੇਤਰਾਂ ਨੂੰ 40 ਸਾਲਾਂ ਤੋਂ ਬਾਅਦ, ਦੋ ਖੇਤਰਾਂ ਨੂੰ 35 ਸਾਲਾਂ ਬਾਅਦ, ਪੰਜ ਖੇਤਰਾਂ ਨੂੰ 25 ਸਾਲਾਂ ਬਾਅਦ ਅਤੇ ਲਗਭਗ 50 ਥਾਵਾਂ ਨੂੰ 18 ਸਾਲਾਂ ਬਾਅਦ ਪਾਣੀ ਮਿਲਿਆ ਹੈ। ਇਹ ਖੇਤਰ ਜਲੰਧਰ, ਕਪੂਰਥਲਾ, ਐਸ.ਬੀ.ਐਸ. ਨਗਰ, ਫ਼ਤਹਿਗੜ੍ਹ ਸਾਹਿਬ, ਲੁਧਿਆਣਾ, ਪਟਿਆਲਾ, ਅੰਮ੍ਰਿਤਸਰ, ਐਸ.ਏ.ਐਸ. ਨਗਰ, ਹੁਸ਼ਿਆਰਪੁਰ, ਮੋਗਾ, ਗੁਰਦਾਸਪੁਰ, ਰੋਪੜ, ਸੰਗਰੂਰ ਅਤੇ ਮਾਲੇਰਕੋਟਲਾ ਜ਼ਿਲ੍ਹਿਆਂ ਵਿੱਚ ਹਨ।ਇਸ ਤੋਂ ਇਲਾਵਾ ਖਾਲਿਆਂ ਦੀ ਬਹਾਲੀ ਲਈ ਪਿਛਲੇ ਸਾਲ ਦੀ ਮੁਹਿੰਮ ਨੂੰ ਜਾਰੀ ਰੱਖਦਿਆਂ ਜਲ ਸਰੋਤ ਵਿਭਾਗ ਵੱਲੋਂ ਇਸ ਸਾਲ ਵੀ ਲਗਭਗ 1573 ਖਾਲਿਆਂ ਨੂੰ ਬਹਾਲ ਕੀਤਾ ਗਿਆ ਹੈ।ਸਿੰਜਾਈ ਦੇ ਬੁਨਿਆਦੀ ਢਾਂਚੇ ਵਿੱਚ ਅਹਿਮ ਪ੍ਰਾਪਤੀਆਂ ਉਜਾਗਰ ਕਰਦਿਆਂ ਜੌੜਾਮਾਜਰਾ ਨੇ ਕਿਹਾ ਕਿ ਹਾਲਾਂਕਿ ਕੰਢੀ ਨਹਿਰ ਪ੍ਰਾਜੈਕਟ ਦੋ ਦਹਾਕੇ ਪਹਿਲਾਂ ਸ਼ੁਰੂ ਹੋਇਆ ਸੀ ਪਰ ਕਿਸਾਨਾਂ ਤੱਕ ਪਾਣੀ ਨਹੀਂ ਸੀ ਪਹੁੰਚ ਸਕਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜਲ ਸਰੋਤ ਵਿਭਾਗ ਨੇ ਕੰਢੀ ਨਹਿਰੀ ਨੈਟਵਰਕ ਨੂੰ ਬਹਾਲ ਕਰਨ ਲਈ ਇੱਕ ਵਿਆਪਕ ਪੁਨਰ-ਨਿਰਮਾਣ ਮੁਹਿੰਮ ਚਲਾਈ ਜਿਸ ਦੇ ਸਿੱਟੇ ਵਜੋਂ 18 ਸਾਲਾਂ ਦੇ ਸੁੱਕੇ ਦੌਰ ਉਪਰੰਤ ਆਖ਼ਰਕਾਰ ਕੰਢੀ ਨਹਿਰ ਵਿੱਚ ਪਾਣੀ ਦਾ ਵਹਾਅ ਸ਼ੁਰੂ ਹੋਇਆ ਹੈ।ਜ਼ਿਕਰਯੋਗ ਹੈ ਕਿ ਜਿੱਥੇ ਪਿਛਲੇ ਵਰ੍ਹੇ ਬਹਾਲ ਕੀਤੇ ਨਹਿਰੀ ਖਾਲੇ ਸਰਕਾਰੀ ਜ਼ਮੀਨਾਂ 'ਤੇ ਸਨ, ਉਥੇ ਹੀ ਇਸ ਸਾਲ ਕਿਸਾਨਾਂ ਦੀ ਸਹਿਮਤੀ ਨਾਲ ਨਿੱਜੀ ਜ਼ਮੀਨਾਂ 'ਚ ਵਗਦੇ ਖਾਲਿਆਂ ਨੂੰ ਵੀ ਬਹਾਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਪਹਿਲਾਂ ਇਹ ਕੰਮ ਅਸੰਭਵ ਮੰਨਿਆ ਜਾਂਦਾ ਸੀ ਅਤੇ ਇਸ ਸਬੰਧੀ ਕੋਈ ਉਪਰਾਲਾ ਵੀ ਨਹੀਂ ਸੀ ਕੀਤਾ ਗਿਆ।ਕੈਬਨਿਟ ਮੰਤਰੀ ਨੇ ਕਿਹਾ ਕਿ ਸਿੰਜਾਈ ਨੈੱਟਵਰਕ ਨੂੰ ਮੁੜ ਸੁਰਜੀਤ ਕਰਨਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਜਲ ਸਰੋਤ ਪ੍ਰਬੰਧਨ ਅਤੇ ਪਾਣੀ ਦੀ ਸੁਚੱਜੀ ਵੰਡ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਜਿਸ ਨਾਲ ਪੂਰੇ ਖੇਤਰ ਵਿੱਚ ਖੇਤੀਬਾੜੀ ਪੈਦਾਵਾਰ ਨੂੰ ਹੁਲਾਰਾ ਮਿਲੇਗਾ।

# ਪੰਡੋਰੀ ਬੀਬੀ ਦੇ ਗੋਲੀ ਕਾਂਡ 'ਚ 7 ਖਿਲਾਫ ਇਰਾਦਾ ਕਤਲ ਦਾ ਮੁਕੱਦਮਾ ਦਰਜ



**ਮੇਹਟੀਆਣਾ, (ਜਗਤਾਰ ਸਿੰਘ ਭੁੰਗਰਨੀ)**- ਬੀਤੇ ਦਿਨ ਸ਼ਾਮ 6 ਵਜੇ ਦੇ ਕਰੀਬ ਥਾਣਾ ਮੇਹਟੀਆਣਾ ਅਧੀਨ ਪੈਂਦੇ ਪਿੰਡ ਪੰਡੋਰੀ ਬੀਬੀ ਵਿਖੇ ਜ਼ਮੀਨੀ ਵਿਵਾਦ ਨੂੰ ਲੈ ਕੇ ਚੱਲੀ ਗੋਲੀ ਦੇ ਮਾਮਲੇ ਵਿੱਚ ਸ਼ਨੀਵਾਰ ਥਾਣਾ ਮੇਹਟੀਆਣਾ ਵਿਖੇ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਵੱਲੋਂ ਪ੍ਰੈਸ ਵਾਰਤਾ ਕੀਤੀ ਗਈ। ਐਸ.ਪੀ, ਪੀ.ਬੀ.ਆਈ ਮੇਜਰ ਸਿੰਘ, ਡੀ.ਐਸ.ਪੀ ਤਫਤੀਸ਼ ਸ਼ਿਵ ਦਰਸ਼ਨ ਸਿੰਘ ਸੰਧੂ ਅਤੇ ਥਾਣਾ ਮੁਖੀ ਮੇਹਟੀਆਣਾ ਇੰਸਪੈਕਟਰ ਊਸ਼ਾ ਰਾਣੀ ਨੇ ਦੱਸਿਆ ਕਿ ਪਿੰਡ ਪੰਡੋਰੀ ਬੀਬੀ ਦੇ ਇੱਕ ਐਨ.ਆਰ.ਆਈ ਕਿਸਾਨ ਕਰਨੈਲ ਸਿੰਘ ਨੇ ਆਪਣੀ ਪੰਡੋਰੀ ਬੀਬੀ ਵਿਖੇ ਸਥਿਤ ਕੁਝ ਜ਼ਮੀਨ ਅਮਰ ਸਿੰਘ ਸਰਪੰਚ ਵਾਸੀ ਪੰਡੋਰੀ ਬੀਬੀ ਨੂੰ ਵਾਹੀ ਕਰਨ ਲਈ ਦਿੱਤੀ ਹੋਈ ਸੀ। ਕਰਨੈਲ ਸਿੰਘ ਦੀ ਮੌਤ ਹੋ ਜਾਣ ਉਪਰੰਤ ਉਸ ਦੀ ਜ਼ਮੀਨ ਉਸ ਦੇ ਪਰਵਾਰ ਦੇ ਨਾਂਅ ਹੋ ਗਈ ਅਤੇ ਸਰਪੰਚ ਨੂੰ ਦਿੱਤੀ ਹੋਈ ਉਸੇ ਜ਼ਮੀਨ ਦੀ ਮੁਨਿਆਦ ਵੀ 30 ਮਈ 2024 ਨੂੰ ਖਤਮ ਹੋ ਚੁੱਕੀ ਸੀ। ਕਰਨੈਲ ਸਿੰਘ ਦੇ ਪਰਵਾਰ ਵਾਲਿਆਂ ਨੇ ਉਕਤ ਜ਼ਮੀਨ ਮੱਖਣ ਸਿੰਘ ਵਾਸੀ ਪੰਡੋਰੀ ਬੀਬੀ ਨੂੰ ਵੇਚ ਦਿੱਤੀ। ਜ਼ਮੀਨ ਵੇਚਣ ਵਾਲੇ ਪਰਵਾਰ ਵੱਲੋਂ ਅਮਰ ਸਿੰਘ ਦੇ ਪਰਵਾਰ ਨੂੰ ਇਸ ਸਬੰਧੀ ਜਾਣਕਾਰੀ ਵੀ ਦੇ ਦਿੱਤੀ ਗਈ। ਬੀਤੇ ਦਿਨ ਜਦੋਂ ਮੱਖਣ ਸਿੰਘ ਤੇ ਉਸ ਦੇ ਪਰਵਾਰਕ ਮੈਂਬਰ ਖਰੀਦੀ ਹੋਈ ਉਸ ਜ਼ਮੀਨ ਨੂੰ ਵਾਹੁਣ ਲਈ ਗਏ ਤਾਂ ਅਮਰ ਸਿੰਘ ਤੇ ਉਸ ਦੇ ਪਰਵਾਰ ਨਾਲ ਉਨ੍ਹਾਂ ਦਾ ਟਕਰਾਅ ਹੋ ਗਿਆ। ਐਸ ਪੀ ਨੇ ਦੱਸਿਆ ਕਿ ਅਮਰ ਸਿੰਘ ਤੇ ਉਸ ਦੇ ਪਰਵਾਰ ਵੱਲੋਂ ਗੋਲੀਆਂ ਵੀ ਚਲਾਈਆਂ ਗਈਆਂ। ਸੂਚਨਾ ਮਿਲਦੇ ਹੀ ਡੀ.ਐਸ.ਪੀ ਤਫਤੀਸ਼ ਸ਼ਿਵਦਰਸ਼ਨ ਸਿੰਘ ਸੰਧੂ ਅਤੇ ਇੰਸਪੈਕਟਰ ਊਸ਼ਾ ਰਾਣੀ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ। ਮੇਹਟੀਆਣਾ ਪੁਲਸ ਨੇ ਇਸ ਮਾਮਲੇ ਵਿੱਚ 7 ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਇੱਕ ਔਰਤ ਸਣੇ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਨੇ ਮੌਕੇ ਤੋਂ ਪਿਸਤੌਲ, ਗੋਲੀਆਂ ਦੇ ਖੋਲ, ਟਰੈਕਟਰ ਅਤੇ ਕਿਰਪਾਨ ਆਦਿ ਵੀ ਬਰਾਮਦ ਕਰ ਲਏ। ਪੁਲਸ ਨੇ ਕਿਹਾ ਹੈ ਕਿ ਅਮਰ ਸਿੰਘ ਸਰਪੰਚ ਜ਼ਖਮੀ ਹਾਲਤ ਵਿੱਚ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਦਾਖਲ ਹੈ। ਉਸ ਦੀ ਡਾਕਟਰੀ ਰਿਪੋਰਟ ਅਤੇ ਉਸ ਦੇ ਬਿਆਨਾਂ ਮੁਤਾਬਕ ਜੇਕਰ ਕੋਈ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ ਵੀ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## 'ਆਪ' ਨੂੰ ਮਿਲਿਆ ਵੱਡਾ ਹੁਲਾਰਾ

**ਜਲੰਧਰ (ਸੁਰਿੰਦਰ ਕੁਮਾਰ)** ਹਲਕਾ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਨੂੰ ਵੱਡਾ ਹੁਲਾਰਾ ਮਿਲਿਆ ਹੈ। ਸ਼ਨੀਵਾਰ ਨੂੰ ਐਸ.ਸੀ ਕਮਿਸ਼ਨ ਪੰਜਾਬ ਦੇ ਮੈਂਬਰ ਰਾਜ ਕੁਮਾਰ ਮਲੋਈ ਆਪਣੇ ਸੈਂਕੜੇ ਸਾਥੀਆਂ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਉੱਥੇ ਹੀ 'ਆਪ' ਨੇ ਸ਼ਿਵ ਸੈਨਾ ਸਮਾਜਵਾਦੀ ਨੂੰ ਵੱਡਾ ਝਟਕਾ ਦਿੱਤਾ ਹੈ।ਪਾਰਟੀ ਦੇ ਰਾਸ਼ਟਰੀ ਪ੍ਰਧਾਨ ਕਮਲੇਸ਼ ਭਾਰਦਵਾਜ ਅਤੇ ਰਾਸ਼ਟਰੀ ਚੇਅਰਮੈਨ ਹਨੀ ਭਾਰਦਵਾਜ ਆਪਣੇ ਸੈਂਕੜੇ ਸਾਥੀਆਂ ਨਾਲ 'ਆਪ' ਵਿੱਚ ਸ਼ਾਮਲ ਹੋ ਗਏ।

## ਸਾਂਝ ਕੇਂਦਰ 'ਚ ਜਾਗਰੂਕਤਾ ਕੈਂਪ ਲਗਾਇਆ



**ਕਾਲਾ ਸੰਘਿਆਂ (ਮਨਜੀਤ ਮਾਨ)**— ਸਾਂਝ ਕੇਂਦਰ ਲੋਹੀਆਂ ਵੱਲੋਂ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਤਹਿਤ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਨਸ਼ਿਆਂ ਦੀ ਰੋਕਥਾਮ ਸਬੰਧੀ ਮੈਂਬਰ ਪੰਚਾਇਤ ਕੁਲਦੀਪ ਸਿੰਘ ਤੇ ਮੰਗਲ ਸਿੰਘ ਦੀ ਹਾਜ਼ਰੀ ਵਿੱਚ ਜਕੋਪੁਰ ਕਲਾਂ ਦੀ ਸੱਥ ਵਿਖੇ ਸੈਮੀਨਾਰ ਕੀਤਾ ਗਿਆ। ਸੈਮੀਨਾਰ ਵਿੱਚ ਏ ਐਸ ਆਈ ਗੁਰਦੇਵ ਸਿੰਘ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆ ਤੋਂ ਬਚ ਕੇ ਰਹਿਣ ਸਬੰਧੀ ਜਾਗਰੂਕ ਕੀਤਾ ਗਿਆ।ਸਾਂਝ ਕੇਂਦਰ ਵੱਲੋਂ ਦਿੱਤੀਆਂ ਜਾਣ ਵਾਲੀਆ ਯੁਵਾ ਸਾਂਝ ਸੇਵਾਵਾਂ ,ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਸਹਾਇਤਾ ਲਈ ਪੁਲਸ ਹੈਲਪ ਲਾਈਨ ਨੰਬਰ 181,112 ਅਤੇ 1091 ਦੀ ਵਰਤੋਂ ਅਤੇ ਸ਼ਕਤੀ ਐਪ ਅਤੇ ਸੋਸ਼ਲ ਮੀਡੀਆ ਨੰਬਰ 95179-87169 ਬਾਰੇ ਵੀ ਜਾਣਕਾਰੀ ਦਿੱਤੀ ਗਈ ।ਸੈਮੀਨਾਰ ਵਿੱਚ ਸਾਂਝ ਕੇਂਦਰ ਲੋਹੀਆਂ ਤੋਂ ਐਚ ਸੀ ਗੋਬਿੰਦਾ ਸਿੰਘ ਅਤੇ ਪਿੰਡ ਜਕੋਪੁਰ ਕਲਾਂ ਤੋਂ ਕੁਲਵੰਤ ਸਿੰਘ, ਕਸ਼ਮੀਰ ਸਿੰਘ ਤੇ ਪਿੰਡ ਦੇ ਨੌਜਵਾਨ ਆਦਿ ਹਾਜ਼ਰ ਸਨ।

# ਮਾਣਕਰਾਈ 'ਚ ਲਗਾਇਆ ਮਲੇਰੀਆ ਜਾਗਰੂਕਤਾ ਕੈਂਪ



**ਭੋਗਪੁਰ, (ਗੁਰਪ੍ਰੀਤ ਸਿੰਘ ਭੋਗਲ)**-ਸਿਵਲ ਸਰਜਨ ਜਲੰਧਰ ਡਾ. ਜਗਦੀਸ਼ ਚਾਵਲਾ ਅਤੇ ਸੀ ਐਚ ਸੀ ਕਾਲਾ ਬੱਕਰਾ ਦੇ ਸੀਨੀਅਰ ਮੈਡੀਕਲ ਅਫਸਰ ਡਾ. ਰਿਚਰਡ ਓਹਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿੰਡ ਮਾਣਕਰਾਏ ਵਿਖੇ ਮਲੇਰੀਆ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਵਿੱਚ ਅੰਮ੍ਰਿਤ ਪਾਲ ਐਸ ਆਈ ਨੇ ਦੱਸਿਆ ਕਿ ਮਲੇਰੀਆ ਬੁਖਾਰ ਐਨਾਫਲੀਜ਼ ਮਾਦਾ ਮੱਛਰ ਦੇ ਕੱਟਣ ਕਾਰਨ ਹੁੰਦਾ ਹੈ। ਇਸ ਤੋਂ ਬਚਣ ਲਈ ਸਾਨੂੰ ਘਰਾਂ ਦੇ ਆਲੇ ਦੁਆਲੇ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ ਅਤੇ ਘਰਾਂ ਵਿੱਚ ਕੂਲਰ ਦਾ ਪਾਣੀ ਹਰ ਹਫਤੇ ਸਾਫ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਗਮਲਿਆਂ, ਫਰਿਜਾਂ ਦੀਆਂ ਟਰੇਆਂ ਤੇ ਪੁਰਾਣੇ ਟਾਇਰ ਜੋ ਕਿ ਘਰ ਦੀਆਂ ਛੱਤਾਂ ਉੱਪਰ ਰੱਖੇ ਹੁੰਦੇ ਹਨ, ਉਨ੍ਹਾਂ ਵਿੱਚ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ । ਸੀ ਐਚ ਓ ਸਵਾਤੀ ਨੇ ਦੱਸਿਆ ਕਿ ਮੱਛਰ ਤੋਂ ਬਚਣ ਲਈ ਮੱਛਰਦਾਨੀ, ਕਰੀਮਾਂ, ਤੇਲ ਅਤੇ ਆਲ ਆਊਟ ਦੀ ਵਰਤੋਂ ਕਰਨੀ ਚਾਹੀਦੀ ਹੈ। ਕੈਂਪ ਵਿੱਚ ਗੁਰਮੀਤ ਸਿੰਘ, ਗੁਰਇਕਬਾਲ ਸਿੰਘ, ਮਨਜੀਤ ਕੌਰ, ਅਮਰਜੀਤ ਕੌਰ ਏ ਐਨ ਐਮ ਅਤੇ ਆਸ਼ਾ ਵਰਕਰ ਮੌਜੂਦ ਸਨ।

## ਖੁੱਡੀਆਂ ਨੇ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸ਼ੁੱਕਰਵਾਰ ਇੱਥੇ ਆਪਣੇ ਦਫ਼ਤਰ ਵਿਖੇ ਸੂਬੇ ਦੇ ਪਸ਼ੂ ਪਾਲਣ ਵਿਭਾਗ ਵਿੱਚ ਨਵ-ਨਿਯੁਕਤ ਦੋ ਜੂਨੀਅਰ ਸਕੇਲ ਸਟੈਨੋਗ੍ਰਾਫਰਾਂ ਅਤੇ ਤਿੰਨ ਸਟੈਨੋ-ਟਾਈਪਿਸਟਾਂ ਨੂੰ ਨਿਯੁਕਤੀ ਪੱਤਰ ਸੌਂਪੇ।ਵਿਭਾਗ ਵਿੱਚ ਨਵ-ਨਿਯੁਕਤ ਕਰਮਚਾਰੀਆਂ ਦਾ ਸਵਾਗਤ ਕਰਦਿਆਂ ਖੁੱਡੀਆਂ ਨੇ ਉਨ੍ਹਾਂ ਨੂੰ ਪੂਰੀ ਇਮਾਨਦਾਰੀ ਨਾਲ ਸੇਵਾਵਾਂ ਨਿਭਾਉਣ ਲਈ ਪ੍ਰੇਰਿਆ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ-ਮੁਕਤ ਸ਼ਾਸਨ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਉਨ੍ਹਾਂ ਨੂੰ ਵੀ ਜਨਤਾ ਨੂੰ ਸੇਵਾਵਾਂ ਪ੍ਰਦਾਨ ਕਰਦੇ ਸਮੇਂ ਇਸ ਏਜੰਡੇ ਦੀ ਪੂਰੀ ਲਗਨ ਨਾਲ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾ ਨਵ-ਨਿਯੁਕਤ ਕਰਮਚਾਰੀਆਂ ਨੂੰ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਸ਼ੁੱਭਕਾਮਨਾਵਾਂ ਵੀ ਦਿੱਤੀਆਂ।ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਕੀਤੇ ਜਾ ਰਹੇ ਠੋਸ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਵਿੱਚ ਸੱਤਾ ਸੰਭਾਲਣ ਉਪਰੰਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਦੋ ਸਾਲਾਂ ਵਿੱਚ ਹੀ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਨੌਜਵਾਨਾਂ ਨੂੰ 42,000 ਤੋਂ ਵੱਧ ਨੌਕਰੀਆਂ ਮੁਹੱਈਆ ਕਰਵਾਈਆਂ ਹਨ।ਇਸ ਮੌਕੇ ਡਾਇਰੈਕਟਰ ਪਸ਼ੂ ਪਾਲਣ ਡਾ. ਗੁਰਸ਼ਰਨ ਜੀਤ ਸਿੰਘ ਬੇਦੀ ਅਤੇ ਵਿਭਾਗ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਸਿੱਖਿਆ ਬੋਰਡ ਕਰਮਚਾਰੀ ਯੂਨੀਅਨ ਦੇ ਆਗੂ ਸਿਕੰਦਰ ਸਿੰਘ ਨੂੰ ਭਾਵਭਿੰਨੀਆਂ ਸ਼ਰਧਾਂਜ਼ਲੀਆਂ

**ਮੋਹਾਲੀ ( ਗੁਰਜੀਤ ਬਿੱਲਾ )** ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ ਯੂਨੀਅਨ ਦੇ ਸਿਰਕੱਢ ਆਗੂ ਸਿਕੰਦਰ ਸਿੰਘ ਬੈਨੀਪਾਲ ਦੀ ਅੰਤਿਮ ਅਰਦਾਸ ਮੌਕੇ ਰਾਜਸੀ,ਸਮਾਜਿਕ, ਕਰਤਾਰ ਸਿੰਘ ਰਾਣੂੰ ਯਾਦਗਾਰੀ ਟਰੱਸਟ ਅਤੇ ਬੋਰਡ ਕਰਮਚਾਰੀ ਯੂਨੀਅਨ ਵੱਲੋਂ ਸ਼ਰਧਾਂਜਲੀਆਂ ਭੇਟ ਕਰਕੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਯਾਦ ਕੀਤਾ ਗਿਆ। ਗੁਰਦਆਰਾ ਸਿੰਘ ਸਭਾ ਸੈਕਟਰ 70 ਵਿਖੇ ਵੱਡੀ ਗਿਣਤੀ ਵਿੰਚ ਅੰਤਿਮ ਅਰਦਾਸ ਕਰਕੇ ਵਿਛੜੇ ਸਾਥੀ ਨੂੰ ਸ਼ਰਧਾ ਦੇ ਫੁਲ ਭੇਂਟ ਕੀਤੇ ।ਸਿੱਖਿਆ ਬੋਰਡ ਕਰਮਚਾਰੀ ਯੂਨੀਅਨ ਦੇ ਸਾਬਕਾ ਪ੍ਰਧਾਨ ਅਤੇ ਕਰਤਾਰ ਸਿੰਘ ਰਾਣੂੰ ਯਾਦਗਾਰੀ ਟਰੱਸਟ ਦੇ ਚੇਅਰਮੈਨ ਜਰਨੈਲ ਸਿੰਘ ਚੁੰਨੀ ਨੇ ਕਿਹਾ ਕਿ ਸਿਕੰਦਰ ਸਿੰਘ ਬੈਨੀਪਾਲ ਨੇ ਯੂਨੀਅਨ ਦੇ ਵੱਖ ਵੱਖ ਆਹਦਿਆਂ 'ਤੇ ਰਹਿਕੇ ਮੁਲਾਜਮਾਂ ਮੰਗਾਂ ਲਈ ਸੰਘਰਸ਼ ਕੀਤਾ। ਉਨ੍ਹਾਂ ਸਿੱਖਿਆ ਬੋਰਡ ਵਿੱਚ ਲੱਗਭਗ 28 ਸਾਲ ਸੇਵਾ ਨਿਭਾਈ। ਉਹ ਸਿਰੜੀ ਕਾਮਾ ਤੇ ਇਮਾਨਦਾਰ ਆਗੂ ਸੀ।ਸਿਕੰਦਰ ਪਿਛਲੇ 10 ਸਾਲਾਂ ਤੋਂ ਲਿਵਰ ਦੀ ਬਿਮਾਰੀ ਤੋਂ ਪੀੜਤ ਸਨ। ਉਸ ਦੀ ਧਰਮ ਪਤਨੀ ਸ੍ਰੀਮਤੀ ਸੁਖਵੀਰ ਕੌਰ ਨੇ ਉਸ ਦੀ ਬਹੁਤ ਪਿਆਰ ਨਾਲ ਸੇਵਾ ਕੀਤੀ। ਉਸ ਦੇ ਦੋ ਪੁੱਤਰ ਨਵਕੀਰਤ ਸਿੰਘ, ਹੁਨਰਵੀਰ ਸਿੰਘ ਕਨਾਡਾ ਵਿੱਚ ਸੈਟਲ ਹਨ। ਹਲਕਾ ਫਤਿਹਗੜ੍ਹਾ ਸਾਹਿਬ ਦੇ ਸਾਬਕਾ ਐਮ ਐਲ ਏ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸਿਕੰਦਰ ਇਕ ਸੱਚਾ ਸੁੱਚਾ ਮਿੱਤਰ ਸੀ। ਪਿੰਡ ਮਦਨੀਪੁਰ ਦੇ ਸਰਪੰਚ ਅਤੇ ਹਲਕਾ ਪਾਇਲ ਦੇ ਸ਼੍ਰੋਮਣੀ ਅਕਾਲ ਦਲ ਬਾਦਲ ਦੇ ਪਾਇਲ ਹਲਕੇ ਦੇ ਮੁੱਖ ਸੇਵਾਦਾਰ ਮਨਮੀਤ ਸਿੰਘ ਮਦਨੀਪੁਰ ਨੇ ਦੱਸਿਆ ਕਿ ਸਿਕੰਦਰ ਸਕੂਲ ਟਾਇਮ ਤੋਂ ਹੀ ਅਗਾਂਹ ਵੱਧੂ ਵਿਚਾਰਾਂ ਵਾਲਾ ਅਤੇ ਯਾਰਾਂ ਦਾ ਯਾਰ ਸੀ। ਇਸ ਮੌਕੇ ਸਿਖਿਆ ਬੋਰਡ ਕਰਮਚਾਰੀ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਬਰਾੜ, ਜਨਰਲ ਸਕੱਤਰ ਸੁਖਚੈਨ ਸਿੰਘ, ਬਲਵਿੰਦਰ ਸਿੰਘ ਚਨਾਰਥਲ, ਸਾਬਕਾ ਜਨਰਲ ਸਕੱਤਰ ਭਗਵੰਤ ਸਿੰਘ ਬੇਦੀ, ਸਾਬਕਾ ਪ੍ਰਧਾਨ ਹਰਬੰਸ ਬਾਗੜੀ, ਰਾਣੂੰ ਟਰੱਸਟ ਦੇ ਜਨਰਲ ਸਕੱਤਰ ਕਮਿਕਰ ਸਿੰਘ ਗਿੱਲ, ਹਰਦਮਨ ਸਿੰਘ , ਹਰਬੰਸ ਸਿੰਘ ਜੰਗਪੁਰਾ, ਰਿਟਾਇਰੀ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਅਮਰ ਸਿੰਘ ਧਾਲੀਵਾਲ, ਜਨਰਲ ਸਕੱਤਰ ਗੁਰਮੇਲ ਸਿੰਘ ਮੋਜੋਵਾਲ, ਧਰਮਪਾਲ ਹੁਸਿਆਰੀ, ਬਲਵੰਤ ਸਿੰਘ ਡਕੌਂਦਾ, ਗੁਰਮੇਲ ਗਰਚਾ , ਕੁਲਦੀਪ ਸਿੰਘ ਸੈਦਪੁਰਾ, ਪਰੇਮ ਗੁਰਦਾਸਪੁਰੀ ਅਤੇ ਅਮਰਜੀਤ ਕੌਰ ਸਮੇਤ ਵੱਡੀ ਗਿਣਤੀ ਵਿੱਚ ਸਾਥੀ ਹਾਜਰ ਸਨ।

## ਇਨਕਲਾਬੀ ਸਨਮਾਨਾਂ ਨਾਲ ਕੁਲਵੰਤ ਕਿਰਤੀ ਦਾ ਅੰਤਮ ਸੰਸਕਾਰ



**ਜਲੰਧਰ** : ਕੈਂਸਰ ਦੀ ਲਾਇਲਾਜ ਬਿਮਾਰੀ ਨਾਲ ਜੂਝਦਿਆਂ ਵਿਛੋੜਾ ਦੇ ਗਏ ਆਰ.ਐਮ.ਪੀ.ਆਈ. ਜ਼ਿਲ੍ਹਾ ਫਾਜ਼ਿਲਕਾ ਦੇ ਪ੍ਰਧਾਨ ਸਾਥੀ ਕੁਲਵੰਤ ਸਿੰਘ ਕਿਰਤੀ ਦਾ ਅੰਤਮ ਸੰਸਕਾਰ ਬੀਤੇ ਕੱਲ੍ਹ ਉਨ੍ਹਾਂ ਦੇ ਪਿੰਡ ਸੀਡ ਫਾਰਮ, ਨਜ਼ਦੀਕ ਅਬੋਹਰ ਵਿਖੇ ਕੀਤਾ ਗਿਆ। ਪਾਰਟੀ ਦੀ ਸੂਬਾ ਕਮੇਟੀ ਦੇ ਮੈਂਬਰ ਕਾਮਰੇਡ ਗੁਰਮੇਜ ਲਾਲ ਗੇਜੀ ਤੇ ਸਾਥੀਆਂ ਇਨਕਲਾਬੀ ਨਾਅਰਿਆਂ ਦੀ ਗੂੰਜ ਦਰਮਿਆਨ ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਪਾਰਟੀ ਦਾ ਸੂਹਾ ਝੰਡਾ ਪਾਇਆ। ਹੋਰਨਾਂ ਤੋਂ ਇਲਾਵਾ ਸਾਥੀ ਜੈਮਲ ਰਾਮ, ਰਮੇਸ਼ ਵਡੇਰਾ, ਸਤਨਾਮ ਰਾਇ, ਜੱਗਾ ਸਿੰਘ, ਗੋਪਾਲ ਸਿੰਘ, ਸੁਖਚੈਨ ਸਿੰਘ, ਅਵਤਾਰ ਸਿੰਘ, ਤੇਜਾ ਸਿੰਘ, ਨੋਪਾ ਰਾਮ ਨੇ ਆਪਣੇ ਵਿਛੜੇ ਸਾਥੀ ਨੂੰ ਸੰਗਰਾਮੀ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਅਗਨੀ ਉਨ੍ਹਾਂ ਦੇ ਸਪੁੱਤਰਾਂ ਨੇ ਭੇਟ ਕੀਤੀ। ਸਾਥੀ ਕਿਰਤੀ ਨਮਿਤ ਸ਼ਰਧਾਂਜਲੀ ਸਮਾਗਮ 6 ਜੁਲਾਈ ਨੂੰ ਉਨ੍ਹਾਂ ਦੇ ਪੁਸ਼ਤੈਨੀ ਪਿੰਡ ਸੀਡ ਫਾਰਮ ਵਿਖੇ ਹੋਵੇਗਾ।

## ਸਤਨੌਰ ਦੇ ਨੌਜਵਾਨ ਦੀ ਦੁਬਈ 'ਚ ਮੌਤ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**-ਗੜ੍ਹਸ਼ੰਕਰ ਅਧੀਨ ਆਉਂਦੇ ਪਿੰਡ ਸਤਨੌਰ ਦੇ ਦੁਬਈ ਵਿੱਚ ਨੌਜਵਾਨ ਲੜਕੇ ਦੀ ਮੌਤ ਹੋ ਗਈ। ਜਸਵਿੰਦਰ ਰਾਮ ਪੁੱਤਰ ਗੁਰਦਾਸ ਰਾਮ ਉਮਰ 30 ਸਾਲ ਵਾਸੀ ਸਤਨੌਰ ਜੋ ਕਿ ਪਿਛਲੇ ਸਮੇਂ ਤੋਂ ਦੁਬਈ ਵਿੱਚ ਰੋਜ਼ੀ ਰੋਟੀ ਕਮਾਉਣ ਦੀ ਖਾਤਰ ਗਿਆ ਹੋਇਆ ਸੀ ਅਤੇ ਕੁਝ ਸਮਾਂ ਪਹਿਲਾਂ ਉਹ ਉੱਥੇ ਬਿਮਾਰ ਹੋ ਗਿਆ, ਜਿਸ ਕਰਕੇ ਇਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ ਅਤੇ ਪਿਛਲੇ ਦਿਨੀਂ ਉਸ ਦੀ ਮੌਤ ਹੋ ਗਈ। ਸ਼ਨੀਵਾਰ ਮ੍ਰਿਤਕ ਜਸਵਿੰਦਰ ਰਾਮ ਦੀ ਮ੍ਰਿਤਕ ਦੇਹ ਪਿੰਡ ਸਤਨੌਰ ਵਿਖੇ ਲਿਆਂਦੀ ਗਈ ਜਿੱਥੇ ਨੌਜਵਾਨ ਦੀ ਮੌਤ ਦੀ ਖਬਰ ਸੁਣ ਕੇ ਪਿੰਡ ਵਿੱਚ ਮਾਤਮ ਛਾ ਗਿਆ। ਮ੍ਰਿਤਕ ਤਿੰਨ ਭੈਣਾਂ ਦਾ ਇਕ ਭਰਾ ਤੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਮ੍ਰਿਤਕ ਜਸਵਿੰਦਰ ਰਾਮ ਦੇ ਇਕ ਸਾਲ ਦਾ ਲੜਕਾ ਵੀ ਹੈ। ਮ੍ਰਿਤਕ ਦੇ ਪਿਤਾ ਗੁਰਦਾਸ ਰਾਮ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ ।

# ਦਲਿਤਾਂ ਦੇ ਹੀ ਧਾਰਮਕ ਸਥਾਨਾਂ ਨੂੰ ਕਿਉਂ ਤੋੜਿਆ ਜਾ ਰਿਹਾ : ਬੇਗਮਪੁਰਾ ਟਾਈਗਰ ਫੋਰਸ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੀ ਇੱਕ ਮੀਟਿੰਗ ਫੋਰਸ ਦੇ ਸੂਬਾ ਪ੍ਰਧਾਨ ਬੀਰਪਾਲ ਠਰੋਲੀ ਦੀ ਪ੍ਰਧਾਨਗੀ ਹੇਠ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਵਿਖੇ ਹੋਈ। ਮੀਟਿੰਗ ਵਿੱਚ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ, ਸਤੀਸ਼ ਕੁਮਾਰ ਸ਼ੇਰਗੜ੍ਹ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਆਜ਼ਾਦੀ ਦੇ 76 ਸਾਲ ਬੀਤ ਜਾਣ ਬਾਅਦ ਵੀ ਦਲਿਤ ਸਮਾਜ 'ਤੇ ਅਜੇ ਵੀ ਜ਼ੁਲਮ ਹੋ ਰਹੇ ਹਨ ਅਤੇ ਖਾਸ ਕਰਕੇ ਦਲਿਤ ਸਮਾਜ ਦੇ ਧਾਰਮਿਕ ਸਥਾਨਾਂ ਨੂੰ ਤੋੜਿਆ ਜਾ ਰਿਹਾ ਹੈ, ਜੋ ਕਿ ਦਲਿਤ ਸਮਾਜ ਨਾਲ ਸ਼ਰੇਆਮ ਧੱਕਾ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਵਿਕਾਸ ਨਗਰ ਮੌਲੀ ਜਾਗਰਾਂ ਵਿਖੇ ਸਥਿਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਮੰਦਰ ਢਾਹੁਣ ਦੀਆਂ ਕੋਸ਼ੀਆਂ ਹਰਕਤਾਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਵਰਨ ਜਾਤੀਆਂ ਦੇ ਪੂਰੇ ਭਾਰਤ ਵਿੱਚ ਬਹੁਤ ਸਾਰੇ ਮੰਦਰ ਸਰਕਾਰੀ ਜਗ੍ਹਾ ਜਾਂ ਸ਼ਾਮਲਾਟਾਂ 'ਤੇ ਬਣੇ ਹੋਏ ਹਨ, ਅਜਿਹੇ ਮੰਦਰਾਂ ਨੂੰ ਕਦੇ ਵੀ ਢਾਹਿਆ ਨਹੀਂ ਜਾਂਦਾ ਸਗੋਂ ਹਰ ਰੋਜ਼ ਨਵੇਂ ਮੰਦਰ ਬਣ ਰਹੇ ਹਨ ਪਰ ਪ੍ਰਸ਼ਾਸਨ ਉਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਕਰ ਰਿਹਾ । ਇਸ ਦੇ ਉਲਟ ਦਲਿਤ ਸਮਾਜ ਨਾਲ ਸਬੰਧਤ ਧਾਰਮਿਕ ਸਥਾਨਾਂ ਨੂੰ ਹੀ ਹਮੇਸ਼ਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਿਸ ਕਾਰਨ ਦਲਿਤ ਭਾਈਚਾਰੇ ਵਿੱਚ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਅਪੀਲ ਕੀਤੀ ਹੈ ਕਿ ਪੰਜਾਬ ਦੀਆਂ ਸਮੂਹ ਦਲਿਤ ਜਥੇਬੰਦੀਆਂ 30 ਜੂਨ ਨੂੰ ਸਵੇਰੇ 11 ਵਜੇ ਵਿਕਾਸ ਨਗਰ ਮੌਲੀ ਜਾਗਰਾਂ ਚੰਡੀਗੜ੍ਹ ਵਿਖੇ ਪਹੁੰਚਣ ਤਾਂ ਜੋ ਚੰਡੀਗੜ੍ਹ ਪ੍ਰਸ਼ਾਸਨ ਨੂੰ ਮੂੰਹਤੋੜ ਜਵਾਬ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਦਲਿਤ ਸਮਾਜ ਹੁਣ ਜਾਗਰੂਕ ਹੋ ਚੁੱਕਿਆ ਹੈ, ਦਲਿਤਾਂ ਦੇ ਹੱਕਾਂ ਨੂੰ ਦਬਾਇਆ ਨਹੀਂ ਜਾ ਸਕਦਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਡੀਆ ਇੰਚਾਰਜ ਚੰਦਰ ਪਾਲ ਹੈਪੀ ਸਤੀਸ਼ ਕੁਮਾਰ ਸ਼ੇਰਗੜ੍ਹ, ਬੰਟੀ ਬਸੀ ਵਾਹਦ, ਅਮਨਦੀਪ, ਮੁਨੀਸ਼, ਚਰਨਜੀਤ ਡਾਡਾ, ਕਮਲਜੀਤ, ਰਾਮ ਜੀ, ਦਵਿੰਦਰ ਕੁਮਾਰ, ਪੰਮਾ ਡਾਡਾ, ਗੋਗਾ ਮਾਂਝੀ, ਪਵਨ ਕੁਮਾਰ ਬੱਧਣ, ਅਮਨਦੀਪ ਸਿੰਘ, ਚਰਨਜੀਤ ਸਿੰਘ, ਭੁਪਿੰਦਰ ਕੁਮਾਰ ਬੱਧਣ, ਕਮਲਜੀਤ ਸਿੰਘ, ਬਿਸ਼ਨਪਾਲ, ਗਿਆਨ ਚੰਦ, ਮੁਸਾਫ਼ਰ ਸਿੰਘ, ਸ਼ੇਰਾ ਸਿੰਘ, ਵਿਸ਼ਾਲ ਸਿੰਘ, ਸਨੀ ਸੀਣਾ, ਭਿੰਦਾ ਸੀਣਾ, ਹੈਪੀ ਫਤਹਿਗੜ੍ਹ, ਦਵਿੰਦਰ ਕੁਮਾਰ, ਰਾਕੇਸ਼ ਕੁਮਾਰ ਭੱਟੀ, ਵਿਜੇ ਕੁਮਾਰ ਜੱਲੋਵਾਲ ਖਨੂਰ, ਰਵਿ ਸੁੰਦਰ ਨਗਰ ਆਦਿ ਹਾਜ਼ਰ ਸਨ।

## ਪ ਸ ਸ ਫ ਦੀ ਵਰਚੂਅਲ ਮੀਟਿੰਗ 'ਚ 6 ਦੇ ਝੰਡਾ ਮਾਰਚ ਸੰਬੰਧੀ ਉਲੀਕਿਆ ਪ੍ਰੋਗਰਾਮ



**ਜਲੰਧਰ ( ਇੰਦਰਜੀਤ ਵਿਰਦੀ)**- ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ.ਸ.ਸ.ਫ.) ਇੱਕ ਵਰਚੂਅਲ ਮੀਟਿੰਗ ਸੂਬਾ ਪ੍ਰਧਾਨ ਸਤੀਸ਼ ਰਾਣਾ ਦੀ ਪ੍ਰਧਾਨਗੀ ਹੇਠ ਗੂਗਲ ਮੀਟ 'ਤੇ ਆਨ-ਲਾਈਨ ਹੋਈ। ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਮੀਟਿੰਗ ਦੀ ਕਾਰਵਾਈ ਚਲਾਉਂਦਿਆਂ ਦੱਸਿਆ ਕਿ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਪਿਛਲੇ ਕੀਤੇ ਸੰਘਰਸ਼ਾਂ ਦਾ ਰੀਵਿਊ ਕੀਤਾ ਗਿਆ, ਜਿਸ ਵਿੱਚ ਸਾਂਝੇ ਫਰੰਟ ਵਲੋਂ ਉਲੀਕੇ ਗਏ ਸੰਘਰਸ਼ ਤਹਿਤ ਵੱਖ-ਵੱਖ ਸਥਾਨਾਂ 'ਤੇ ਰੋਸ ਪ੍ਰਦਸ਼ਨ ਕੀਤੇ ਗਏ ਅਤੇ ਇਨ੍ਹਾਂ ਪ੍ਰਦਰਸ਼ਨਾਂ ਵਿੱਚ ਪ.ਸ.ਸ.ਫ. ਵਲੋਂ ਕੀਤੀ ਸ਼ਮੂਲੀਅਤ ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਉਪਰੰਤ ਵੱਖ-ਵੱਖ ਵਿਭਾਗੀ ਜਥੇਬੰਦੀਆਂ ਵਲੋਂ ਚੱਲ ਰਹੇ ਸੰਘਰਸ਼ਾਂ ਸਬੰਧੀ ਵੀ ਵਿਚਾਰ ਚਰਚਾ ਕੀਤੀ ਗਈ। ਲੋਕ ਸਭਾ ਚੋਣਾਂ ਦੇ ਨਤੀਜਿਆਂ ਦੀ ਸਮੀਖਿਆ ਵੀ ਕੀਤੀ ਗਈ। ਜਥੇਬੰਦਕ ਅਵਸਥਾ ਨੂੰ ਮਜ਼ਬੂਤ ਬਣਾਉਣ ਸਬੰਧੀ ਵੀ ਪ੍ਰੋਗਰਾਮ ਉਲੀਕਿਆ ਗਿਆ। ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਹੋ ਰਹੀ ਜ਼ਿਮਨੀ ਚੋਣ ਸਬੰਧੀ ਸਾਂਝੇ ਫਰੰਟ ਵਲੋਂ 6 ਜੁਲਾਈ ਨੂੰ ਹਲਕੇ ਅੰਦਰ ਕੀਤੇ ਜਾ ਰਹੇ ਝੰਡਾ ਮਾਰਚ ਵਿੱਚ ਸ਼ਮੂਲੀਅਤ ਦਾ ਪ੍ਰੋਗਰਾਮ ਵੀ ਬਣਾਇਆ ਗਿਆ। ਝੰਡਾ ਮਾਰਚ ਵਿੱਚ ਮੋਟਰਸਾਈਕਲ ਅਤੇ ਗੱਡੀਆਂ ਸਹਿਤ ਮੁਲਾਜ਼ਮਾਂ ਦੀ ਸ਼ਮੂਲੀਅਤ ਸਬੰਧੀ ਵੀ ਜ਼ਿਲ੍ਹਾ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਸੂਬਾ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਵਲੋਂ ਕਲੰਡਰਾਂ ਅਤੇ ਹੋਰ ਰਹਿੰਦੇ ਫੰਡ ਜਲਦ ਤੋਂ ਜਲਦ ਜਮ੍ਹਾਂ ਕਰਵਾਉਣ ਦੀ ਅਪੀਲ ਕੀਤੀ। ਮੀਟਿੰਗ ਵਿੱਚ ਇੰਦਰਜੀਤ ਵਿਰਦੀ, ਨਿਰਮੋਲਕ ਸਿੰਘ, ਕਿਸ਼ੋਰ ਚੰਦ ਗਾਜ, ਗੁਰਬਿੰਦਰ ਸਿੰਘ ਸਸਕੌਰ, ਗੁਰਪ੍ਰੀਤ ਰੰਗੀਲਪੁਰ, ਬੋਬਿੰਦਰ ਸਿੰਘ, ਸਵਿੰਦਰ ਭੱਟੀ, ਰਾਣੋ ਖੇੜੀ ਗਿੱਲਾਂ, ਦਰਸ਼ਨ ਚੀਮਾ, ਕੁਲਦੀਪ ਵਾਲੀਆ, ਸੁਭਾਸ਼ ਚੰਦਰ, ਮੋਹਣ ਸਿੰਘ ਪੂਨੀਆ, ਤਰਸੇਮ ਮਾਧੋਪੁਰੀ, ਗੁਰਬਿੰਦਰ ਸਿੰਘ ਖਮਸਣੋਂ, ਪ੍ਰਿੰਸੀਪਲ ਅਮਨਦੀਪ ਸ਼ਰਮਾ, ਮਲਕੀਤ ਸਿੰਘ, ਲਖਵਿੰਦਰ ਸਿੰਘ ਖਾਨਪੁਰ, ਪ੍ਰੇਮ ਸਿੰਘ, ਵੀਰਇੰਦਰਜੀਤ ਪੁਰੀ, ਬਲਜਿੰਦਰ ਸਿੰਘ, ਦਵਿੰਦਰ ਸਿੰਘ ਬਿੱਟੂ, ਜਸਵਿੰਦਰ ਪਾਲ ਕਾਂਗੜ, ਸਰਬਜੀਤ ਸਿੰਘ ਪੱਟੀ, ਗੁਰਬਿੰਦਰ ਖਮਾਣੋ, ਬਲਵਿੰਦਰ ਭੁੱਟੋ, ਮਨੋਹਰ ਲਾਲ ਸ਼ਰਮਾ, ਪ੍ਰੇਮ ਕੁਮਾਰ, ਬਿਮਲਾ ਦੇਵੀ, ਜਗਦੀਪ ਸਿੰਘ ਮਾਂਗਟ, ਪੁਸ਼ਪਿੰਦਰ ਪਿੰਕੀ ਆਦਿ ਆਗੂ ਵੀ ਹਾਜ਼ਰ ਸਨ।

## ਘਰ 'ਚੋਂ ਨਗਦੀ ਤੇ 20 ਤੋਲੇ ਸੋਨਾ ਚੋਰੀ



**ਫਿਲੌਰ (ਨਿਰਮਲ)**- ਇਥੇ ਵਿਸ਼ਵਕਰਮਾ ਮੰਦਿਰ ਨਜ਼ਦੀਕ ਇੱਕ ਘਰ ਵਿੱਚੋਂ ਚੋਰਾਂ ਵੱਲੋਂ ਜ਼ਿੰਦਰੇ ਤੋੜ ਕੇ 10 ਹਜ਼ਾਰ ਰੁਪਏ ਨਗਦ ਅਤੇ 20 ਤੋਲੇ ਸੋਨਾ ਚੋਰੀ ਕਰ ਲਿਆ ਹੈ। ਮਨਜੀਤ ਕੌਰ ਪਤਨੀ ਰਘਵੀਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਪੇਕੇ ਘਰ ਗਈ ਹੋਈ ਸੀ ਜਦੋਂ ਉਸ ਨੇ ਆ ਕੇ ਆਪਣੇ ਘਰ ਦੇਖਿਆ ਤਾਂ ਮੇਨ ਗੇਟ ਅਤੇ ਘਰ ਦੇ ਹੋਰ ਦਾ ਜ਼ਿੰਦਰੇ ਟੁੱਟੇ ਹੋਏ ਹੋਏ ਸਨ ਅਤੇ 10 ਹਜ਼ਾਰ ਨਗਦ ਅਤੇ 20 ਤੋਲੇ ਸੋਨਾ ਗਾਇਬ ਸੀ। ਜਿਸ ਸਬੰਧੀ ਉਨ੍ਹਾਂ ਸ਼ਿਕਾਇਤ ਥਾਣਾ ਫਿਲੌਰ ਵਿਖੇ ਦਿੱਤੀ ਗਈ। ਮੌਕੇ 'ਤੇ ਏ ਐਸ ਆਈ ਸੁਭਾਸ਼ ਪਹੁੰਚੇ ਜਿਨ੍ਹਾਂ ਜਾਂਚ ਸ਼ੁਰੂ ਕਰ ਦਿੱਤੀ।

## ਹਰ ਵਿਅਕਤੀ ਇੱਕ-ਇੱਕ ਬੂਟਾ ਲਗਾਏ : ਪ੍ਰਿੰ.ਪ੍ਰੇਮ ਕੁਮਾਰ



**ਫਿਲੌਰ (ਨਿਰਮਲ)** -ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਫਿਲੌਰ ਅਤੇ ਪੰਜਾਬ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਤਹਿਸੀਲ ਰੋਡ ਫਿਲੌਰ ਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਅਤੇ ਬਿਮਾਰੀਆਂ ਤੋਂ ਬਚਾਓ ਲਈ ਵੱਖ-ਵੱਖ ਤਰ੍ਹਾਂ ਦੇ ਪੌਦੇ ਲਗਾਏ । ਇਸ ਮੌਕੇ ਉਨ੍ਹਾਂ ਕਿਹਾ ਕਿ ਹਰ ਇੱਕ ਵਿਅਕਤੀ ਨੂੰ ਆਪਣੇ ਜਨਮ ਦਿਨ ਤੇ ਖ਼ੁਸ਼ੀ ਦੇ ਮੌਕੇ 'ਤੇ ਇੱਕ ਪੌਦਾ ਜ਼ਰੂਰ ਲਗਾਉਣਾ ਚਾਹੀਦਾ ਅਤੇ ਦੇਖਭਾਲ ਕਰਨੀ ਚਾਹੀਦੀ ਹੈ। ਕਿਉਂਕਿ ਪੌਦੇ ਸਾਡੇ ਵਾਤਾਵਰਣ ਨੂੰ ਸਾਫ ਕਰਕੇ ਸਾਨੂੰ ਜੀਵਨ ਦਾਨ ਦਿੰਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਇਸੇ ਤਰ੍ਹਾਂ ਪੌਦੇ ਲਗਾਏ ਜਾਣ ਤਾਂ ਅਸੀਂ ਛੇਤੀ ਹੀ ਵਣ ਹੇਠ ਰਕਬਾ ਵਧਾ ਕੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾ ਸਕਦੇ ਹਾਂ। ਜੇਕਰ ਵਾਤਾਵਰਨ ਪ੍ਰਦੂਸ਼ਿਤ ਹੋਵੇਗਾ ਤਾਂ ਸਾਨੂੰ ਸਾਹ ਲੈਣ ਵਿੱਚ ਤਕਲੀਫ ਹੋਵੇਗੀ। ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਜਿਸ ਨਾਲ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਕੋਈ ਤਕਲੀਫ ਨਾ ਹੋਵੇ। ਇਸ ਮੌਕੇ ਸਰਪੰਚ ਹਰਕਮਲ ਸਿੰਘ ਟਰਾਂਸਪੋਰਟ ਵਿੰਗ, ਬਲਾਕ ਪ੍ਰਧਾਨ ਤਰਸੇਮ ਸਿੰਘ, ਬਲਾਕ ਪ੍ਰਧਾਨ ਜਗਤ ਰਾਮ ਭੱਟੀ, ਅਮਰਜੀਤ ਸਿੰਘ, ਬਲਾਕ ਪ੍ਰਧਾਨ ਅਵਤਾਰ ਸਿੰਘ, ਅਮਰਜੀਤ, ਸੰਤੋਖ ਸਿੰਘ ਗਿੱਲ, ਦੀਪਾ ਬਕਾਪੁਰ ਪੀ ਏ ਅਤੇ ਹੋਰ ਹਾਜ਼ਰ ਸਨ।

# ਸ਼ਹਿਰ ਵਾਸੀਆਂ ਨੇ ਅਨਮੋਲ ਗਗਨ ਦਾ ਕੀਤਾ ਧੰਨਵਾਦ



**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਟੂਰਿਜ਼ਮ ਵਿਭਾਗ ਵੱਲੋਂ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਅਤੇ ਗੁਰਦੁਆਰਾ ਸੀਸਗੰਜ ਸਾਹਿਬ ਨੂੰ ਜੋੜਨ ਵਾਲੇ ਪੁੱਡਾ ਪਾਰਕ ਦੇ ਵਿੱਚ ਬੈਠਣ ਲਈ ਬੈਂਚ ਲਗਾਏ ਗਏ ਹਨ ਜਿਸ ਦਾ ਸ਼ਹਿਰ ਵਾਸੀਆਂ ਨੇ ਭਰਵਾਂ ਸਵਾਗਤ ਕੀਤਾ ਹੈ। ਦੱਸਣ ਯੋਗ ਹੈ ਕਿ ਪਿਛਲੇ ਦਿਨੀ ਕੈਬਨਟ ਮੰਤਰੀ ਅਨਮੋਲ ਗਗਨ ਆਪਣੇ ਵਿਆਹ ਤੋਂ ਬਾਅਦ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਦੇ ਲਈ ਪਹੁੰਚੇ ਸਨ ਜਿੱਥੇ ਸ਼ਹਿਰ ਵਾਸੀਆਂ ਵੱਲੋਂ ਉਹਨਾਂ ਨੂੰ ਪੁਡਾ ਪਾਰਕ ਵਿਖੇ ਬੈਠਣ ਦੇ ਲਈ ਬੈਂਚ ਲਗਾਉਣ ਦੀ ਬੇਨਤੀ ਕੀਤੀ ਸੀ ਜਿਸ ਨੂੰ ਮੰਨਦਿਆਂ ਕੈਬਨਟ ਮੰਤਰੀ ਅਨਮੋਲ ਗਗਨ ਵਲੋਂ ਉਸੇ ਵੇਲੇ ਸ਼ਹਿਰ ਵਾਸੀਆਂ ਨਾਲ ਵਾਦਾ ਕੀਤਾ ਸੀ ਕਿ ਇੱਕ ਹਫਤੇ ਤੇ ਅੰਦਰ ਅੰਦਰ ਪਾਰਕ ਵਿੱਚ ਬੈਂਚ ਲਗਾ ਦਿੱਤੇ ਜਾਣਗੇ ਆਪਣੇ ਉਸ ਵਾਅਦੇ ਨੂੰ ਤੁਰੰਤ ਪੂਰਾ ਕਰਦਿਆਂ ਪੁੱਡਾ ਪਾਰਕ ਵਿਖੇ ਬਜ਼ੁਰਗਾਂ ਦੇ ਬੈਠਣ ਲਈ ਵਿਸ਼ੇਸ਼ ਬੈਂਚ ਲਗਾ ਦਿੱਤੇ ਗਏ ਹਨ ਜਿਸ ਦਾ ਸ਼ਹਿਰ ਵਾਸੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ। ਸੀਨੀਅਰ ਸਿਟੀਜਨ ਐਸੋਸੀਏਸ਼ਨ ਵੱਲੋਂ ਕੈਬਨਿਟ ਮੰਤਰੀ ਅਨਮੋਲ ਗਗਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

## ਪੀਰ ਬਾਬਾ ਮਦਰੀ ਸ਼ਾਹ ਸਰਕਾਰ ਦਾ 10ਵਾਂ ਸਾਲਾਨਾ ਮੇਲਾ ਕਰਵਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਪੀਰ ਬਾਬਾ ਮਦਰੀ ਸ਼ਾਹ ਸਰਕਾਰ ਦਾ 10ਵਾਂ ਸਾਲਾਨਾ ਜੋੜ ਮੇਲਾ ਮੁਹੱਲਾ ਟਿਬਾ ਸਾਹਿਬ ਨਜ਼ਦੀਕ ਪ੍ਰਭਾਤ ਚੌਂਕ ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ । ਪਹਿਲੇ ਦਿਨ ਮਹਿੰਦੀ ਅਤੇ ਝੰਡੇ ਦੀ ਰਸਮ ਕਰਨ ਉਪਰੰਤ ਕਵਾਲ ਦਿਲਜਾਨੀ ਸਾਬਰੀ ਦਸੂਹਾ ਅਤੇ ਸਾਥੀਆਂ ਨੇ ਕਵਾਲੀਆਂ ਦਾ ਗਾਇਨ ਕਰਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ । ਦੂਜੇ ਦਿਨ ਸ਼ਾਮ ਸਮੇਂ ਆਰੰਭ ਹੋਏ ਸੂਫ਼ੀਆਨਾ ਗਾਇਕੀ ਦੀ ਮਹਿਫ਼ਿਲ ਵਿਚ ਮਨਮੰਦਰ ਮਨਾਵਾ ਅਤੇ ਸ਼ਿਵ ਰੰਜਨੀ ਕੌਰ ਨਕੋਦਰ ਨੇ 'ਨੀ ਮੈਂ ਪੀਰ ਮਨਾਵਣ ਚੱਲੀ ਆਂ', 'ਇਸ਼ਕੇ ਦੀ ਮਾਰੀ ਵੇ ਮੈਂ ਝੱਲੀ ਹੋ ਗਈ' ਤੇ ਹੋਰ ਸੂਫ਼ੀਆਨਾ ਗਾਇਕੀ ਦੇ ਕਲਾਮ ਪੇਸ਼ ਕੀਤੇ । ਇਸ ਤੋਂ ਇਲਾਵਾ ਰਾਜਨ ਅਲਵਲਪੁਰ ਅਤੇ ਮੁੰਨਵਰ ਅਲੀ ਮਲੇਰਕੋਟਲਾ ਨੇ ਵੀ ਸੂਫ਼ੀਆਨਾ ਰੰਗਤ ਵਾਲ਼ੀ ਗਾਇਕੀ ਨਾਲ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ । ਇਸ ਮੌਕੇ ਪੀਰ ਬਾਬਾ ਮਦਰੀ ਸ਼ਾਹ ਸਰਕਾਰ ਪ੍ਰਬੰਧਕੀ ਕਮੇਟੀ ਨੇ ਆਈਆਂ ਹੋਈਆਂ ਸ਼ਖ਼ਸ਼ੀਅਤਾਂ, ਗਾਇਕਾਂ ਅਤੇ ਫਕੀਰ ਲੋਕਾਂ ਨੂੰ ਸਨਮਾਨਿਤ ਕੀਤਾ । ਇਸ ਮੌਕੇ ਓਮ ਪ੍ਰਕਾਸ਼, ਅਤੁਲ,ਅਸ਼ੋਕ, ਹੈਪੀ,ਰਾਹੁਲ,ਪੁਨੀਤ,ਸਾਹਿਲ, ਗੌਰਵ ਖਤਰੀ,ਕ੍ਰਿਸ਼, ਰਾਜਾ ਬਿੰਦਰ ਸੰਜੀਵ ਕੁਮਾਰ, ਗੁਰਦੇਵ,ਪਿੰਕੀ, ਮਨੋਜ, ਰੋਹਿਤ ਜਸਕਰਨ, ਰਵਿੰਦਰ ਸੋਹਲ ਆਦਿ ਸਮੇਤ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ ।

# ਨਾਨ-ਟੀਚਿੰਗ ਕਰਮਚਾਰੀਆਂ ਵੱਲੋਂ ਪੰਜਾਬ ਸਰਕਾਰ ਦਾ 6ਵੇਂ ਪੇ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਲਈ ਧੰਨਵਾਦ

**ਫਗਵਾੜਾ (ਜਸਵਿੰਦਰ ਢੱਡਾ)**- ਕਸ਼ਮੀਰ ਭਗਤ ਸਕੱਤਰ ਨਾਨ ਟੀਚਿੰਗ ਯੂਨੀਅਨ ਪੰਜਾਬ, ਦੋਆਬਾ ਕਾਲਜ ਜਲੰਧਰ ਸੁਖਵਿੰਦਰ ਸਿੰਘ ਸੁਪਰਡੰਟ ਰਾਮਗੜ੍ਹੀਆ ਕਾਲਜ ਫਗਵਾੜਾ, ਪ੍ਰਾਈਵੇਟ ਕਾਲਜ ਨਾਨ ਟੀਚਿੰਗ ਇਪਲਾਈਜ਼ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਸਕੱਤਰ ਜਤਿੰਦਰ ਸਿੰਘ ਖਾਲਸਾ, ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਫਗਵਾੜਾ ਅਵਤਾਰ ਸਿੰਘ ਸੁਪਰਡੰਟ ਗੁਰੂ ਨਾਨਕ ਭਾਈ ਲਾਲੋ ਰਾਮਗੜ੍ਹੀਆ ਕਾਲਜ ਫਗਵਾੜਾ ਕਮਲ ਕੌਸ਼ਲ, ਕੁਲਦੀਪ ਸਿੰਘ ਕਮਲਾ ਨਹਿਰੂ ਕਾਲਜ ਫਗਵਾੜਾ, ਗਗਨ ਠਾਕੁਰ ਸੁਪਰਡੰਟ ਮੋਹਨ ਲਾਲ ਉਪਲ ਡੀ.ਏ.ਵੀ ਕਾਲਜ ਫਗਵਾੜਾ, ਸਤਨਾਮ ਸਿੰਘ ਸੁਪਰਡੰਟ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਕਾਲਜ ਡੁਮੇਲੀ, ਆਦਿ ਨੇ ਪੰਜਾਬ ਸਰਕਾਰ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਆਮ ਆਦਮੀ ਪਾਰਟੀ ਦੇ ਉਪ ਚੋਣ ਜਲੰਧਰ ਤੋਂ ਉਮੀਦਵਾਰ ਮਹਿੰਦਰ ਭਗਤ ਦਾ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਵਿੱਚ ਕੰਮ ਕਰਦੇ ਨਾਨ ਟੀਚਿੰਗ ਕਰਮਚਾਰੀਆਂ ਨੂੰ 6ਵੇਂ ਪੇ ਕਮਿਸ਼ਨ ਨੂੰ ਲਾਗੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰਨ ਦਾ ਪੁਰਜ਼ੋਰ ਸ਼ਬਦਾਂ ਵਿੱਚ ਸਵਾਗਤ ਕੀਤਾ ਹੈ ਅਤੇ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਹੈ ।

ਪੰਜਾਬ ਦੇ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਵਿੱਚ ਕੰਮ ਕਰਦੇ ਨਾਨ ਟੀਚਿੰਗ ਕਰਮਚਾਰੀਆਂ ਨੂੰ 6ਵੇਂ ਪੇ ਕਮਿਸ਼ਨ ਨੂੰ ਲਾਗੂ ਕਰਨ ਦਾ ਨੋਟੀਫਿਕੇਸ਼ਨ ਲਾਗੂ ਹੋਣ ਨਾਲ ਕਰਮਚਾਰੀਆਂ ਦੇ ਪਰਵਾਰਾਂ ਨੇ ਵੀ ਖ਼ੁਸ਼ੀ ਪ੍ਰਗਟਾਵਾ ਕੀਤਾ ਹੈ।ਉਪਰੋਕਤ ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਆਮ ਆਦਮੀ ਪਾਰਟੀ ਦੇ ਉਪ ਚੋਣ ਜਲੰਧਰ ਤੋਂ ਉਮੀਦਵਾਰ ਮਹਿੰਦਰ ਭਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਦੇ ਕਾਲਜਾਂ ਦੇ ਵਿੱਚ ਕੰਮ ਕਰਦੇ ਨਾਨ ਟੀਚਿੰਗ ਕਰਮਚਾਰੀ ਹੁਣ ਆਪਣੀ ਡਿਊਟੀ ਨਿਸਚਿੰਤ ਹੋ ਕੇ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ।ਛੇਤੀ ਹੀ ਨਾਨ ਟੀਚਿੰਗ ਕਰਮਚਾਰੀਆਂ ਦਾ ਇੱਕ ਵਫਦ ਕਸ਼ਮੀਰ ਭਗਤ ਸਕੱਤਰ ਨਾਨ ਟੀਚਿੰਗ ਯੂਨੀਅਨ ਪੰਜਾਬ ਦੋਆਬਾ ਕਾਲਜ ਜਲੰਧਰ ਦੀ ਅਗਵਾਈ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਆਮ ਆਦਮੀ ਪਾਰਟੀ ਦੇ ਉਪ ਚੋਣ ਜਲੰਧਰ ਤੋਂ ਉਮੀਦਵਾਰ ਮਹਿੰਦਰ ਭਗਤ ਦਾ ਸਨਮਾਨ ਕਰੇਗਾ ।

## ਦੋ ਦਿਨਾ ਸਾਲਾਨਾ ਜੋੜ ਮੇਲਾ ਧੂਮ-ਧਾਮ ਨਾਲ ਮਨਾਇਆ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )** ਦਰਬਾਰ ਤਕੀਏ ਵਾਲੀ ਸਰਕਾਰ ਪੀਰ ਬਾਬਾ ਖਾਕੀ ਸ਼ਾਹ ਮਲੰਗ ਪਿੰਡ ਬਰਨਾਲਾ ਕਲਾਂ ਵਿਖੇ ਦੋ ਦਿਨਾ ਸਾਲਾਨਾ ਜੋੜ ਮੇਲਾ ਧੂਮ ਧਾਮ ਨਾਲ ਮਨਾਇਆ ਗਿਆ । ਦਰਬਾਰ ਦੇ ਪ੍ਰਬੰਧਕ ਕਮੇਟੀ ਨੌਜਵਾਨ ਸਭਾ ਪਰਵਿੰਦਰ ਕੁਮਾਰ ਗੁਰਦੀਪ ਨੇ ਦੱਸਿਆ ਕਿ 27 ਜੂਨ ਨੂੰ ਚਿਰਾਗ ਰੋਸ਼ਨ ਕੀਤੇ ਗਏ। ਵਿਸ਼ਾਲ ਪੰਡਾਲ ਸਜਾਇਆ ਗਿਆ। ਜੁਲਕਰ ਐਂਡ ਪਾਰਟੀ ਵੱਲੋਂ ਕਵਾਲੀਆਂ ਪੇਸ਼ ਕੀਤੀਆਂ ਗਈਆਂ ਲੰਗਰ ਅਤੁੱਟ ਵਰਤਾਇਆ ਗਿਆ। 28 ਜੂਨ ਨੂੰ ਸਵੇਰੇ ਝੰਡੇ ਅਤੇ ਚਾਦਰ ਦੀ ਰਸਮ ਅਦਾ ਕੀਤੀ ਗਈ। ਚਾਹ-ਪਕੌੜਿਆਂ ਤੋਂ ਬਾਅਦ ਵੱਖ-ਵੱਖ ਪਕਵਾਨਾਂ ਅਤੇ ਮਠਿਆਈਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਓਵੇਂਸ਼ ਖਾਨ ਕਵਾਲ ਵਾਇਸ ਆਫ ਵਿਨਰ ਵਿਸ਼ਾਲ ਪ੍ਰੋਗਰਾਮ ਪੇਸ਼ ਕੀਤਾ ਗਿਆ । ਜੋਨੀ ਰੱਤੂ ਨਕਾਲ ਪਾਰਟੀ ਵਲੋਂ ਨਕਲਾਂ ਪੇਸ਼ ਕੀਤੀਆਂ ਗਈਆਂ ਤੇ ਵੱਖ ਵੱਖ ਡੇਰਿਆਂ ਤੋਂ ਸੰਤ ਫਕੀਰਾਂ ਵਲੋਂ ਸ਼ਿਰਕਤ ਕੀਤੀ ਗਈ। ਠੰਡੇ ਮਿੱਠੇ ਜਲ ਦੀ ਛਬੀਲ ਵੀ ਲਾਈ ਗਈ।

# ਲੋਕਾਂ ਦੇ ਸਹਿਯੋਗ ਨਾਲ ਪੰਜਾਬ ਨੂੰ ਨਸ਼ਾ ਮੁਕਤ ਕਰਨ 'ਚ ਨਹੀਂ ਛੱਡੀ ਜਾਵੇਗੀ ਕੋਈ ਕਮੀ : ਬ੍ਰਮ ਸ਼ੰਕਰ ਜਿੰਪਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਨਸ਼ਿਆਂ ਖਿਲਾਫ ਇਕਜੁੱਟ ਕਰਨ ਲਈ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਤਹਿਤ ਜ਼ਿਲ੍ਹਾ ਪੁਲਸ ਵੱਲੋਂ 'ਜ਼ਿੰਦਗੀ ਨੂੰ ਹਾਂ, ਨਸ਼ਿਆਂ ਨੂੰ ਨਾਂਹ' ਥੀਮ 'ਤੇ ਜ਼ਿਲ੍ਹਾ ਪੱਧਰੀ ਖੇਡਾਂ ਦਾ ਆਯੋਜਨ ਪੁਲਸ ਲਾਈਨ ਗਰਾਊਂਡ ਵਿਚ ਕੀਤਾ ਗਿਆ, ਜਿਸ ਵਿਚ ਫੁੱਟਬਾਲ, ਬਾਸਕਿਟਬਾਲ ਅਤੇ ਕਬੱਡੀ ਦੀਆਂ 34 ਟੀਮਾਂ ਨੇ ਭਾਗ ਲਿਆ। ਇਸ ਦੌਰਾਨ ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਮੇਅਰ ਸੁਰਿੰਦਰ ਕੁਮਾਰ, ਐਸ.ਐਸ.ਪੀ ਸੁਰੇਂਦਰ ਲਾਂਬਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਰਹੇ।ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਦੇ ਸੰਕਲਪ ਵਿਚ ਕੋਈ ਕਮੀ ਨਹੀਂ ਛੱਡੇਗੀ। ਉਨ੍ਹਾਂ ਕਿਹਾ ਕਿ ਪਿੰਡ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਆਯੋਜਿਤ ਇਨ੍ਹਾਂ ਖੇਡ ਆਯੋਜਨਾਂ ਨਾਲ ਨੌਜਵਾਨਾਂ ਦਾ ਧਿਆਨ ਖੇਡਾਂ ਵਾਲੇ ਪਾਸੇ ਗਿਆ ਹੈ ਅਤੇ ਜੋ ਨੌਜਵਾਨ ਖੇਡਾਂ ਵੱਲ ਆਕਰਸ਼ਿਤ ਹੋ ਗਿਆ , ਉਹ ਕਦੇ ਵੀ ਨਸ਼ੇ ਵੱਲ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ੇ ਦੇ ਖ਼ਾਤਮੇ ਲਈ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਮਿਲ ਕੇ ਕੰਮ ਕਰ ਰਿਹਾ ਹੈ, ਪਰੰਤੂ ਪ੍ਰਸ਼ਾਸਨ ਵੀ ਤਾਂ ਹੀ ਕਾਮਯਾਬ ਹੋ ਸਕਦਾ ਹੈ, ਜਦ ਲੋਕਾਂ ਦਾ ਪੂਰਾ ਸਹਿਯੋਗ ਮਿਲੇ। ਇਸ ਲਈ ਜ਼ਿਲ੍ਹਾ ਵਾਸੀ ਪ੍ਰਸ਼ਾਸਨ ਨੂੰ ਸਹਿਯੋਗ ਦੇਣ, ਤਾਂ ਜੋ ਨਸ਼ਾ ਵੇਚਣ ਵਾਲਿਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕੇ। ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਅਸੀਂ ਸਾਰੇ ਮੁੱਖ ਮੰਤਰੀ ਪੰਜਾਬ ਦੇ 'ਰੰਗਲੇ ਪੰਜਾਬ' ਦੇ ਸੁਪਨੇ ਨੂੰ ਮਿਲ ਕੇ ਸਾਕਾਰ ਕਰਾਂਗੇ।ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਇਸ ਮੌਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਨਸ਼ੇ ਦੀ ਪੂਰਨ ਰੋਕਥਾਮ ਲਈ ਜ਼ਿਲ੍ਹਾ ਵਾਸੀਆਂ ਨੂੰ ਲਗਾਤਾਰ ਜਾਗਰੂਕ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮੇਂ-ਸਮੇਂ 'ਤੇ ਗਤੀਵਿਧੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਅਤੇ ਨਸ਼ੇ ਦੀ ਦਲਦਲ ਵਿਚ ਫਸੇ ਨੌਜਵਾਨਾਂ ਨੂੰ ਇਲਾਜ ਲਈ ਨਸ਼ਾ ਛੁਡਾਊ ਕੇਂਦਰ ਵਿਚ ਦਾਖ਼ਲ ਕਰਵਾ ਕੇ ਉਨ੍ਹਾਂ ਦਾ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਲਾਜ ਤੋਂ ਬਾਅਦ ਉਨ੍ਹਾਂ ਦੇ ਮੁੜ ਵਸੇਬੇ ਲਈ ਵੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਯੋਜਨਾਵਾਂ 'ਤੇ ਕੰਮ ਕੀਤਾ ਜਾ ਰਿਹਾ ਹੈ, ਤਾਂ ਜੋ ਨਸ਼ਾ ਛੱਡਣ ਤੋਂ ਬਾਅਦ ਇਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਿਆ ਜਾ ਸਕੇ।ਐਸ.ਐਸ.ਪੀ ਸੁਰੇਂਦਰ ਲਾਂਬਾ ਨੇ ਕਿਹਾ ਕਿ ਹੁਸ਼ਿਆਰਪੁਰ ਪੁਲਸ ਨਸ਼ੇ ਦੇ ਪੂਰਨ ਖ਼ਾਤਮੇ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਥਾਣਾ ਪੱਧਰ 'ਤੇ ਨਸ਼ੇ ਦੇ ਖਿਲਾਫ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ 'ਤੇ ਨਕੇਲ ਕੱਸੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ੇ ਤੋਂ ਬਚਾਉਣ ਲਈ ਜ਼ਿਲ੍ਹਾ ਪੁਲਿਸ ਵੱਲੋਂ 6 ਰੋਜ਼ਾ ਖੇਡ ਮੁਕਾਬਲੇ ਕਰਵਾਏ ਗਏ, ਜਿਸ ਤਹਿਤ ਥਾਣਾ ਪੱਧਰ 'ਤੇ ਪਿੰਡ ਤੋਂ ਲੈ ਕੇ ਬਲਾਕ ਪੱਧਰ ਦੇ ਖੇਡ ਮੁਕਾਬਲੇ ਕਰਵਾਏ ਗਏ ਅਤੇ ਹੁਣ ਜ਼ਿਲ੍ਹਾ ਪੱਧਰ 'ਤੇ ਫੁੱਟਬਾਲ, ਬਾਸਕਿਟਬਾਲ ਅਤੇ ਕਬੱਡੀ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜੇਤੂ ਟੀਮਾਂ ਨੂੰ ਟਰਾਫੀਆਂ, ਸਰਟੀਫਿਕੇਟ ਦੇ ਨਾਲ-ਨਾਲ ਨਕਦ ਇਨਾਮ ਵੀ ਦਿੱਤੇ ਜਾ ਰਹੇ ਹਨ। ਇਸ ਤੋਂ ਇਲਾਵਾ ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਵਾਲੀਆਂ ਟੀਮਾਂ ਨੂੰ ਵੀ ਸਰਟੀਫਿਕੇਟ ਦਿੱਤੇ ਜਾਣਗੇ। ਉਨ੍ਹਾਂ ਜ਼ਿਲ੍ਹਾ ਪੁਲਿਸ ਵੱਲੋਂ ਨਸ਼ੇ ਦੇ ਖਿਲਾਫ ਕੀਤੀ ਗਈ ਕਾਰਵਾਈ ਦੇ ਬਾਰੇ ਦੱਸਦਿਆਂ ਕਿਹਾ ਕਿ ਜੂਨ ਦੇ ਇਸ ਮਹੀਨੇ ਵਿਚ ਹੀ ਜ਼ਿਲ੍ਹਾ ਪੁਲਿਸ ਨੇ 68 ਐਫ.ਆਈ.ਆਰ ਦਰਜ ਕਰਕੇ 90 ਤੋਂ ਵੱਧ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਨਸ਼ੇ ਦੇ ਖ਼ਾਤਮੇ ਲਈ ਇਸ ਮੁਹਿੰਮ ਵਿਚ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ ਅਤੇ ਉਹ ਜ਼ਿਲ੍ਹਾ ਵਾਸੀਆਂ ਨੂੰ ਵਿਸ਼ਵਾਸ ਦਿਵਾਉਂਦੇ ਹਨ ਕਿ ਪੁਲਸ ਨੂੰ ਨਸ਼ੇ ਦਾ ਵਪਾਰ ਕਰਨ ਵਾਲਿਆਂ ਦੀ ਸੂਚਨਾ ਦੇਣ ਵਾਲੇ ਦਾ ਨਾਂਅ ਗੁਪਤ ਰੱਖਿਆ ਜਾਵੇਗਾ ਅਤੇ ਇਸ ਕਾਰੋਬਾਰ ਵਿਚ ਜੁੜੇ ਲੋਕਾਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਐਸ.ਪੀ ਸਰਬਜੀਤ ਸਿੰਘ ਬਾਹੀਆ, ਐਸ.ਪੀ ਮੇਜਰ ਸਿੰਘ, ਐਸ.ਡੀ.ਐਮ ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ, ਹੁਸ਼ਿਆਰਪੁਰ ਕੋਆਪ੍ਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਕੌਂਸਲਰ ਬਲਵਿੰਦਰ ਬਿੰਦੀ, ਦਰੁਪਨ ਸੈਣੀ, ਵਰਿੰਦਰ ਸ਼ਰਮਾ ਬਿੱਟੂ, ਚੰਦਨ ਲੱਕੀ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਮਿੱਡ-ਡੇ-ਮੀਲ ਕੁੱਕ ਯੂਨੀਅਨ ਨੇ ਪ੍ਰਸ਼ਾਸਨ ਨੂੰ ਦਿੱਤਾ ਮੰਗ ਪੱਤਰ



**ਜਲੰਧਰ (ਇਕਬਾਲ ਸਿੰਘ ਉਭੀ)** -ਮਿੱਡ-ਡੇ-ਮੀਲ ਕੁੱਕ ਯੂਨੀਅਨ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਜਲੰਧਰ ਦੇ ਨਾਂਅ ਪ੍ਰਸ਼ਾਸਨ ਨੂੰ ਮੰਗ ਪੱਤਰ ਦਿੱਤਾ। ਇਸ ਮੌਕੇ ਯੂਨੀਅਨ ਦੇ ਆਗੂਆਂ ਕਿਹਾ ਕਿ ਮਿੱਡ-ਡੇ-ਮੀਲ ਕੁੱਕ ਯੂਨੀਅਨ ਦੀਆਂ ਮੰਗਾਂ ਸਬੰਧੀ 2023 ਤੋਂ ਸੈਕਟਰੀ ਸਿੱਖਿਆ ਵਿਭਾਗ, ਸਿੱਖਿਆ ਮੰਤਰੀ, ਵਿੱਤ ਮੰਤਰੀ, ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ ਵੱਲੋਂ ਯੂਨੀਅਨ ਦੇ ਆਗੂਆਂ ਨਾਲ ਬਹੁਤ ਮੀਟਿੰਗਾਂ ਕੀਤੀਆਂ ਪਰ ਇਨ੍ਹਾਂ ਮੀਟਿੰਗਾਂ ਵਿੱਚ ਲਾਰੇ ਲੱਪਿਆਂ ਤੋਂ ਬਿਨਾਂ ਕੁਝ ਨਹੀਂ ਨਿਕਲਿਆ। 31 ਮਈ 2023 ਦੀ ਮੀਟਿੰਗ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸਪੱਸ਼ਟ ਕਰ ਦਿੱਤਾ ਗਿਆ ਕਿ ਮਿੱਡ-ਡੇ-ਮੀਲ ਕੁੱਕਾਂ ਦੀ ਤਨਖਾਹ ਜੂਨ ਤੋਂ ਦੁੱਗਣੀ ਕਰ ਦਿੱਤੀ ਜਾਵੇਗੀ। ਪਰ ਉਨ੍ਹਾਂ ਵੱਲੋਂ ਪੁੱਛਣ ਤੋਂ ਦੱਸਿਆ ਕਿ ਵਿੱਤ ਮੰਤਰੀ ਵੱਲੋਂ ਹੀ ਤਨਖਾਹ ਵਿੱਚ ਵਾਧਾ ਕੀਤਾ ਜਾਵੇਗਾ। ਬਾਅਦ ਵਿੱਚ 27 ਦਸੰਬਰ 2023 ਨੂੰ ਵਿੱਤ ਮੰਤਰੀ ਨੇ ਮੀਟਿੰਗ ਕੀਤੀ ਅਤੇ ਕਿਹਾ ਗਿਆ ਕਿ ਤਨਖਾਹ ਦੇ ਵਾਧੇ ਲਈ ਇੱਕ ਕਮੇਟੀ ਬਣਾਈ ਜਾਵੇਗੀ, ਉਸ ਤੋਂ ਬਾਅਦ ਕਮੇਟੀ ਦੀ ਰਿਪੋਰਟ ਆਉਂਣ 'ਤੇ ਤਨਖਾਹ ਵਿੱਚ ਵਾਧਾ ਕਰ ਦਿੱਤਾ ਜਾਵੇਗਾ। ਕਮੇਟੀ ਵੱਲੋਂ ਤਨਖਾਹ ਦੇ ਵਾਧੇ ਦੀ ਰਿਪੋਰਟ ਵਿੱਤ ਮੰਤਰੀ ਨੂੰ ਪੇਸ਼ ਕਰ ਦਿੱਤੀ। ਪਰ ਇਨ੍ਹਾਂ ਵੱਲੋਂ ਇੱਕ ਰੁਪਏ ਦਾ ਵਾਧਾ ਵੀ ਨਹੀਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ 28 ਜੂਨ ਨੂੰ ਧਰਨੇ ਦਾ ਅਲਟੀਮੇਟਮ ਦੇ ਦਿੱਤਾ ਗਿਆ ਤਾਂ ਪੰਜਾਬ ਸਰਕਾਰ ਵੱਲੋਂ 3 ਜੁਲਾਈ ਨੂੰ ਸਾਢੇ ਗਿਆਰਾਂ ਵਜੇ ਸਿਵਲ ਸੈਕਟਰੀਏਟ ਕਮਰਾ ਨੰ: 15 ਵਿੱਤ ਮੰਤਰੀ ਦੇ ਦਫ਼ਤਰ ਵਿੱਚ ਮੀਟਿੰਗ ਰੱਖਣ ਦਾ ਫੈਸਲਾ ਕਰਕੇ ਇੱਕ ਪੱਤਰ ਜਾਰੀ ਕਰ ਦਿੱਤਾ ਗਿਆ। ਉਨ੍ਹਾ ਮੰਗ ਕੀਤੀ ਕਿ ਲਾਰੇ ਲੱਪਿਆਂ ਨੂੰ ਛੱਡ ਕੇ ਇਨ੍ਹਾਂ ਗਰੀਬਾਂ ਨੂੰ ਜੋ 3000 ਰੁਪਏ ਤਨਖਾਹ ਮਿਲਦੀ ਹੈ, ਉਸ ਨੂੰ ਹਰਿਆਣਾ ਸਰਕਾਰ ਦੇ ਬਰਾਬਰ ਕੀਤੀ ਜਾਵੇ। ਇਸ ਮੌਕੇ ਸੂਬਾ ਪ੍ਰਧਾਨ, ਕਰਮਚੰਦ ਚਿੰਡਾਲੀਆ, ਜਨਰਲ ਸੈਕਟਰੀ ਪੰਜਾਬ ਮਨਜੀਤ ਕੌਰ ਫਤਿਹਗੜ੍ਹ ਸਾਹਿਬ, ਨਰਿੰਦਰ ਕੌਰ, ਮਿੱਡ-ਡੇ-ਮੀਲ ਕੁੱਕ ਯੂਨੀਅਨ ਦੇ ਵਰਕਰ ਮੌਜੂਦ ਸਨ।

# ਸ਼ਹਿਰ ਦਾ ਸੜ੍ਹਾਂਦ ਮਾਰਦਾ ਕੂੜਾ ਵਾਰਡ ਨੰ. 3 'ਚ ਬਣੇ ਡੰਪ 'ਚ ਸੁੱਟਣ ਦਾ ਵਿਰੋਧ



ਦੋਰਾਹਾ (ਹਰਮਿੰਦਰ ਸੇਠ)-ਦੋਰਾਹਾ ਦੇ ਵਾਰਡ ਨੰਬਰ 3 ਵਿੱਚ ਉਸ ਸਮੇਂ ਭਾਰੀ ਹੰਗਾਮਾ ਹੋ ਗਿਆ, ਜਦੋਂ ਵਾਰਡ ਨਿਵਾਸੀਆਂ ਨੇ ਉਨ੍ਹਾਂ ਦੇ ਵਾਰਡ ਵਿੱਚ ਬਣੇ ਡੰਪ ਵਿੱਚ ਕੂੜਾ ਸੁੱਟਣ ਆਏ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਕੂੜਾ ਸੁੱਟਣ ਤੋਂ ਰੋਕਿਆ।ਵਾਰਡ ਵਾਸੀਆਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਦੇ ਵਾਰਡ ਵਿੱਚ ਬਣੇ ਡੰਪ ਵਿੱਚ ਉਨ੍ਹਾਂ ਦੇ ਵਾਰਡ ਦਾ ਕੂੜਾ ਕਰਕਟ ਹੀ ਸੁੱਟਿਆ ਜਾ ਸਕਦਾ ਹੈ, ਜਦੋਂ ਕਿ ਨਗਰ ਕੌਂਸਲ ਦੇ ਅਧਿਕਾਰੀ ਸ਼ਹਿਰ ਦੇ ਵੱਖ ਵੱਖ ਹਿੱਸਿਆਂ 'ਚੋਂ ਗਿੱਲਾ ਸੜ੍ਹਾਂਦ ਮਾਰਦਾ ਕੂੜਾ ਕਰਕਟ ਲਿਆ ਕੇ ਇਸ ਡੰਪ ਵਿੱਚ ਸੁੱਟ ਰਹੇ ਹਨ। ਵਾਰਡ ਵਾਸੀਆਂ ਨੇ ਇਹ ਵੀ ਦੋਸ਼ ਲਗਾਇਆ ਕਿ ਸ਼ਹਿਰ ਦੇ ਕੁਝ ਮੈਰਿਜ ਪੈਲਸਾਂ ਵਿੱਚੋਂ ਬਚੀ ਰਹਿੰਦ-ਖੂੰਹਦ ਤੇ ਕੂੜਾ ਕਰਕਟ ਲਿਆ ਕੇ ਇਸ ਡੰਪ ਵਿੱਚ ਸੁੱਟਿਆ ਜਾ ਰਿਹਾ ਹੈ। ਵਾਰਡ ਵਾਸੀਆਂ ਨੇ ਨਗਰ ਕੌਂਸਲ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਤਾੜਨਾ ਕੀਤੀ ਕਿ ਉਹ ਇਸ ਡੰਪ ਵਿੱਚ ਸ਼ਹਿਰ ਦੀ ਗੰਦਗੀ ਕੂੜਾ ਕਰਕਟ ਨਹੀਂ ਸੁੱਟਣ ਦੇਣਗੇ। ਇਸ ਮੌਕੇ ਵਾਰਡ ਕੌਂਸਲਰ ਦੇ ਪਤੀ ਮਨਦੀਪ ਸਿੰਘ ਮਾਂਗਟ ਨੇ ਕਿਹਾ ਨਗਰ ਕੌਂਸਲ ਇਨ੍ਹਾਂ ਡੰਪਾਂ ਲਈ ਦਿੱਤੀਆਂ ਹਦਾਇਤਾਂ ਦਾ ਪਾਲਣ ਨਹੀਂ ਕਰ ਰਹੀ, ਕਿਉਂਕਿ ਗਿੱਲਾ ਕੂੜਾ ਸੁੱਟਣ ਤੋਂ ਬਾਅਦ ਇਸ ਨੂੰ ਸੁੱਕੇ ਪੱਤਿਆਂ ਨਾਲ ਢੱਕਣਾ ਹੁੰਦਾ ਹੈ ਤਾਂ ਜੋ ਇਹ ਗਲ ਸੜ ਕੇ ਇਕ ਖਾਦ ਬਣ ਸਕੇ, ਪ੍ਰੰਤੂ ਇਸ ਕੂੜੇ ਵਿੱਚ ਸ਼ਹਿਰ ਦੀ ਗੰਦਗੀ ਦੇ ਨਾਲ ਨਾਲ ਪਲਾਸਟਿਕ ਵੀ ਭਾਰੀ ਮਾਤਰਾ ਵਿੱਚ ਸੀ, ਜੋ ਉਨ੍ਹਾਂ ਨੇ ਕੋਲ ਖੜ ਕੇ ਅਲੱਗ ਕਰਵਾਈ। ਵਾਰਡ ਵਾਸੀਆਂ ਨੇ ਨਗਰ ਕੌਂਸਲ ਨੂੰ ਜਲਦ ਤੋਂ ਜਲਦ ਡੰਪ ਵਾਰਡ 'ਚੋਂ ਬਾਹਰ ਕੱਢਣ ਦੀ ਅਪੀਲ ਕੀਤੀ।

# ਸੀਨੀਅਰ ਸਿਟੀਜ਼ਨ ਕੌਂਸਲ ਮੈਂਬਰਾਂ ਨੂੰ ਸਾਈਬਰ ਠੱਗੀ ਸੰਬੰਧੀ ਕੀਤਾ ਚੇਤੰਨ

ਮੋਗਾ (ਇਕਬਾਲ ਸਿੰਘ ਖਹਿਰਾ)-ਸੋਸ਼ਲ ਮੀਡੀਏ ਦੇ ਯੁਗ ਵਿੱਚ ਸਮਾਰਟ ਫੋਨਾਂ ਦੀ ਵਰਤੋਂ ਕਰਨ ਸਮੇਂ ਬਜ਼ੁਰਗਾਂ ਨੂੰ ਬਹੁਤ ਚੌਕਸੀ ਵਰਤਣ ਦੀ ਲੋੜ ਹੈ, ਕਿਉਂਕ ਸਮਾਜ ਵਿਰੋਧੀ ਅਨਸਰ ਤਕਨੀਕ ਦੀ ਦੁਰਵਰਤੋਂ ਕਰਕੇ ਭੋਲੇ ਭਾਲੇ ਲੋਕਾਂ ਤੇ ਖਾਸਕਰ ਸੇਵਾਮੁਕਤ ਬਜ਼ੁਰਗਾਂ ਦੀ ਆਰਥਿਕ ਲੁੱਟ ਕਰਕੇ ਖੂਨ ਪਸੀਨੇ ਦੀ ਕਮਾਈ ਮਿੰਟਾਂ ਸਕਿੰਟਾਂ ਵਿੱਚ ਆਪਣੇ ਖਾਤਿਆਂ ਵਿੱਚ ਤਬਦੀਲ ਕਰ ਲੈਂਦੇ ਹਨ। ਇਸ ਗੱਲ ਦਾ ਪ੍ਰਗਟਾਵਾ ਸ੍ਰੀ ਰਾਜੂ ਸਿੰਘ ਸਟੇਟ ਕੋਆਰਡੀਨੇਟਰ, ਸਈਬਰ ਕ੍ਰਾਈਮ, ਹੈਲਪੇਜ ਇੰਡੀਆ ਚੰਡੀਗੜ੍ਹ ਨੇ ਸ੍ਰੀ ਸਰਦਾਰੀ ਲਾਲ ਕਾਮਰਾ ਦੀ ਪ੍ਰਧਾਨਗੀ ਹੇਠ ਹੋਈ ਸੀਨੀਅਰ ਸਿਟੀਜਨ ਕੌਂਸਲ ਦੀ ਜਨਰਲ ਬਾਡੀਜ਼ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸਮਾਰਟ ਫੋਨ ਤਾਂ ਸਾਡੇ ਹੱਥਾਂ ਵਿੱਚ ਆ ਗਏ, ਪਰ ਅਜੋਕੀ ਆਈ ਟੀ ਤਕਨਾਲੋਜੀ ਬਾਰੇ ਸਾਨੂੰ ਗਿਆਨ ਨਹੀਂ ਹੈ। ਉਨ੍ਹਾਂ ਦੇਸ਼ ਵਿੱਚ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਕਿਹਾ ਕਿ ਫੋਨ ਆਏ ਸੰਦੇਸ਼ਾਂ ਦਾ ਜਵਾਬ ਦੇਣ ਸਮੇਂ ਬਹੁਤ ਸਾਵਧਾਨੀ ਦੀ ਲੋੜ ਹੈ। ਸਮਾਜ ਵਿਰੋਧੀ ਅਨਸਰ ਭੋਲੇ ਭਾਲੇ ਲੋਕਾਂ ਨੂੰ ਲੁਭਾਵਨੇ ਸੰਦੇਸ਼ ਭੇਜ ਕੇ ਕਰੋੜਪਤੀ ਬਣਨ ਦੇ ਸੁਪਨੇ ਵਿਖਾਉਂਦੇ ਹਨ ਤੇ ਬੈਂਕ ਅਕਾਊਂਟ ਲੈ ਕੇ ਖਾਤਿਆਂ ਵਿੱਚ ਪਏ ਪੈਸੇ ਗਾਇਬ ਕਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਾਈਬਰ ਕ੍ਰਾਈਮ ਦੀ ਰਿਪੋਰਟ ਕਰਨ ਲਈ ਟੋਲ ਫਰੀ ਨੰਬਰ 1930 ਹਮੇਸ਼ਾ ਯਾਦ ਰੱਖਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਾਨੂੰ ਪਾਸਵਰਡ ਗੁਪਤ ਰੱਖਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਫੋਨ 'ਤੇ ਆਏ ਕਿਸੇ ਮੈਸੇਜ ਅਨੁਸਾਰ ਓਟੀਪੀ ਕਿਸੇ ਨਾਲ ਸਾਂਝਾ ਨਾ ਕਰੋ। ਉਨ੍ਹਾਂ ਕਿਹਾ ਕਿ ਫੋਨ ਗੁੰਮ ਹੋਣ 'ਤੇ ਤੁਰੰਤ ਬੈਂਕ ਖਾਤੇ ਬੰਦ ਕਰਵਾਓ ਤੇ ਸਬੰਧਤ ਏਜੰਸੀ ਤੋਂ ਫੋਨ ਵੀ ਬੰਦ ਕਰਵਾ ਦਿਓ। ਉਨ੍ਹਾਂ ਕਿਹਾ ਕਿ ਬਜ਼ੁਰਗਾਂ (ਸੀਨੀਅਰ ਸਿਟੀਜਨਾਂ) ਦੀ ਸਹਾਇਤਾ ਲਈ ਸਵੇਰੇ 9 ਵਜੇ ਤੋਂ 5 ਵਜੇ ਤੱਕ ਹੈਲਪ ਨੰਬਰ 14567 ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਅਣਜਾਣ ਵਿਅਕਤੀ ਬੈਂਕ ਅਕਾਊਂਟ, ਅਧਾਰ ਕਾਰਡ, ਪੈਨ ਕਾਰਡ, ਏ.ਟੀ.ਐੱਮ. ਨੰਬਰ ਤੇ ਪੈਨ, ਓਟੀਪੀ, ਨੈੱਟ ਬੈਂਕਿੰਗ ਪਾਸਵਰਡ, ਮੋਬਾਈਲ ਫੋਨ ਦਾ ਪਾਸਵਰਡ ਤੇ ਹੋਰ ਗੁਪਤ ਜਾਣਕਾਰੀ ਸਾਂਝੀ ਨਹੀਂ ਕਰਨੀ ਚਾਹੀਦੀ। ਸ੍ਰੀ ਕਾਮਰਾ ਨੇ ਹੈਲਪੇਜ ਇੰਡੀਆ ਵੱਲੋਂ ਬਜ਼ੁਰਗਾਂ ਨੂੰ ਸਾਈਬਰ ਕ੍ਰਾਈਮ ਬਾਰੇ ਜਾਗ੍ਰਿਤ ਕਰਨ ਲਈ ਚਲਾਈ ਮੁਹਿੰਮ ਦੀ ਸ਼ਲਾਘਾ ਕਰਦਿਆਂ ਟੀਮ ਦਾ ਸਵਾਗਤ ਕੀਤਾ। ਉਨ੍ਹਾਂ ਮੈਂਰਾਂ ਨੂੰ ਅਪੀਲ ਕੀਤੀ ਕਿ ਸੀਨੀਅਰ ਸਿਟੀਜਨ ਕੌਂਸਲ ਮੈਂਬਰਾਂ ਦੇ ਗਰੁੱਪ ਵਿੱਚ ਕੇਵਲ ਕੰਮ ਦੀਆਂ ਪੋਸਟਾਂ ਪਾਈਆਂ ਜਾਣ। ਇਸ ਮੌਕੇ ਸੀਨੀਅਰ ਉੱਪ ਪ੍ਰਧਾਨ ਦਰਬਾਰਾ ਸਿੰਘ ਗਿੱਲ ਤੇ ਸਕੱਤਰ ਅਵਤਾਰ ਸਿੰਘ ਨੇ ਵੀ ਸੰਬੋਧਿਨ ਕੀਤਾ। ਸੀਨੀਅਰ ਸਿਟੀਜਨ ਕੌਂਸ਼ਿਲ ਵੱਲੋਂ ਰਾਜੂ ਸਿੰਘ ਦਾ ਸਨਮਾਨ ਵੀ ਕੀਤਾ ਗਿਆ। ਹੈਲਪੇਜ ਵੱਲੋਂ ਮੋਗਾ ਵਿਖੇ ਤਾਇਨਾਤ ਕਰਮਚਾਰੀ ਸੰਦੀਪ ਵੀ ਹਾਜ਼ਰ ਸੀ। ਇਸ ਮੌਕੇ ਸਵਾਲ ਜਵਾਬ ਵੀ ਹੋਏ, ਜਿਸ ਵਿੱਚ ਗੁਰਚਰਨ ਸਿੰਘ, ਵਿਜੇ ਸ਼ਰਮਾ, ਜਗਦੀਪ ਸਿੰਘ ਢਿੱਲੋਂ, ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਦਲਜੀਤ ਸਿੰਘ ਭੁੱਲਰ ਨੇ ਹਿੱਸਾ ਲਿਆ। ਇਸ ਮੀਟਿੰਗ ਵਿੱਚ ਹਰਬੰਸ ਕੌਰ, ਗੁਰਦਰਸ਼ਨ ਸਿੰਘ ਸੋਢੀ, ਪ੍ਰੇਮ ਕੁਮਾਰ, ਕੁਲਦੀਪ ਰਾਏ ਅਰੋੜਾ, ਇਕਬਾਲ ਸਿੰਘ ਲੋਹਾਮ, ਅਜੈ ਮਿੱਤਲ, ਪ੍ਰਿੰਸੀਪਲ ਗੁਰਬੀਰ ਸਿੰਘ ਜੱਸਲ, ਜੋਗਿੰਦਰ ਸਿੰਘ ਲੋਹਾਮ, ਅਜੈ ਕੁਮਾਰ ਤਿਆਗੀ, ਜੋਗਿੰਦਰ ਸਿੰਘ, ਸੁਰਿੰਦਰ ਸਿੰਘ ਸਰਾਂ, ਸੁਰੇਸ਼ ਕੁਮਾਰ, ਜੁਗਰਾਜ ਸਿੰਘ, ਅਮਰ ਸਿੰਘ ਸੁਪਰਡੈਂਟ, ਅਮਰਜੀਤ ਸਿੰਘ ਗਿੱਲ, ਭੁਪਿੰਦਰ ਸਿੰਘ ਮਹਿਣਾ, ਬਸੰਤ ਸਿੰਘ, ਲਾਲ ਚੰਦ, ਵਿਜੇ ਕੇ ਸੂਦ, ਨਾਹਰ ਸਿੰਘ, ਸੁਖਦੇਵ ਸਿੰਘ ਜੱਸਲ ਆਦਿ ਮੈਂਬਰਾਂ ਨੇ ਹਿੱਸਾ ਲਿਆ। ਮੈਂਬਰਾਂ ਨੇ ਸੀਨੀਅਰ ਸਿਟੀਜਨ ਕੌਂਸਲ ਦੇ ਸੁਧਾਰ, ਮਜ਼ਬੂਤੀ ਤੇ ਮੈਂਬਰਾਂ ਦੀ ਭਲਾਈ ਕਰਨ ਲਈ ਸੁਝਾਅ ਦਿੱਤੇ।



ਸੀਨੀਅਰ ਸਿਟੀਜਨ ਕੌਂਸਲ ਮੈਂਬਰਾਂ ਨੂੰ ਸਾਈਬਰ ਠੱਗੀ ਸਬੰਧੀ ਚੇਤਨ ਕਰਦੇ ਹੋਏ ਰਾਜੂ ਸਿੰਘ ਸਟੇਟ ਕੋਆਰਡੀਨੇਟਰ ਸਈਬਰ ਕਰਾਈਮ, ਹੈਲਪੇਜ ਇੰਡੀਆ ਚੰਡੀਗੜ੍ਹ।

# ਸਲੱਮ ਫਾਊਂਡੇਸ਼ਨ ਇੰਡੀਆ ਵੱਲੋਂ ਡੀ ਸੀ ਨੂੰ ਮੰਗ ਪੱਤਰ



ਮਾਨਸਾ (ਆਤਮਾ ਸਿੰਘ ਪਮਾਰ)-ਸਲੱਮ ਫਾਉਂਡੇਸ਼ਨ ਇੰਡੀਆ ਦੇ ਜਨਰਲ ਸੈਕਟਰੀ ਸ੍ਰੀ ਆਰ ਕੇ ਅਟਵਾਲ ਤੇ ਪੰਜਾਬ ਪ੍ਰਧਾਨ ਮੈਡਮ ਰੁਪਿੰਦਰ ਬਾਵਾ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਧਾਨ ਮੈਡਮ ਮੰਜੂ ਜਿੰਦਲ ਨੇ ਡੀ ਸੀ ਸਾਹਿਬ ਨੂੰ ਮੰਗ ਪੱਤਰ ਦਿੱਤਾ, ਜਿਸ 'ਚ ਕਿਹਾ ਕੀ ਜਿਹੜੇ ਪੌਦੇ ਹੁਣ ਵਧ ਕੇ ਦਰੱਖਤ ਬਣ ਚੁੱਕੇ ਹਨ, ਪਰ ਉਨ੍ਹਾਂ ਨੀਚੇ ਗਾਰਡ ਉਸੇ ਤਰ੍ਹਾਂ ਹੀ ਲੱਗੇ ਪਏ ਹਨ ਤੇ ਉਨ੍ਹਾਂ ਦੀ ਜ਼ਰੂਰਤ ਹੁਣ ਨਵੇਂ ਲਾਏ ਜਾਣ ਵਾਲੇ ਪੌਦਿਆਂ ਲਈ ਹੈ ਤਾਂ ਇਸ ਦੌਰਾਨ ਮੈਡਮ ਮੰਜੂ ਜਿੰਦਲ ਨੇ ਦੱਸਿਆ ਕਿ ਡੀ ਸੀ ਸਾਹਿਬ ਨੇ ਗੱਲ ਬੜੇ ਧਿਆਨ ਨਾਲ ਸੁਣੀ ਅਤੇ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਤੁਹਾਡੀ ਗੱਲ ਵੱਲ ਧਿਆਨ ਜ਼ਰੂਰ ਦਿੱਤਾ ਜਾਵੇਗਾ ਅਤੇ ਦਰੱਖਤਾਂ ਹੇਠੋਂ ਗਾਰਡ ਉਤਰਵਾ ਕੇ ਸੰਸਥਾ ਨੂੰ ਦਿੱਤੇ ਜਾਣਗੇ, ਜਿਸ ਨਾਲ ਕਿ ਸ਼ਹਿਰ ਵਿੱਚ ਹੋਰ ਜ਼ਿਆਦਾ ਪੌਦੇ ਲਗਾਏ ਜਾਣਗੇ ਤੇ ਉਨ੍ਹਾਂ ਦੀ ਸੁਰੱਖਿਆ ਲਈ ਉਹ ਉਤਾਰੇ ਹੋਏ ਗਾਰਡ ਵੱਰਤੇ ਜਾਣਗੇ ਮੰਗ ਪੱਤਰ ਦੇਣ ਸਮੇਂ ਜ਼ਿਲ੍ਹਾ ਯੂਥ ਵਿੰਗ ਪ੍ਰਧਾਨ ਸੀਮਾ ਸ਼ਰਮਾ, ਲੀਗਲ ਅਡਵਾਇਜ਼ਰ ਕਮਲਪ੍ਰੀਤ ਮੋਹਾਲ, ਸ਼ਹਿਰੀ ਪ੍ਰਧਾਨ ਇਕਬਾਲ ਸਿੰਘ, ਸੁਰਿੰਦਰ ਸਿੰਘ ਆਦਿ ਹਾਜ਼ਰ ਸਨ।

## ਕਾਤਰਾਂ

### ਗੁਰੂ ਨਾਨਕ ਨੈਸ਼ਨਲ ਕਾਲਜ ਦੇ ਨਤੀਜੇ ਸ਼ਾਨਦਾਰ ਰਹੇ



ਦੋਰਾਹਾ (ਹਰਮਿੰਦਰ ਸੇਠ)-ਬੀਤੇ ਦਿਨੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਬੀ.ਸੀ.ਏ. ਦੇ ਨਤੀਜੇ ਐਲਾਨੇ ਗਏ, ਜਿਨ੍ਹਾਂ ਵਿੱਚ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਵਿਦਿਆਰਥੀਆਂ ਨੇ ਖ਼ੂਬ ਮੱਲਾਂ ਮਾਰੀਆਂ।ਨਤੀਜੇ ਬਾਰੇ ਜਾਣਕਾਰੀ ਦਿੰਦਿਆਂ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਬੀ.ਸੀ.ਏ. ਛੇਵਾਂ ਸਮੈਸਟਰ ਵਿੱਚੋਂ ਸੁਮਿਤ ਮਾਂਗਟ ਨੇ 80.8% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ, ਗੁਰਲੀਨ ਕੌਰ ਨੇ 80.6% ਅੰਕ ਪ੍ਰਾਪਤ ਕਰਕੇ ਦੂਜਾ ਤੇ ਤੁਸ਼ਾਰ ਅਰੋੜਾ ਨੇ 78.9% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਇਸ ਸਾਲ ਵੀ ਕਾਲਜ ਦੇ ਨਤੀਜੇ ਸ਼ਾਨਦਾਰ ਰਹੇ।ਉਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਤੇ ਵਿਸ਼ੇਸ਼ ਕਰਕੇ ਅਧਿਆਪਕਾਂ ਨੂੰ ਵਧਾਈ ਦਿੱਤੀ, ਜਿਨ੍ਹਾਂ ਦੀ ਸਾਂਝੀ ਮਿਹਨਤ ਸਦਕਾ ਕਾਲਜ ਤੇ ਇਲਾਕੇ ਦਾ ਨਾਂਅ ਰੌਸ਼ਨ ਹੋਇਆ।

### ਬਿਨਾਂ ਪ੍ਰਮਿਟ ਸ਼ਰਾਬ ਪਿਲਾਉਣ ਦੇ ਮਾਮਲੇ 'ਚ ਹੋਟਲ ਦੇ ਮਾਲਕ ਸਮੇਤ ਦਸ ਖਿਲਾਫ ਕੇਸ ਦਰਜ

ਸਮਾਣਾ (ਇਕਬਾਲ ਸਿੰਘ ਬੱਲ, ਗੁਰੂਪਿਆਰ ਸਿੰਘ ਬੱਲ)-ਬੀਤੀ ਰਾਤ ਪਟਿਆਲਾ ਰੋਡ 'ਤੇ ਬਣੇ ਹੋਟਲ ਅਰੋਸਾ ਦੇ ਮਾਲਕ ਜਵਾਹਰ ਲਾਲ ਪੁੱਤਰ ਪੰਨਾ ਲਾਲ ਵਾਸੀ ਕੇਸਵ ਨਗਰ ਸਮਾਣਾ 'ਤੇ ਬਿਨਾਂ ਪ੍ਰਮਿਟ ਹੋਟਲ 'ਚ ਸ਼ਰਾਬ ਪਿਲਾਉਣ ਦੇ ਮਾਮਲੇ ਵਿੱਚ ਸਮਾਣਾ ਸਿਟੀ ਪੁਲਸ ਨੇ ਅਕਸਾਈਜ਼ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਤੇ ਸ਼ਰਾਬ ਪੀਣ ਵਾਲੇ 10 ਵਿਅਕਤੀਆਂ ਨੂੰ ਕੀਤਾ ਗ੍ਰਿਫ਼ਤਾਰ।ਕੇਸ ਦੇ ਤਫਤੀਸ਼ੀ ਅਫਸਰ ਸਹਾਇਕ ਥਾਣੇਦਾਰ ਗੁਰਬਖਸ਼ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਨੇ ਥਾਣਾ ਸਿਟੀ ਇੰਚਾਰਜ ਇੰਸਪੈਕਟਰ ਗੁਰਇਕਬਾਲ ਸਿੰਘ ਸਿਕੰਦ ਦੀ ਅਗਵਾਈ ਹੇਠ ਅੰਬੇਡਕਰ ਚੌਕ ਸਮਾਣਾ ਵਿਖੇ ਸ਼ੱਕੀ ਤੇ ਭੈੜੇ ਪੁਰਸ਼ਾਂ 'ਤੇ ਨਜ਼ਰ ਰੱਖਣ ਲਈ ਗਸ਼ਤ ਕਰ ਰਹੀ ਸੀ ਇਸੇ ਸਮੇਂ ਦੌਰਾਨ ਉਨ੍ਹਾਂ ਨੂੰ ਇਤਲਾਹ ਮਿਲੀ ਕਿ ਪਟਿਆਲਾ ਰੋਡ 'ਤੇ ਬਣੇ ਹੋਟਲ ਅਰੋਸਾ ਪੈਲਸ ਦਾ ਮਾਲਕ ਜਵਾਹਰ ਲਾਲ ਬਿਨਾਂ ਪ੍ਰਮਿਟ ਤੋਂ ਲੋਕਾਂ ਨੂੰ ਸ਼ਰਾਬ ਪਿਲਾ ਰਿਹਾ ਹੈ। ਇਤਲਾਹ ਮਿਲਣ 'ਤੇ ਉਨ੍ਹਾਂ ਆਪਣੀ ਪੁਲਸ ਪਾਰਟੀ ਨਾਲ ਮੌਕੇ 'ਤੇ ਰੇਡ ਕੀਤੀ ਤੇ ਹੋਟਲ ਪ੍ਰਬੰਧਕਾਂ ਨੂੰ ਸ਼ਰਾਬ ਪਿਲਾਉਣ 'ਤੇ ਪ੍ਰਮਿਟ ਬਾਬਤ ਪੁੱਛਿਆ, ਜਦੋਂ ਹੋਟਲ ਦੇ ਪ੍ਰਬੰਧਕ ਹੋਟਲ 'ਚ ਸ਼ਰਾਬ ਪਿਲਾਉਣ ਸਬੰਧੀ ਪ੍ਰਮਿਟ ਨਾ ਦਿਖਾ ਸਕੇ ਤਾਂ ਪੁਲਸ ਨੇ ਸ਼ਰਾਬ ਪੀ ਰਹੇ 10 ਲੋਕਾਂ ਨੂੰ ਆਪਣੀ ਹਿਰਾਸਤ 'ਚ ਲੈ ਲਿਆ।ਥਾਣਾ ਸਮਾਣਾ ਸਿਟੀ ਪੁਲਸ ਨੇ ਫੜੇ ਗਏ ਮੁਲਜ਼ਮਾਂ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਲੋਕ ਵਿਰੋਧੀ ਕਾਨੂੰਨਾਂ ਦੀਆਂ ਕਾਪੀਆਂ ਸਾੜਨ ਦੇ ਰੋਸ ਪ੍ਰਦਰਸ਼ਨ 'ਚ ਸ਼ਾਮਲ ਹੋਣਗੇ ਲੇਖਕ : ਮਾਨਖੇੜਾ

ਬਠਿੰਡਾ (ਬਖਤੌਰ ਢਿੱਲੋਂ)-ਪੰਜਾਬੀ ਸਾਹਿਤ ਸਭਾ ਬਠਿੰਡਾ ਇੱਕ ਜੁਲਾਈ ਦੇ ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਹੋ ਕੇ ਲੋਕ ਵਿਰੋਧੀ ਕਾਨੂੰਨਾਂ ਤੇ ਲੇਖਕਾਂ ਬੁੱਧੀਜੀਵੀਆਂ ਉੱਪਰ ਦਰਜ ਹੋ ਰਹੇ ਮੁਕੱਦਮਿਆਂ ਖਿਲਾਫ ਆਵਾਜ਼ ਬੁਲੰਦ ਕਰੇਗੀ।ਸਾਹਿਤ ਸਭਾ ਦੇ ਪ੍ਰਧਾਨ ਜਸਪਾਲ ਮਾਨਖੇੜਾ ਤੇ ਜਨਰਲ ਸਕੱਤਰ ਰਣਜੀਤ ਗੌਰਵ ਨੇ ਦੱਸਿਆ ਕਿ ਜਮਹੂਰੀ ਅਧਿਕਾਰ ਸਭਾ ਪੰਜਾਬ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਤਹਿਸੀਲ ਅਤੇ ਜ਼ਿਲ੍ਹਾ ਪੱਧਰੀ ਰੋਸ ਪ੍ਰਦਰਸ਼ਨਾਂ ਦੇ ਤਹਿਤ ਬਠਿੰਡਾ ਵਿਖੇ ਹੋਣ ਵਾਲੇ ਰੋਸ ਪ੍ਰਦਰਸ਼ਨ ਵਿੱਚ ਲੇਖਕ ਤੇ ਪਾਠਕ ਸ਼ਾਮਲ ਹੋਣਗੇ।ਉਨ੍ਹਾਂ ਬਠਿੰਡਾ ਦੀਆਂ ਸਮੂਹ ਸਾਹਿਤਕ ਸੰਸਥਾਵਾਂ ਨੂੰ ਵੀ ਇਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਸਾਹਿਤ ਸਭਾ ਦੇ ਮੀਤ ਪ੍ਰਧਾਨ ਬਲਵਿੰਦਰ ਸਿੰਘ ਭੁੱਲਰ, ਪ੍ਰੈੱਸ ਸਕੱਤਰ ਅਮਨ ਦਾਤੇਵਾਸੀਆ ਤੇ ਮੀਡੀਆ ਸਲਾਹਕਾਰ ਰਮੇਸ਼ ਕੁਮਾਰ ਗਰਗ ਨੇ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਕਿਹਾ ਕਿ ਦਿੱਲੀ ਦੇ ਰਾਜਪਾਲ ਵੱਲੋਂ ਕਿਸੇ ਪੁਰਾਣੀ ਤਕਰੀਰ ਦੇ ਅਧਾਰ 'ਤੇ ਕੇਸ ਦਰਜ ਕਰਨ ਦੀ ਮਨਜ਼ੂਰੀ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ ਤੇ ਇੱਕ ਜੁਲਾਈ ਤੋਂ ਲਾਗੂ ਹੋ ਰਹੇ ਨਵੇਂ ਫੌਜਦਾਰੀ ਕਾਨੂੰਨ ਦੀਆਂ ਕਾਪੀਆਂ ਸਾੜਨ ਦੇ ਭਰਾਤਾਰੀ ਜਥੇਬੰਦੀਆਂ ਦੇ ਸੰਘਰਸ਼ ਵਿੱਚ ਸ਼ਾਮਲ ਹੋ ਕੇ ਆਵਾਜ਼ ਬੁਲੰਦ ਕੀਤੀ ਜਾਵੇਗੀ।

# ਕਮਿਊਨਿਟੀ ਹੈਲਥ ਅਫਸਰਾਂ ਵੱਲੋਂ ਅੱਜ ਤੋਂ ਆਨਲਾਈਨ ਕੰਮ ਠੱਪ ਕਰਨ ਦਾ ਐਲਾਨ

## 6 ਨੂੰ ਜਲੰਧਰ 'ਚ ਰੈਲੀ ਕਰਨ ਦਾ ਕੀਤਾ ਐਲਾਨ



ਮਮਦੋਟ (ਹਰਪਾਲ ਸਿੰਘ ਸੋਢੀ)-ਕਮਿਊਨਿਟੀ ਹੈਲਥ ਅਫ਼ਸਰ ਐਸੋਸੀਏਸ਼ਨ ਪੰਜਾਬ ਦੇ ਜ਼ਿਲ੍ਹਾ ਆਗੂ ਨਰਿੰਦਰ ਸਿੰਘ ਤੇ ਡਾ. ਪ੍ਰੀਤ ਮੁਖੀਜਾ ਨੇ ਪ੍ਰੈੱਸ ਨਾਲ ਗੱਲਬਾਤ ਕਰਦੇ ਦੱਸਿਆ ਕਿ ਅਸੀਂ ਪਿਛਲੇ ਇੱਕ ਮਹੀਨੇ ਤੋਂ ਵਿਭਾਗ ਤੇ ਸਰਕਾਰ ਕੋਲੋਂ ਪੱਤਰਾਂ ਰਾਹੀਂ ਮਿਲਣ ਦਾ ਸਮਾਂ ਮੰਗ ਰਹੇ ਹਾਂ ਤਾਂ ਕਿ ਬੈਠ ਕੇ ਮਸਲੇ ਹੱਲ ਹੋ ਸਕਣ, ਪਰ ਅਫਸੋਸ ਦੀ ਗੱਲ ਹੈ ਕਿ ਸਰਕਾਰ ਦੇ ਕਿਸੇ ਵੀ ਨੁਮਾਇੰਦੇ ਵੱਲੋਂ ਸਾਡੀ ਬਾਂਹ ਨਹੀਂ ਫੜੀ ਗਈ।ਪੂਰੇ ਪੰਜਾਬ ਦੇ ਵਿੱਚ ਲਗਭੱਗ 2600 ਦੇ ਕਰੀਬ ਸੀ ਐੱਚ ਓ ਪਿੰਡਾਂ ਵਿੱਚ ਚੱਲ ਰਹੀਆਂ ਡਿਸਪੈਂਸਰੀਆਂ ਵਿੱਚ ਪੇਂਡੂ ਦੇ ਗਰੀਬ ਲੋਕਾਂ ਨੂੰ ਮੁਢਲੀਆਂ ਸਿਹਤ ਸਹੂਲਤਾਂ ਦੇ ਰਹੇ ਹਨ, ਪ੍ਰੰਤੂ ਸੀਐੱਚਓ ਨੂੰ ਪਿਛਲੇ ਲੰਬੇ ਸਮੇਂ ਤੋਂ ਆ ਰਹੀਆਂ ਮੁਸ਼ਕਲਾਂ ਬਾਰੇ ਵਿਭਾਗ ਤੇ ਸਰਕਾਰ ਦੋਨਾਂ ਵੱਲੋਂ ਅਣਗੌਲਿਆ ਕੀਤਾ ਗਿਆ।ਹੁਣ ਸੂਬੇ ਭਰ ਦੇ ਲਗਭਗ 2600 ਸੀਐੱਚਓ 1 ਜੁਲਾਈ 2024 ਤੋਂ ਅਨਮਿੱਥੇ ਸਮੇਂ ਲਈ ਪੰਜਾਬ ਭਰ ਵਿੱਚ ਆਨਲਾਈਨ ਹੜਤਾਲ 'ਤੇ ਜਾ ਰਹੇ ਨੇ ਤੇ ਇਸ ਦੇ ਨਾਲ ਹੀ 6 ਜੁਲਾਈ ਦੀ ਰੈਲੀ, ਜੋ ਕਿ ਜਲੰਧਰ ਵਿਖੇ (ਜਿੱਥੇ ਸੀ ਐੱਮ ਭਗਵੰਤ ਮਾਨ ਸਾਬ ਨੇ ਕੋਠੀ ਕਿਰਾਏ 'ਤੇ ਲਈ ਹੈ) ਕਰਨ ਦਾ ਐਲਾਨ ਯੂਨੀਅਨ ਵੱਲੋਂ ਕੀਤਾ ਗਿਆ ਹੈ।ਅਸੀਂ ਵਾਰ ਵਾਰ ਮਸਲੇ ਹੱਲ ਕਰਨ ਦੀ ਅਪੀਲ ਲੈ ਕੇ ਮੰਤਰੀਆਂ ਤੇ ਉੱਚ ਅਧਿਕਾਰੀਆਂ ਕੋਲ ਪਹੁੰਚੇ, ਪਰ ਹਰ ਵਾਰ ਸਾਨੂੰ ਲਾਰੇ ਲਗਾ ਕੇ ਤੋਰ ਦਿੱਤਾ ਗਿਆ, ਪਰ ਹੁਣ ਸਾਡੇ ਸਬਰ ਦੀ ਹੱਦ ਖ਼ਤਮ ਹੋ ਚੁੱਕੀ ਹੈ, ਪੂਰੇ ਪੰਜਾਬ ਦੇ ਸੀਐੱਚਓ ਹੁਣ ਆਪਣਾ ਸਾਰੇ ਦਾ ਸਾਰਾ ਆਨਲਾਈਨ ਕੰਮ ਬੰਦ ਕਰਨ ਤੇ 6 ਜੁਲਾਈ ਨੂੰ ਪੂਰੇ ਸੂਬੇ ਦੀਆਂ ਸਿਹਤ ਸੇਵਾਵਾਂ ਠੱਪ ਕਰ ਕੇ ਜਲੰਧਰ ਵਿਖੇ ਧਰਨਾ ਲਗਾਉਣ ਲਈ ਮਜਬੂਰ ਹਨ।ਇਸ ਰੈਲੀ ਵਿੱਚ ਸਰਕਾਰ ਵੱਲੋਂ ਸਾਡੇ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦਾ ਪ੍ਰਚਾਰ ਆਮ ਲੋਕਾਂ ਵਿੱਚ ਕਰਾਂਗੇ ਅਤੇ ਸਰਕਾਰ ਦੇ ਖੋਖਲੇ ਦਾਅਵਿਆਂ ਦੀ ਅਸਲੀ ਸਚਾਈ ਲੋਕਾਂ ਸਾਹਮਣੇ ਰੱਖਾਂਗੇ। ਜੇਕਰ ਰੈਲੀ ਤੋਂ ਬਾਅਦ ਵੀ ਸਾਡੇ ਮਸਲੇ ਹੱਲ ਨਹੀਂ ਕੀਤੇ ਜਾਂਦੇ ਤਾਂ ਮਜ਼ਬੂਰਨ ਸਾਨੂੰ ਅਣਮਿੱਥੇ ਸਮੇਂ ਲਈ ਸਾਰੀਆਂ ਸਿਹਤ ਸਹੂਲਤਾਂ ਠੱਪ ਕਰਨੀਆਂ ਪੈਣਗੀਆਂ, ਜਿਸ ਦੇ ਨਾਲ ਆਮ ਲੋਕਾਂ ਦਾ ਨੁਕਸਾਨ ਹੋਏਗਾ ਤੇ ਇਸ ਦੀ ਨਿਰੋਲ ਜ਼ਿੰਮੇਵਾਰੀ ਵਿਭਾਗ ਤੇ ਸਰਕਾਰ ਦੀ ਹੋਏਗੀ।ਇਸ ਮੌਕੇ ਜ਼ਿਲ੍ਹਾ ਆਗੂਆਂ ਤੋਂ ਇਲਾਵਾ ਡਾ. ਪ੍ਰੇਮ ਸਿੰਘ. ਡਾ. ਗੁਰਵਿੰਦਰ ਸਿੰਘ, ਛਿੰਦਾ ਸਿੰਘ, ਪ੍ਰਤਿਭਾ, ਨੀਤਿਕਾ ਮੁਖੀਜਾ, ਅੰਜੂ, ਬਲਜੀਤ ਕੌਰ, ਰੁਪਿੰਦਰ ਕੌਰ, ਰਾਜਵਿੰਦਰ ਕੌਰ, ਬਿਮਲਾ ਰਾਣੀ, ਰੇਣੂ ਬਾਲਾ, ਪੂਜਾ ਤੇ ਸਰਬਜੀਤ ਹਾਜ਼ਰ ਸਨ।

# ਹਰਿਆਣਾ ਕਾਂਗਰਸ 'ਚ ਦਿਸਿਆ ਆਕਾ ਦੀ ਘੁਰਕੀ ਦਾ ਅਸਰ

## ਜੇ ਸਹੀ ਫੀਡਬੈਕ ਲਿਆ ਹੁੰਦਾ ਤਾਂ ਅਸੀਂ 5 ਦੀ ਥਾਂ 8 ਸੀਟਾਂ ਜਿੱਤਦੇ : ਸੈਲਜ਼ਾ



ਸਿਰਸਾ (ਸੁਰਿੰਦਰ ਪਾਲ ਸਿੰਘ)-ਪਿਛਲੇ ਦਿਨਾਂ ਵਿੱਚ ਰਾਹੁਲ ਗਾਂਧੀ ਵੱਲੋਂ ਸਖਤ ਸ਼ਬਦਾਂ ਵਿੱਚ ਹਰਿਆਣਾ ਵਿੱਚ ਚੱਲ ਰਹੀ ਧੜੇਬੰਦੀ ਸੰਬੰਧੀ ਤਾੜਨਾ ਉਪਰੰਤ ਸਿਰਸਾ ਤੋਂ ਸੰਸਦ ਮੈਂਬਰ ਕੁਮਾਰੀ ਸ਼ੈਲਜਾ ਵੱਲੋਂ ਰਾਹੁਲ ਗਾਂਧੀ ਨਾਲ ਮੁਲਾਕਾਤ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਵੀਡੀਓ ਸਪੱਸ਼ਟ ਕਰਦੇ ਕਿਹਾ ਗਿਆ ਕਿ ਹਰਿਆਣਾ ਵਿੱਚ ਕਾਂਗਰਸ ਹਾਈਕਮਾਂਡ ਨੇ ਹੇਠਲੇ ਲੋਕਾਂ ਨੂੰ ਨਹੀਂ ਸਮਝਿਆ, ਇੰਚਾਰਜ ਨੇ ਸਹੀ ਢੰਗ ਨਾਲ ਫੀਡਬੈਕ ਨਹੀਂ ਲਿਆ।ਜੇ ਸਹੀ ਫੀਡਬੈਕ ਲਿਆ ਹੰਦਾ ਤਾਂ ਅਸੀਂ 5 ਦੀ ਬਜਾਏ 8 ਤੋ 10 ਸੀਟਾਂ ਵੱਲ ਜਾ ਸਕਦੇ ਸੀ। ਉਨ੍ਹਾਂ ਕਿਹਾ ਕਿ ਰਾਜਨੀਤੀ ਮੈਂ ਆਪਣੀ ਸਾਰੀ ਜ਼ਿੰਦਗੀ ਪਾਰਟੀ ਲਈ ਲਾ ਦਿੱਤੀ ਤੇ ਰਾਜਨੀਤੀ ਵਿੱਚ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਕੋਈ ਇੱਕ ਸਮੂਹ ਪਿੱਛੇ ਕਿਉਂ ਰਹਿ ਜਾਂਦਾ ਹੈ ? ਦਿੱਲੀ ਵਿੱਚ ਹੋਈ ਕਾਂਗਰਸ ਹਾਈ ਕਮਾਂਡ ਦੀ ਮੀਟਿੰਗ ਵਿੱਚ ਰਾਹੁਲ ਗਾਂਧੀ ਨੇ ਹਰਿਆਣਾ ਦੇ ਆਗੂਆਂ ਨੂੰ ਧੜੇਬੰਦੀ ਭੁਲਾ ਕੇ ਅੱਗੇ ਵਧਣ ਦੀਆਂ ਸਿੱਧੀਆਂ ਹਦਾਇਤਾਂ ਦਿੱਤੀਆਂ ਸਨ।ਰਾਹੁਲ ਨੇ ਕਿਹਾ ਕਿ ਧੜੇਬੰਦੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਸਾਰੇ ਆਗੂ ਏਕਤਾ ਬਣਾ ਕੇ ਲੋਕ ਮਸਲਿਆਂ ਲਈ ਜ਼ੋਰਦਾਰ ਢੰਗ ਨਾਲ ਲੜਨ। ਰਾਹੁਲ ਨੇ ਕਿਹਾ ਸੀ ਕਿ ਸਾਡੀ ਪਾਰਟੀ ਦੇ ਲੋਕਾਂ ਨੂੰ ਜਨਤਕ ਥਾਵਾਂ ਤੇ ਖਾਸ ਕਰਕੇ ਮੀਡੀਆ ਸਾਹਮਣੇ ਇਕ-ਦੂਜੇ ਖਿਲਾਫ ਬਿਆਨਬਾਜ਼ੀ ਨਹੀਂ ਕਰਨੀ ਚਾਹੀਦੀ।ਅੰਦੂਰਨੀ ਸੂਤਰ ਦਸਦੇ ਹਨ ਕਿ ਕੁਮਾਰੀ ਸ਼ੈਲਜ਼ਾ ਹਰਿਆਣਾ ਵਿੱਚ ਮੁੱਖ ਮੰਤਰੀ ਅਹੁਦੇ ਹਿੱਤ ਵਿਧਾਨ ਸਭਾ ਚੋਣਾਂ ਲੜਨ ਦੇ ਇੱਛੁਕ ਸਨ, ਪਰ ਉਨ੍ਹਾਂ ਨੂੰ ਸਿਰਸਾ ਤੋਂ ਲੋਕ ਸਭਾ ਚੋਣ ਲੜਨ ਲਈ ਭੇਜਿਆ ਗਿਆ ਤੇ ਉਹ ਸਿਰਸਾ ਤੋਂ ਸੰਸਦ ਮੈਂਬਰ ਚੁਣੇ ਗਏ। ਕੁਝ ਰਾਜਨੀਤੀਵਾਨਾਂ ਦਾ ਕਹਿਣਾ ਹੈ ਕਿ ਮੈਡਮ ਸੈਲਜ਼ਾ ਨੂੰ ਸੀ ਐੱਮ ਦੀ ਦੌੜ ਤੋਂ ਬਾਹਰ ਕਰਨ ਲਈ ਲੋਕ ਸਭਾ ਚੋਣਾਂ ਲੜੀਆਂ ਗਈਆਂ ਸਨ।ਅਸਲ ਵਿੱਚ ਹਰਿਆਣਾ ਕਾਂਗਰਸ ਵਿੱਚ ਅਤੇ ਹੁੱਡਾ ਤੇ ਸੈਲਜ਼ਾ ਧੜੇ ਵਿੱਚ ਧੜੇਬੰਦੀ ਦੇ ਚੱਲਦੇ ਦੋਵੇਂ ਇਕ-ਦੂਜੇ ਖਿਲਾਫ ਬਿਆਨਬਾਜ਼ੀ ਕਰਦੇ ਰਹਿੰਦੇ ਹਨ।ਫਿਲਹਾਲ ਕਿਰਨ ਚੌਧਰੀ ਵੱਲੋਂ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਹੁੱਡਾ ਗਰੁੱਪ ਖਿਲਾਫ ਕੁਮਾਰੀ ਸ਼ੈਲਜਾ ਦਾ ਸਾਥ ਘਟ ਗਿਆ ਹੈ।ਇਹ ਵੀ ਧਿਆਨ ਯੋਗ ਹੈ ਕਿ ਹਰਿਆਣਾ ਕਾਂਗਰਸ ਦੇ ਰਣਦੀਪ ਸੁਰਜੇਵਾਲਾ ਦੇ ਕੇਂਦਰੀ ਰਾਜਨੀਤੀ ਵਿੱਚ ਸਰਗਰਮ ਹੋਣ ਕਾਰਨ ਹਰਿਆਣਾ 'ਚ ਹੁੱਡਾ ਗਰੁੱਪ ਖਿਲਾਫ ਕੁਮਾਰੀ ਸ਼ੈਲਜਾ ਇਕੱਲੀ ਹੁੰਦੀ ਜਾ ਰਹੀ ਹੈ।

# ਰਵਿੰਦਰ ਸੱਭਰਵਾਲ ਸਰਬਸੰਮਤੀ ਨਾਲ ਸ੍ਰੀ ਵੈਸ਼ਨਵ ਡਰਾਮਾਟਿਕ ਕਲੱਬ ਦੇ ਪ੍ਰਧਾਨ ਬਣੇ



ਜਗਰਾਉਂ (ਅਮਿਤ ਖੰਨਾ)-ਪਿਛਲੇ ਕਈ ਦਹਾਕਿਆਂ ਤੋਂ ਸ੍ਰੀ ਵੈਸ਼ਨਵ ਡਰਾਮਾਟਿਕ ਕਲੱਬ ਰਜਿਸਟਰਡ ਜਗਰਾਉਂ ਵੱਲੋਂ ਮਰਿਆਦਾ ਪੁਰਸ਼ੋਤਮ ਭਗਵਾਨ ਸ਼੍ਰੀ ਰਾਮਚੰਦਰ ਜੀ ਦੇ ਆਸ਼ੀਰਵਾਦ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਰਾਮ ਨਾਟਕ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਸਾਲ ਵੀ ਸ੍ਰੀ ਵੈਸ਼ਨਵ ਡਰਾਮਾਟਿਕ ਕਲੱਬ ਜਗਰਾਉਂ ਦੇ ਅਹੁਦੇਦਾਰਾਂ ਵੱਲੋਂ ਸੁਭਾਸ਼ ਗੇਟ ਨੇੜੇ ਗੀਤਾ ਭਵਨ ਮੰਦਰ ਵਿਖੇ ਰਾਮ ਨਾਟਕ ਦਾ ਆਯੋਜਨ ਕਰਨ ਤੇ ਨਵੀਂ ਕਮੇਟੀ ਦਾ ਗਠਨ ਕਰਨ ਲਈ ਵਿਸ਼ੇਸ਼ ਮੀਟਿੰਗ ਬੁਲਾਈ ਗਈ।ਮੀਟਿੰਗ ਦੌਰਾਨ ਕਲੱਬ ਦੇ ਸਮੂਹ ਮੈਂਬਰਾਂ ਨੇ ਸਰਬਸੰਮਤੀ ਨਾਲ ਰਵਿੰਦਰ ਕੁਮਾਰ ਸੱਭਰਵਾਲ (ਨੀਟਾ) ਨੂੰ ਪ੍ਰਧਾਨ, ਮਨਜੀਤ ਸਿੰਘ ਉੱਬੀ ਨੂੰ ਮੀਤ ਪ੍ਰਧਾਨ, ਅਸ਼ਵਨੀ ਕੁਮਾਰ ਬੱਲੂ ਤੇ ਸੁਨੀਲ ਪਾਠਕ ਨੂੰ ਡਾਇਰੈਕਟਰ ਅਤੇ ਐਂਕਰ ਸੀਪੀ ਸੈਕਟਰੀ ਨਿਯੁਕਤ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਰਵਿੰਦਰ ਕੁਮਾਰ ਸੱਭਰਵਾਲ (ਨੀਟਾ) ਨੇ ਦੱਸਿਆ ਕਿ ਮਰਿਆਦਾ ਪੁਰਸ਼ੋਤਮ ਭਗਵਾਨ ਸ਼੍ਰੀ ਰਾਮ ਚੰਦਰ ਦੇ ਆਸ਼ੀਰਵਾਦ ਸਦਕਾ ਕਲੱਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਰਾਮ ਨਾਟਕ ਦਾ ਆਯੋਜਨ 2 ਅਕਤੂਬਰ ਤੋਂ 13 ਅਕਤੂਬਰ ਤੱਕ ਭੰਗੜ ਗੇਟ ਨੇੜੇ ਚੰਡੀਗੜ੍ਹ ਕਾਲੋਨੀ ਵਿਖੇ ਕੀਤਾ ਜਾਵੇਗਾ।ਇਸ ਮੌਕੇ ਡਾ: ਕੇਸ਼ਵ ਗੋਇਲ, ਬਲਵਿੰਦਰ ਸਿੰਘ ਬਾਂਗੜ, ਸਤਪਾਲ ਭੱਟੀ, ਰਾਮ ਨਾਥ ਗੋਇਲ, ਸਰਬਜੀਤ ਸਿੰਘ ਲੰਕਾ, ਸਪਨ ਕਪੂਰ, ਸਾਜਨ ਮਲਹੋਤਰਾ, ਰਜਨੀਸ਼ ਬਾਂਸਲ, ਮੱਖਣ ਲਾਲ ਸੇਨ, ਗੌਰਵ ਹਾਂਡਾ, ਕੁਲਦੀਪ ਸਿੰਘ ਗਿੱਲ, ਚੇਤਨ ਅਰੋੜਾ, ਰਵੀ ਗੁੰਬਰ, ਸੰਨੀ ਗੁੰਬਰ, ਰਾਹੁਲ, ਰਾਜੂ, ਅਸ਼ੋਕ ਅਰੋੜਾ, ਆਰਨ ਬਾਂਸਲ , ਵਿਨੋਦ ਕੁਮਾਰ, ਗੌਰਵ ਕਪੂਰ ਆਦਿ ਹਾਜ਼ਰ ਸਨ।

# ਹੀਪੋ ਵੱਲੋਂ ਠੱਗੀਆਂ ਤੋਂ ਬਚਾਉਣ ਲਈ ਜਾਗਰੂਕਤਾ ਕੈਂਪ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) ਵਿਦੇਸ਼ ਭੇਜਣ ਦੇ ਨਾਂਅ 'ਤੇ ਦਿਨੋਂ ਦਿਨ ਵਧਦੇ ਠੱਗੀ ਦੇ ਜਾਲ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਪਿੰਡ ਸ਼ੁਤਰਾਣਾ ਦੇ ਗੁਰਦੁਆਰਾ ਨਾਮ ਜਪੁ ਸਾਹਿਬ ਵਿੱਚ ਜਾਗਰੂਕਤਾ ਕੈਂਪ ਲਗਾਇਆ ਗਿਆ।ਹੀਪੋ ਕੈਂਪਸ ਸੰਗਰੂਰ ਦੀ ਟੀਮ ਵੱਲੋਂ ਲੋਕਾਂ ਨੂੰ ਜਾਗਰੂਕ ਕਰਦਿਆਂ ਹਰਮਨ ਸਿੰਘ ਤੇ ਗੁਰਲੀਨ ਕੌਰ ਨੇ ਦੱਸਿਆ ਕਿ ਅਕਸਰ ਹੀ ਲੋਕ ਉਨ੍ਹਾਂ ਠੱਗ ਏਜੰਟਾਂ ਕੋਲ ਫ਼ਸ ਜਾਂਦੇ ਹਨ, ਜਿਨ੍ਹਾਂ ਕੋਲ ਸਰਕਾਰ ਵੱਲੋਂ ਕੋਈ ਮਾਨਤਾ ਨਹੀ ਹੁੰਦੀ।ਫਿਰ ਉਹ ਠੱਗ ਏਜੰਟ ਆਮ ਲੋਕਾਂ ਨੂੰ ਅਜਿਹੇ ਸਬਜ਼ਬਾਗ ਵਿਖਾਉਂਦਾ ਹੈ ਕਿ ਲੋਕ ਉਸ ਦੀਆਂ ਗੱਲਾਂ ਵਿੱਚ ਫਸ ਕੇ ਲੱਖਾਂ ਰੁਪਏ ਦੀ ਠੱਗੀ ਦਾ ਸ਼ਿਕਾਰ ਹੋ ਜਾਂਦੇ ਹਨ।ਕਈ ਵਾਰ ਤਾਂ ਅਜਿਹੇ ਠੱਗ ਕਿਸਮ ਦੇ ਲੋਕ ਦੁਬਾਰਾ ਲਭਦੇ ਨਹੀਂ ਜੇਕਰ ਲੱਭ ਵੀ ਜਾਣ ਤਾਂ ਪੁਲਸ ਕੇਸ ਜਾਂ ਅਦਾਲਤਾਂ ਦੇ ਕੇਸ ਭੁਗਤਦਿਆਂ ਫਸੀ ਰਕਮ ਦਾ ਵਿਆਜ਼ ਵੀ ਨਹੀਂ ਮੁੜਦਾ ਹੈ।ਉਨ੍ਹਾਂ ਲੋਕਾਂ ਨੂੰ ਜਾਗਰੂਕ ਕੀਤਾ ਕਿ ਹਮੇਸ਼ਾ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਟਰੈਵਲ ਏਜੰਟ ਕੋਲ ਹੀ ਜਾਇਆ ਜਾਵੇ ਅਤੇ ਬਿਨਾਂ ਪੂਰੀ ਤਸੱਲੀ ਦੇ ਆਪਣੇ ਅਸਲੀ ਕਾਗਜ਼ਾਤ ਕਦੇ ਨਾ ਦਿੱਤੇ ਜਾਣ, ਕਿਉਂਕਿ ਫਰਜ਼ੀ ਟਰੈਵਲ ਏਜੰਟ ਸਭ ਤੋਂ ਪਹਿਲਾਂ ਪਾਸਪੋਰਟ ਲੈ ਲੈਂਦੇ ਹਨ, ਜਿਹੜਾ ਕਈ ਵਾਰ ਵਾਪਸ ਕਰਾਉਣਾ ਵੀ ਔਖਾ ਹੋ ਜਾਂਦਾ ਹੈ।ਉਨ੍ਹਾਂ ਲੋਕਾਂ ਨੂੰ ਆਪਣੇ ਬੱਚਿਆਂ ਦੇ ਭਵਿੱਖ ਲਈ ਇਹ ਵੀ ਦੱਸਿਆ ਕਿ ਕੋਈ ਵੀ ਏਜੰਟ ਫਰਜ਼ੀ ਕਾਗਜ਼ਾਤ ਪੇਸ਼ ਕਰਕੇ ਤੁਹਾਡੇ ਬੱਚਿਆਂ ਨੂੰ ਵਿਦੇਸ਼ ਨਹੀਂ ਭੇਜ ਸਕਦਾ, ਕਿਉਂਕਿ ਹੁਣ ਵਿਦੇਸ਼ੀ ਸਰਕਾਰਾਂ ਬਹੁਤ ਚੌਕਸ ਹਨ।

ਵਿਦੇਸ਼ ਭੇਜਣ ਜਾਂ ਖ਼ੁਦ ਜਾਣ ਵੇਲੇ ਸਹੀ ਰਸਤੇ ਦੀ ਚੋਣ ਕਰਨੀ ਚਾਹੀਦੀ ਹੈ।ਇਸ ਮੌਕੇ ਸੁਖਵਿੰਦਰ ਸਿੰਘ ਝੱਬਰ, ਸਾਬਕਾ ਸਰਪੰਚ ਭਗਵੰਤ ਸਿੰਘ ਸ਼ੁਤਰਾਣਾ, ਬਲਵਾਨ ਸਿੰਘ, ਸਰਬਜੀਤ ਸਿੰਘ, ਗੁਰਤੇਜ ਸਿੰਘ ਢਿੱਲੋਂ, ਜੋਗਿੰਦਰ ਸਿੰਘ ਢਿੱਲੋਂ, ਜਸਵਿੰਦਰ ਸਿੰਘ, ਸੰਤੋਖ ਸਿੰਘ ਰਸੌਲੀ, ਲਸ਼ਕਰ ਸਿੰਘ, ਜਗਤ ਰਾਮ, ਰਾਜਾ ਰਾਮ, ਬਲਵਿੰਦਰ ਕੁਮਾਰ ਆਦਿ ਹਾਜ਼ਰ ਸਨ।

# ਨਸ਼ਿਆਂ ਵਿਰੁੱਧ ਜਾਗਰੂਕਤਾ ਸਾਈਕਲ ਰੈਲੀ 7 ਨੂੰ

ਨਾਭਾ (ਵਰਿੰਦਰ ਵਰਮਾ)-ਇਲਾਕੇ ਵਿੱਚ ਲੋੜਵੰਦਾਂ ਦੀ ਮਦਦ ਲਈ ਹਰ ਸਮੇਂ ਹਰ ਪੱਖੋਂ ਤਤਪਰ ਰਹਿਣ ਵਾਲੀ ਸੰਸਥਾ ਸ਼ਹੀਦ ਬਾਬਾ ਦੀਪ ਸਿੰਘ ਵੈੱਲਫੇਅਰ ਸੇਵਾ ਸੁਸਾਇਟੀ ਨਾਭਾ ਵੱਲੋਂ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ ਮਾੜੀਆਂ ਕੁਰਹਿਤਾਂ ਤੋਂ ਦੂਰ ਕਰਨ ਲਈ ਨਸ਼ਿਆਂ ਵਿਰੁੱਧ ਜਾਗਰੂਕਤਾ ਸਾਈਕਲ ਰੈਲੀ ਕੀਤੀ ਜਾਵੇਗੀ।ਇਸ ਸਾਈਕਲ ਰੈਲੀ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੁੱਖ ਸੇਵਾਦਾਰ ਅਮਨਦੀਪ ਸਿੰਘ ਲਵਲੀ ਨੇ ਕਿਹਾ ਕਿ ਰੈਲੀ ਵਿੱਚ ਹਰ ਉਹ ਵਿਅਕਤੀ, ਜੋ ਆਪਣੇ ਬੱਚਿਆਂ ਨੂੰ ਸਮਾਜ ਨੂੰ ਇਸ ਮਾੜੀ ਕੁਰਹਿਤ ਤੋਂ ਬਚਾਉਣਾ ਚਾਹੁੰਦਾ, ਇਸ ਰੈਲੀ ਦਾ ਹਿੱਸਾ ਬਣਨ।

ਉਨ੍ਹਾਂ ਕਿਹਾ ਕਿ ਇਸ ਰੈਲੀ ਦਾ ਖੁੱਲ੍ਹਾ ਸੱਦਾ ਇਲਾਕੇ ਦੇ ਵਸਨੀਕਾਂ ਨੂੰ ਦਿੱਤਾ ਜਾਂਦਾ ਹੈ ਤੇ 7 ਜੁਲਾਈ 2024 ਸਵੇਰੇ 6 ਵਜੇ ਨਸ਼ਾ ਵਿਰੋਧੀ ਜਾਗਰੂਕਤਾ ਸਾਈਕਲ ਰੈਲੀ ਐੱਸ ਡੀ ਐੱਮ ਦਫਤਰ ਦੇ ਸਾਹਮਣਿਓਂ ਸ਼ੁਰੂ ਹੋਵੇਗੀ।ਇਸ ਜਾਗਰੂਕਤਾ ਰੈਲੀ ਵਿੱਚ ਸੰਵਾਦ ਗਰੁੱਪ ਸਮੇਤ ਇਲਾਕੇ ਦੀਆਂ ਸਮਾਜ ਸੇਵੀ ਸੰਸਥਾਵਾਂ ਕਲੱਬ ਡਾਕਟਰ ਸਾਹਿਬਾਨ ਹਰ ਤਰ੍ਹਾਂ ਦੇ ਵਪਾਰ ਨਾਲ ਜੁੜੀਆਂ ਵਪਾਰੀਕ ਸੰਸਥਾਵਾਂ ਸਹਿਯੋਗ ਦੇ ਰਹੀਆਂ ਹਨ।ਸੰਵਾਦ ਗਰੁੱਪ ਦੇ ਮੁਖੀ ਰਾਜੇਸ਼ ਢੀਂਗਰਾ ਨੇ ਸਾਰਿਆਂ ਨੂੰ ਸਾਈਕਲ ਲੈ ਕੇ ਰੈਲੀ 'ਚ ਪਹੁੰਚਣ ਦੀ ਅਪੀਲ ਕੀਤੀ।

# ਲੋਕ ਭਲਾਈ ਸਕੀਮਾਂ ਦਾ ਹਰੇਕ ਯੋਗ ਲਾਭਪਾਤਰੀ ਨੂੰ ਦਿੱਤਾ ਜਾਵੇਗਾ ਲਾਭ : ਵਿਧਾਇਕ ਹੈਪੀ



ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਯੋਗ ਲਾਭਪਾਤਰੀਆਂ ਤੱਕ ਲਾਭ ਪਹੁੰਚਾਉਣ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੇ ਮੰਤਵ ਨਾਲ ਸਰਕਾਰ ਵੱਲੋਂ ਚਲਾਏ ਜਾ ਰਹੇ ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਤਹਿਤ ਬਸੀ ਪਠਾਣਾ ਸਬ ਡਵੀਜ਼ਨ ਦੇ ਪਿੰਡ ਨੌਗਾਵਾਂ ਵਿਖੇ ਜਨ ਸੁਵਿਧਾ ਕੈਂਪ ਲਗਾਇਆ ਗਿਆ, ਜਿਸ ਵਿੱਚ ਹਲਕਾ ਵਿਧਾਇਕ ਸ੍ਰ. ਰੁਪਿੰਦਰ ਸਿੰਘ ਹੈਪੀ, ਡਿਪਟੀ ਕਮਿਸ਼ਨਰ ਸ਼੍ਰੀਮਤੀ ਪ੍ਰਨੀਤ ਸ਼ੇਰਗਿੱਲ, ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀਮਤੀ ਈਸ਼ਾ ਸਿੰਗਲ ਤੇ ਐੱਸ.ਡੀ.ਐੱਮ. ਸ਼੍ਰੀ ਸੰਜੀਵ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਕੈਂਪ ਦਾ ਜਾਇਜ਼ਾ ਲੈਣ ਮੌਕੇ ਗੱਲਬਾਤ ਕਰਦਿਆਂ ਹਲਕਾ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਹਰੇਕ ਯੋਗ ਲਾਭਪਾਤਰੀ ਤੱਕ ਪਹੁੰਚਾਉਣ ਦੇ ਮੰਤਵ ਨਾਲ ਜਨ ਸੁਵਿਧਾ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਸਰਕਾਰੀ ਸਹੂਲਤਾਂ ਦਾ ਲਾਭ ਮਿਲ ਸਕੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਸਰਵਪੱਖੀ ਵਿਕਾਸ ਲਈ ਪੂਰੀ ਗੰਭੀਰਤਾ ਨਾਲ ਕੰਮ ਕਰ ਰਹੇ ਹਨ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ।ਇਸ ਮੌਕੇ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਏ ਜਾ ਰਹੇ ਜਨ ਸੁਵਿਧਾ ਕੈਂਪਾਂ ਵਿੱਚ ਸਾਰੇ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਮੌਜੂਦ ਰਹਿੰਦੇ ਹਨ ਤੇ ਲੋਕਾਂ ਦੇ ਕੰਮ ਮੌਕੇ 'ਤੇ ਹੀ ਨੇਪਰੇ ਚਾੜ੍ਹਨ ਲਈ ਅਗਲੇਰੀ ਕਾਰਵਾਈ ਕੀਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਲੋਕਾਂ ਨੂੰ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਲਾਭ ਦੇਣ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੱਲ ਕੀਤਾ ਜਾਵੇਗਾ।ਇਸ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਇਲਾਕੇ ਦੇ ਵੱਡੀ ਗਿਣਤੀ ਲੋਕ ਹਾਜ਼ਰ ਸਨ।

# ਗੁਰਮਤਿ ਰਾਗੀ-ਗ੍ਰੰਥੀ ਸਭਾ ਪੰਜਾਬ ਦੀ ਮੀਟਿੰਗ



ਮੋਗਾ (ਇਕਬਾਲ ਸਿੰਘ ਖਹਿਰਾ)-ਗੁਰਮਤਿ ਰਾਗੀ ਗ੍ਰੰਥੀ ਸਭਾ ਮੋਗਾ ਪੰਜਾਬ ਦੀ ਮੀਟਿੰਗ ਗੁਰਦੁਆਰਾ ਮਾਈ ਜਾਨਕੀ ਜੀ ਗਿੱਲ ਰੋਡ ਬੇਅੰਤ ਨਗਰ ਮੋਗਾ ਵਿਖੇ ਪੰਜਾਬ ਪ੍ਰਧਾਨ ਭਾਈ ਰਣਜੀਤ ਸਿੰਘ ਸਿੰਘਾਂ ਵਾਲਾ ਸ਼ਹਿਰੀ ਪ੍ਰਧਾਨ ਭਾਈ ਸੋਹਣ ਸਿੰਘ ਮੋਗੇ ਵਾਲੇ ਦੀ ਰਹਿਨੁਮਾਈ ਹੇਠ ਹੋਈ। ਇਸ ਮੀਟਿੰਗ ਵਿੱਚ ਰਾਗੀ ਗ੍ਰੰਥੀ ਪਾਠੀ ਸਿੰਘਾ ਦੀ ਮੱਦਦ ਕਰਨ ਤੇ ਜੀਵਨ ਉੱਚਾ ਚੁੱਕਣ ਲਈ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ। ਪੰਜਾਬ ਪ੍ਰਧਾਨ ਭਾਈ ਰਣਜੀਤ ਸਿੰਘ ਸਿੰਘਾਂ ਵਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗ੍ਰੰਥੀ ਸਿੰਘਾਂ ਨੂੰ ਗੁਰੂ ਘਰਾਂ ਵਿੱਚ ਆਪਣੀ ਡਿਊਟੀ ਤੇ ਸੇਵਾ ਸੰਭਾਲ ਤਨਦੇਹੀ ਨਾਲ ਕਰਨੀ ਚਾਹੀਦੀ ਹੈ ਤੇ ਸਾਡੀ ਗੁਰਮਤਿ ਰਾਗੀ ਗ੍ਰੰਥੀ ਸਭਾ ਮੋਗਾ ਪੰਜਾਬ ਹਰ ਪੱਖੋਂ ਸਾਥ ਦੇਵੇਗੀ ਤੇ ਮਦਦ ਕਰੇਗੀ। ਇਸ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਭਾਈ ਬਲਰਾਜ ਸਿੰਘ ਲਧਾਈਕੇ ਨੇ ਵੀਡੀਓ ਕਾਲ ਰਾਹੀਂ ਹਾਜ਼ਰੀ ਲਵਾਈ ਤੇ ਸ਼ਹਿਰੀ ਪ੍ਰਧਾਨ ਭਾਈ ਸੋਹਣ ਸਿੰਘ ਮੋਗੇ ਵਾਲੇ ਨੇ ਜੋ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹੋ ਰਹੀਆਂ ਹਨ, ਉਸ ਦੀ ਨਖੇਧੀ ਕੀਤੀ। ਮੋਗਾ ਸ਼ਹਿਰੀ ਮੀਤ ਪ੍ਰਧਾਨ ਭਾਈ ਰਣਵੀਰ ਸਿੰਘ ਨੇ ਮੀਟਿੰਗ ਵਿੱਚ ਸ਼ਾਮਲ ਹੋਏ ਸਿੰਘਾਂ ਨੂੰ ਜੀ ਆਇਆਂ ਕਿਹਾ ਤੇ ਧੰਨਵਾਦ ਕੀਤਾ।

ਇਸ ਮੌਕੇ ਜਨਰਲ ਸਕੱਤਰ ਭਾਈ ਬੇਅੰਤ ਸਿੰਘ ਡਰੋਲੀ ਭਾਈ, ਮੁੱਖ ਬੁਲਾਰਾ ਭਾਈ ਰਜਵੰਤ ਸਿੰਘ ਬੁੱਧ ਸਿੰਘ ਵਾਲਾ, ਮੁੱਖ ਸਲਾਹਕਾਰ ਭਾਈ ਕਰਮਜੀਤ ਸਿੰਘ ਰੋਡੇ, ਪ੍ਰਚਾਰਕ ਸਕੱਤਰ ਭਾਈ ਗੁਰਪ੍ਰੀਤ ਸਿੰਘ ਪ੍ਰੀਤ ਮੋਗਾ, ਚੇਅਰਮੈਨ ਭਾਈ ਮਨਜੀਤ ਸਿੰਘ ਟੀਚਰ ਕਲੋਨੀ, ਭਾਈ ਬਲਵੀਰ ਸਿੰਘ ਮੋਗਾ ਤੇ ਬਾਘਾ ਪੁਰਾਣਾ ਦੇ ਪ੍ਰਧਾਨ ਭਾਈ ਜੋਗਿੰਦਰ ਸਿੰਘ ਰੋਡੇ, ਪ੍ਰੈੱਸ ਸਕੱਤਰ ਭਾਈ ਹਰਨੇਕ ਸਿੰਘ ਸਾਫੂਵਾਲਾ, ਸਹਾਇਕ ਸੈਕਟਰੀ ਭਾਈ ਗੁਰਜੰਟ ਸਿੰਘ ਸਾਦਿਕ, ਭਾਈ ਹਰਜਿੰਦਰ ਸਿੰਘ ਘੋਲੀਆ, ਭਾਈ ਸੁਖਦੇਵ ਸਿੰਘ ਬਠਿੰਡਾ, ਭਾਈ ਹਰਜੀਤ ਸਿੰਘ ਬਾਘਾ ਪੁਰਾਣਾ, ਸਰਕਲ ਫਤਹਿਗੜ੍ਹ ਪੰਜਤੂਰ ਦੇ ਪ੍ਰਧਾਨ ਭਾਈ ਦਰਬਾਰਾ ਸਿੰਘ ਦਲੇਰ, ਖਜ਼ਾਨਚੀ ਭਾਈ ਨਿਸ਼ਾਨ ਸਿੰਘ, ਸੀਨੀਅਰ ਮੀਤ ਪ੍ਰਧਾਨ ਸਮਸੇਰ ਸਿੰਘ ਮੰਦਰ, ਭਾਈ ਬਲਵਿੰਦਰ ਸਿੰਘ ਮੰਦਰ ਸਰਕਲ ਅਜੀਤਵਾਲ ਦੇ ਪ੍ਰਧਾਨ ਭਾਈ ਸਵਰਨ ਸਿੰਘ ਮਟਵਾਣੀ ਆਦਿ ਸ਼ਾਮਲ ਸਨ।

# ਸਾਹਿਤਕਾਰ ਅਵਤਾਰ ਟੱਲੇਵਾਲੀਆ ਦਾ ਜਨਮ ਦਿਹਾੜਾ ਮਨਾਇਆ




ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਪਿੰਡ ਟੱਲੇਵਾਲ ਵਿਖੇ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦੇ ਸਹਿਯੋਗ ਨਾਲ ਚੱਲ ਰਹੀ ਅਵਤਾਰ ਟੱਲੇਵਾਲੀਆ ਦਿਹਾਤੀ ਪਬਲਿਕ ਲਾਇਬ੍ਰੇਰੀ ਦੀ ਪ੍ਰਬੰਧਕੀ ਕਮੇਟੀ ਵੱਲੋਂ ਸਰਪ੍ਰਸਤ ਅਜਾਇਬ ਟੱਲੇਵਾਲੀਆ ਤੇ ਪ੍ਰਧਾਨ ਰਿਟਾਇਰਡ ਹੈੱਡਮਾਸਟਰ ਰਣਜੀਤ ਸਿੰਘ ਦੀ ਯੋਗ ਅਗਵਾਈ ਹੇਠ ਸਾਹਿਤਕਾਰ ਅਵਤਾਰ ਟੱਲੇਵਾਲੀਆ ਦਾ ਜਨਮ ਦਿਹਾੜਾ ਮਨਾਇਆ ਗਿਆ।ਇਸ ਮੌਕੇ ਕਮੇਟੀ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਉਪਰੰਤ ਸਾਹਿਤਕਾਰ ਅਜਾਇਬ ਟੱਲੇਵਾਲੀਆ ਵੱਲੋਂ ਅਵਤਾਰ ਟੱਲੇਵਾਲੀਆ ਦੀ ਸੰਪਾਦਤ ਕਿਤਾਬ 'ਵਿਦਾਅ ਹੋਇਆ ਕਿਸ ਰੁੱਤੇ' ਬਾਰੇ ਵਿਸ਼ੇਸ਼ ਵਿਚਾਰ ਗੋਸ਼ਟੀ ਕੀਤੀ ਗਈ।ਇਸ ਮੌਕੇ ਡਾ. ਸੰਪੂਰਨ ਸਿੰਘ ਟੱਲੇਵਾਲ ਤੇ ਬੁਲਾਰੇ ਜੁਗਰਾਜ ਸਿੰਘ ਵੱਲੋਂ ਅਵਤਾਰ ਟੱਲੇਵਾਲੀਆ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ।ਉਪਰੰਤ ਪ੍ਰਿੰ. ਮਨਕੰਵਲ ਸਿੰਘ ਤੇ ਸਿਕੰਦਰ ਟੱਲੇਵਾਲੀਆ ਵੱਲੋਂ ਅਵਤਾਰ ਟੱਲੇਵਾਲੀਆ ਦੀਆਂ ਕਵਿਤਾਵਾਂ ਬਾਰੇ ਅਪਣੇ ਵਿਚਾਰ ਪੇਸ਼ ਕੀਤੇ ਗਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਸੋਨਦੀਪ ਸਿੰਘ, ਪ੍ਰਧਾਨ ਜਰਨੈਲ ਸਿੰਘ, ਜਰਨੈਲ ਸਿੰਘ, ਪੰਡਤ ਜਗਦੇਵ ਰਾਮ ਤੇ ਮਨਪ੍ਰੀਤ ਸਿੰਘ ਸੋਨੂੰ ਹਾਜ਼ਰ ਸਨ।

# ਗੁਰਮਤਿ ਸਮਰ ਕੈਂਪ ਦੇ ਬੱਚਿਆਂ ਨੂੰ ਕੀਤਾ ਸਨਮਾਨਤ



ਬੁਢਲਾਡਾ (ਅਸ਼ੋਕ ਲਾਕੜਾ)

ਧਰਮ ਪ੍ਰਚਾਰ ਕਮੇਟੀ ਵੱਲੋਂ ਹਲਕਾ ਜੋਗਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਸ੍ਰ. ਗੁਰਪ੍ਰੀਤ ਸਿੰਘ ਝੱਬਰ ਦੀ ਅਗਵਾਈ ਵਿੱਚ ਹਲਕੇ ਦੇ 54 ਪਿੰਡਾਂ ਵਿੱਚ ਗਰਮੀ ਦੀਆਂ ਛੁੱਟੀਆਂ ਦੌਰਾਨ ਜੂਨ ਦੇ ਮਹੀਨੇ ਬੱਚਿਆਂ ਦੇ ਗੁਰਮਤਿ ਸਿਖਲਾਈ ਕੈਂਪ ਲਗਾਏ ਗਏ, ਜਿਸ ਵਿੱਚ ਤਕਰੀਬਨ 3200 ਬੱਚੇ ਨੇ ਭਾਗ ਲਿਆ।ਬੱਚਿਆਂ ਨੂੰ ਸਨਮਾਨਤ ਕਰਨ ਲਈ 29 ਜੂਨ ਨੂੰ ਗੁਰਦੁਆਰਾ ਸਾਹਿਬ ਭਾਈ ਬਹਿਲੋ ਜੀ ਫਫੜੇ ਭਾਈਕੇ ਵਿਖੇ ਸਨਮਾਨ ਸਮਾਰੋਹ ਮੌਕੇ ਸਨਮਾਨਤ ਕੀਤਾ, ਜਿਸ ਵਿੱਚ ਪਿੰਡ ਬੱਪੀਆਣਾ ਦੇ 55 ਬੱਚਿਆਂ ਨੇ ਭਾਗ ਲਿਆ, ਜਿਸ ਵਿੱਚ ਏਕਮਸਿਮਰ ਸਿੰਘ ਪੁੱਤਰ ਇੰਦਰਜੀਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ ਤੇ ਬੱਚੇ ਨੂੰ ਰੈਜਲ ਸਾਇਕਲ ਨਾਲ ਗਿਆਨੀ ਹਰਪ੍ਰੀਤ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਹਲਕਾ ਜੋਗਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ, ਪ੍ਰਚਾਰਕ ਬਸੰਤ ਸਿੰਘ ਸ਼੍ਰੋਮਣੀ ਕਮੇਟੀ ਮੈਂਬਰ ਤੇ ਹੋਰ ਮੋਹਤਬਰਾਂ ਵੱਲੋਂ ਅਵੱਲ ਆਏ ਬੱਚਿਆਂ ਤੇ ਗ੍ਰੰਥੀ ਸਿੰਘਾਂ ਨੂੰ ਸਨਮਾਨਤ ਕੀਤਾ ਗਿਆ। ਆਖਰ ਵਿੱਚ ਗ੍ਰੰਥੀ ਤਰਸਪਾਲ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਉੱਤਮ ਉਪਰਾਲਾ ਹੈ ਤੇ ਨਾਲ ਹੀ ਧਰਮ ਪ੍ਰਚਾਰ ਕਮੇਟੀ ਦੇ ਹਲਕਾ ਜੋਗਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਸ੍ਰ. ਗੁਰਪ੍ਰੀਤ ਸਿੰਘ ਝੱਬਰ ਜੀ ਦਾ ਜਿਹੜੇ ਲੰਮੇ ਸਮੇਂ ਤੋਂ ਮਿਹਨਤ ਕਰਦੇ ਆ ਰਹੇ ਹਨ। ਇਸ ਮੌਕੇ ਗੁਰਮੀਤ ਸਿੰਘ ਭੌਰਾ, ਦਲਜੀਤ ਕੌਰ ਸਰਪੰਚ, ਅਮਰੀਕ ਸਿੰਘ ਪ੍ਰਧਾਨ, ਟੀਮ ਬੱਪੀਆਣਾ ਯੂਟਿਊਬ ਚੈਨਲ, ਕੁਲਦੀਪ ਸਿੰਘ, ਹਰਦੇਵ ਸਿੰਘ, ਬਲਵੀਰ ਸਿੰਘ, ਸੁਖਵੰਤ ਸਿੰਘ, ਹਰਦੇਵ ਸਿੰਘ, ਜਗਮੇਲ ਸਿੰਘ, ਅਨਮੋਲ ਸਿੰਘ, ਬੀਨਾ ਰਾਣੀ, ਰੁਪਿੰਦਰ ਕੌਰ, ਗੁਰਵਿੰਦਰ ਸਿੰਘ, ਮੇਜਰ ਸਿੰਘ, ਵਿਨੋਦ ਕੁਮਾਰ, ਦਰਸ਼ਨ ਸਿੰਘ, ਸੰਦੀਪ ਸਿੰਘ, ਗੁਰਪ੍ਰੀਤ ਸਿੰਘ, ਗੁਰਜੀਤ ਸਿੰਘ, ਕੁਲਦੀਪ ਸਿੰਘ ਸਰਪੰਚ, ਵੀਰ ਸਿੰਘ ਪੇਂਡੂ ਵਿਰਸਾ ਚੈਨਲ, ਮਾਸਟਰ ਨਿਰਵੈਰ ਸਿੰਘ, ਚਮਕੌਰ ਸਿੰਘ, ਰੁਪਿੰਦਰ ਸਿੰਘ ਪੱਪੀ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਬੱਪੀਆਣਾ, ਪ੍ਰਧਾਨ ਅਮਰੀਕ ਸਿੰਘ, ਹਰਪਾਲ ਸਿੰਘ ਖਜ਼ਾਨਚੀ, ਸੁਖਵੀਰ ਸਿੰਘ, ਸੁਖਦੇਵ ਸਿੰਘ, ਹਰਜੀਵਨ ਸਿੰਘ, ਗੁਰਮੀਤ ਸਿੰਘ, ਹਰਪ੍ਰੀਤ ਸਿੰਘ ਹੈਪੀ ਆਦਿ ਦਾ ਕੈਂਪ ਨੂੰ ਸਫਲ ਬਣਾਉਣ 'ਚ ਵੱਡਮੁੱਲਾ ਯੋਗਦਾਨ ਰਿਹਾ।ਗੁਰਦੁਆਰਾ ਸਾਹਿਬ ਭਾਈ ਬਹਿਲੋ ਫਫੜੇ ਭਾਈਕੇ ਹਰਦੇਵ ਸਿੰਘ ਬਾਦਲ ਨੇ ਆਈ ਸੰਗਤਾਂ ਦਾ ਧੰਨਵਾਦ ਕੀਤਾ ਤੇ ਗੁਰੂ ਦਾ ਮਹਾਨ ਲੰਗਰ ਅਟੁੱਟ ਵਰਤਾਇਆ।

# ਵਿਧਾਇਕ ਦਹੀਆ ਨੇ ਸੁਲਹਾਣੀ 'ਚ ਲੋਕਾਂ ਦੀਆਂ ਸੁਣੀਆਂ ਮੁਸ਼ਕਲਾਂ



ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਵਿਧਾਇਕ ਰਜਨੀਸ਼ ਦਹੀਆ ਨੇ ਪਿੰਡ ਸੁਲਹਾਣੀ ਸਬ ਤਹਿਸੀਲ ਤਲਵੰਡੀ ਭਾਈ ਵਿਖੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ, ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਤੇ ਮੌਕੇ 'ਤੇ ਕਈ ਦਰਖਾਸਤਾਂ ਦਾ ਨਿਪਟਾਰਾ ਕਰਦੇ ਹੋਏ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ।ਇਸ ਮੌਕੇ ਐਸ ਡੀ ਐਮ ਫਿਰੋਜ਼ਪੁਰ ਡਾ. ਚਾਰੂਮਿੱਤਾ ਸ਼ੇਖਰ ਵਿਸ਼ੇਸ ਤੌਰ 'ਤੇ ਹਾਜ਼ਰ ਸਨ। ਵਿਧਾਇਕ ਦਹੀਆ ਨੇ ਦੱਸਿਆ ਕਿ ਪਿੰਡ ਸੁਲਹਾਣੀ ਦੇ ਨਾਲ ਲੱਗਦੇ ਪਿੰਡ ਨਰੈਣਗੜ੍ਹ ਭੰਗਾਲੀ, ਮਾਛੀਵਾੜਾ, ਵਾੜਾ ਜਵਾਹਰ ਸਿੰਘ ਵਾਲਾ ਤੇ ਝੰਜੀਆਂ ਦੇ ਲੋਕਾਂ ਦੀਆਂ ਮੁਸ਼ਕਲਾਂ ਪਿੰਡ ਸੁਲਹਾਣੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਸੁਣੀਆਂ ਗਈਆਂ ਅਤੇ 40 ਤੋਂ 45 ਦਰਖਾਸਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚੋਂ ਕਈਆਂ ਦਾ ਨਿਪਟਾਰਾ ਮੌਕੇ 'ਤੇ ਕੀਤਾ ਗਿਆ ਅਤੇ ਬਾਕੀਆਂ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ, ਜੋ ਜਲਦੀ ਹੱਲ ਹੋ ਜਾਣਗੀਆਂ।ਇਸ ਦੌਰਾਨ ਲਗਭਗ 250-300 ਦੇ ਕਰੀਬ ਪਿੰਡ ਵਾਸੀ ਮੌਜੂਦ ਸਨ।ਇਸ ਮੌਕੇ ਪਿੰਡ ਸੁਲਹਾਣੀ ਵਿਖੇ ਖੇਡ ਗਰਾਊਂਡ ਬਣਾਉਣ ਦੀ ਮੰਗ ਰੱਖੀ ਗਈ, ਜਿਸ ਦੇ ਹੱਲ ਲਈ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਗਿਆ।ਐੱਮ ਐੱਲ ਏ ਦਿਹਾਤੀ ਵੱਲੋਂ ਕਿਹਾ ਗਿਆ ਕਿ ਮੁੱਖ ਮੰਤਰੀ ਪੰਜਾਬ ਦੇ ਆਦੇਸ਼ਾਂ ਅਨੁਸਾਰ ਇਸ ਤਰ੍ਹਾਂ ਦੀਆਂ ਵਿਜ਼ਟਾਂ ਕਰਕੇ ਆਮ ਲੋਕਾਂ ਤੱਕ ਪਹੁੰਚ ਕੀਤੀ ਜਾਵੇਗੀ ਤੇ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨਾ ਯਕੀਨੀ ਬਣਾਇਆ ਜਾਵੇਗਾ।ਇਸ ਮੌਕੇ ਅਨੂਪ ਸਿੰਘ ਨਾਇਬ ਤਹਿਸੀਲਾਦਾਰ ਤਲਵੰਡੀ ਭਾਈ, ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਸੀਡੀਪੀਓ ਆਦਿ ਹੋਰ ਕਈ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ/ਕਰਮਚਾਰੀ ਹਾਜ਼ਰ ਸਨ।

1-July-PAGE-11-Majha-24.qxd 6/30/2024 10:08 PM Page 1



# ਇੰਜੀਨੀਅਰ ਗੁਰਜਿੰਦਰ ਸਿੰਘ ਤਰੱਕੀ ਹੋਣ 'ਤੇ ਏਟਕ ਜਥੇਬੰਦੀ ਵੱਲੋਂ ਸਨਮਾਨਿਤ



ਤਰਨ ਤਾਰਨ (ਨ ਜ਼ ਸ)- ਟ੍ਰਾਂਸਕੋ ਕਾਰਪੋਰੇਸ਼ਨ ਦੇ ਅਧੀਨ ਸਥਾਨਕ 132 ਕੇ ਵੀ ਬਿਜਲੀ ਘਰ ਵਿਖੇ ਬਤੌਰ ਜੇ ਈ ਤੈਨਾਤ ਇੰਜੀ : ਗੁਰਜਿੰਦਰ ਸਿੰਘ ਨੂੰ ਟ੍ਰਾਂਸਕੋ ਮੈਨੇਜਮੈਂਟ ਵੱਲੋਂ ਸਹਾਇਕ ਇੰਜੀਨੀਅਰ ਦੀ ਤਰੱਕੀ ਦੇ ਕੇ ਉਸੇ ਜਗ੍ਹਾ 'ਤੇ ਨਿਯੁਕਤ ਕਰਨ 'ਤੇ ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐੱਸਈਬੀ ਇੰਪਲਾਈਜ ਫੈਡਰੇਸ਼ਨ ਏਟਕ ਪੰਜਾਬ ਰਜਿਸਟਰਡ ਨੰਬਰ 41 ਵੱਲੋਂ ਜਥੇਬੰਦੀ ਦੇ ਸਰਕਲ ਸਕੱਤਰ ਪੂਰਨ ਦਾਸ ਦੀ ਅਗਵਾਈ ਹੇਠ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਕੇ ਇੰਜੀ : ਗੁਰਜਿੰਦਰ ਸਿੰਘ ਵੱਲੋਂ ਵਿਭਾਗ ਦੇ ਕੰਮ ਨੂੰ ਨੇਕ ਨੀਤੀ ਨਾਲ ਕਰਨ ਅਤੇ ਏਟਕ ਜਥੇਬੰਦੀ ਪ੍ਰਤੀ ਵਫ਼ਾਦਾਰੀ ਦੀ ਜ਼ੋਰਦਾਰ ਪ੍ਰਸ਼ੰਸ਼ਾ ਕੀਤੀ ।ਇਸ ਮੌਕੇ ਹਾਜ਼ਰ ਇੰਜੀ: ਪਰਵੇਜ਼ ਆਲਮ ਐੱਸ. ਐੱਸ. ਈ. , ਉਪ ਮੰਡਲ ਅਫਸਰ ਖਡੂਰ ਸਾਹਿਬ ਅਤੇ ਜਥੇਬੰਦੀ ਦੇ ਜ਼ੋਨ ਆਗੂ ਇੰਜੀ: ਕੁਲਵਿੰਦਰ ਸਿੰਘ ਬਾਗੜੀਆਂ ਤੋਂ ਇਲਾਵਾ ਡਵੀਜ਼ਨ ਸਕੱਤਰ ਲਖਵਿੰਦਰ ਸਿੰਘ ਬਹਿਲਾ, ਬਲਜੀਤ ਸਿੰਘ ਬਾਬਾ, ਇੰਜੀ : ਸੁਰਜੀਤ ਸਿੰਘ ਏਏਈ, ਇੰਜੀ : ਗੁਰਪ੍ਰੀਤ ਸਿੰਘ ਜੇ ਈ, ਜਗਜੀਤ ਸਿੰਘ ਪੀਐੱਲਸੀ, ਬੂਟਾ ਰਾਮ ਐੱਸ. ਐੱਸ. ਏ., ਬਲਜਿੰਦਰ ਸਿੰਘ, ਦਵਿੰਦਰ ਸਿੰਘ, ਕਰਨਬੀਰ ਸਿੰਘ, ਬਲਜੀਤ ਕੌਰ ਸਮੇਤ ਸਮੂਹ ਸਟਾਫ ਨੇ ਇੰਜੀ : ਗੁਰਜਿੰਦਰ ਸਿੰਘ ਵੱਲੋਂ ਵਿਭਾਗ ਨੂੰ ਦਿੱਤੀਆਂ ਜਾ ਰਹੀਆਂ ਸ਼ਾਨਦਾਰ ਸੇਵਾਵਾਂ ਦੀ ਸ਼ਲਾਘਾ ਕੀਤੀ। ਸਨਮਾਨ ਸਮਾਰੋਹ ਮੌਕੇ ਇਕੱਤਰ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਗੰਡੀਵਿੰਡ ਨੇ ਇੰਜੀ : ਗੁਰਜਿੰਦਰ ਸਿੰਘ ਦੇ ਸਨਮਾਨ ਸਮਾਰੋਹ ਵਿੱਚ ਸਹਿਯੋਗ ਕਰਨ ਲਈ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ ਪਾਵਰਕਾਮ ਅਤੇ ਟ੍ਰਾਂਸਕੋ ਮੈਨੇਜਮੈਂਟਾਂ ਸਮੇਤ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਦੋਵਾਂ ਕਾਰਪੋਰੇਸ਼ਨਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਖਾਲੀ ਪਈਆਂ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰੀਆਂ ਜਾਣ ਤਾਂ ਜੋ ਮੌਜੂਦਾ ਕਰਮਚਾਰੀਆਂ ਤੇ ਲਗਾਤਾਰ ਵੱਧ ਰਹੇ ਕੰਮ ਦੇ ਭਾਰ ਨੂੰ ਘਟਾ ਕੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਮਾਨਸਿਕ ਪ੍ਰੇਸ਼ਾਨੀ ਤੋਂ ਬਚਾਉਣ ਦੇ ਇਲਾਵਾ ਰੋਜ਼ਾਨਾ ਵਾਪਰ ਰਹੇ ਹਾਦਸਿਆਂ ਕਾਰਣ ਕਾਮਿਆਂ ਦੀਆਂ ਅਜਾਈਂ ਜਾ ਰਹੀਆਂ ਕੀਮਤੀ ਜਾਨਾਂ 'ਤੇ ਰੋਕ ਲਗਾਈ ਜਾ ਸਕੇ।ਸਮਾਗਮ ਦੇ ਅਖੀਰ 'ਤੇ ਇੰਜੀ: ਗੁਰਜਿੰਦਰ ਸਿੰਘ ਨੇ ਏਟਕ ਜਥੇਬੰਦੀ ਦੀ ਲੀਡਰਸ਼ਿਪ ਸਮੇਤ ਸਮੂਹ ਸਟਾਫ ਦਾ ਧੰਨਵਾਦ ਕੀਤਾ ।

## ਪੰਜਾਬ 'ਚ ਨਿਵੇਸ਼ਕਾਂ ਨੇ ਇਕੁਇਟੀ-ਓਰੀਐਂਟਡ ਸਕੀਮਾਂ 'ਚ ਕੀਤਾ ਭਾਰੀ ਨਿਵੇਸ਼

ਲੁਧਿਆਣਾ-ਐਸੋਸੀਏਸ਼ਨ ਆਫ ਮਿਊਚੁਅਲ ਫੰਡ ਇਨ ਇੰਡੀਆ (1$69) ਦੀ ਜਾਣਕਾਰੀ ਦੇ ਅਨੁਸਾਰ, ਮਈ 2024 ਵਿੱਚ ਇਕੁਇਟੀ ਮਿਊਚੁਅਲ ਫੰਡਾਂ ਵਿਚ 34,697 ਕਰੋੜ ਰੁਪਏ ਦਾ ਰਿਕਾਰਡ ਨਿਵੇਸ਼ ਹੋਇਆ ਹੈ।ਟਾਟਾ ਐਸੇਟ ਮੈਨੇਜਮੈਂਟ ਦੇ ਸੀਨੀਅਰ ਫੰਡ ਮੈਨੇਜਰ, ਸੋਨਮ ਉਦਾਸੀ ਨੇ ਕਿਹਾ ਕਿ ਮੈਕਰੋਇਕੋਨੋਮਿਕ ਇੰਡੀਕੇਟਰਸ, ਵਿਆਪਕ ਅਧਾਰਤ ਕਾਰਪੋਰੇਟ ਆਮਦਨੀ ਵਿੱਚ ਵਾਧਾ ਅਤੇ ਵੱਡੇ ਬੈਂਕਿੰਗ/ਕਾਰਪੋਰੇਟ ਸੈਕਟਰ ਦੀ ਮਜ਼ਬੂਤ ਸਿਹਤ, ਇਹ ਬਾਜ਼ਾਰਾਂ ਲਈ ਲੰਬੇ ਸਮੇਂ ਦੇ ਸਕਾਰਾਤਮਕ ਰੁਝਾਨ ਵਿੱਚ ਯੋਗਦਾਨ ਪਾਉਣ ਵਾਲੇ ਮੁੱਖ ਕਾਰਕ ਹਨ।ਕਾਰਜਬਲ ਵਿੱਚ ਸ਼ਾਮਲ ਹੋਣ ਵਾਲੀਆਂ ਮਹਿਲਾਵਾਂ ਦੀ ਗਿਣਤੀ ਵੀ ਵੱਧ ਰਹੀ ਹੈ, ਅਸੀਂ ਉਮੀਦ ਕਰਦੇ ਹਾਂ ਕਿ ਅਗਲੇ ਦਹਾਕੇ ਵਿੱਚ ਫੂਡ ਪ੍ਰੋਸੈਸਿੰਗ, ਕੰਜ਼ਿਊਮਰ ਅਪਲਾਇੰਸਸ , ਬਾਹਰ ਖਾਣ ਅਤੇ ਰੈਡੀ ਟੂ ਈਟ ਥੀਮਸ ਸਮੇਤ ਕੁਝ ਕੰਜ਼ਿਊਮਰ ਸੈਗਮੈਂਟਸ ਤਿੰਨ ਗੁਣਾ ਹੋ ਜਾਣਗੇ।ਲੰਬੇ ਸਮੇਂ ਲਈ ਨਿਵੇਸ਼ ਕਰਨ ਲਈ ਐੱਸਆਈਪੀ ਰੂਟ ਨੂੰ ਜਾਰੀ ਰੱਖਣ ਦੀ ਸਲਾਹ ਦਿੱਤੀ ਗਈ ਹੈ ।

# ਗੁਰਦੁਆਰਾ ਸਿਧਾਣਾ ਸਾਹਿਬ ਵਿਖੇ ਸਾਲਾਨਾ ਜੋੜ ਮੇਲੇ ਮੌਕੇ ਕਰਵਾਏ ਕੱਬਡੀ ਦੇ ਸ਼ੋਅ ਮੈਚ

*** ਦੋ ਦਿਨ ਲੱਗੀਆਂ ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਤੇ ਗੁਰੂ ਦੇ ਲੰਗਰ ਅਟੁੱਟ ਵਰਤੇ**



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਗੁਰਦੁਆਰਾ ਬਾਬਾ ਸਿਧਾਣਾ ਸਾਹਿਬ ਜੀ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਾਲਾਨਾ ਦੋ ਦਿਨਾ ਜੋੜ ਮੇਲਾ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਦੋਵੇਂ ਦਿਨ ਭਾਰੀ ਦੀਵਾਨ ਸਜਾਏ ਗਏ, ਜਿਸ ਵਿਚ ਪੰਥ ਪ੍ਰਸਿੱਧ ਢਾਡੀ ਜੱਥਿਆ ਨੇ ਗੁਰ ਇਤਿਹਾਸ ਸਰਵਨ ਕਰਵਾਇਆ ।ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਅਤੇ ਦਿਲੀ ਕਾਮਨਾਵਾਂ ਦੀ ਪੂਰਤੀ ਲਈ ਅਰਦਾਸ ਕੀਤੀ ਗਈ।

ਸਾਰਾ ਦਿਨ ਸਮੂਹ ਸਾਧ ਸੰਗਤ ਲਈ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਤੇ ਵੱਖ-ਵੱਖ ਪਕਵਾਨਾਂ ਦੇ ਲੰਗਰ ਅਟੁੱਟ ਵਰਤਾਏ ਗਏ ।ਨੌਜਵਾਨਾਂ ਤੇ ਬੱਚਿਆਂ ਨੂੰ ਸਿਰ ਤੇ ਪੱਗੜੀ ਬੰਨ੍ਹਣ ਲਈ ਜਾਗਰੂਕ ਕਰਕੇ ਪੱਗਾਂ ਬੰਨ੍ਹਣ ਦੀ ਸੇਵਾ ਪਰਮਜੀਤ ਸਿੰਘ ਵਲੋਂ ਕੀਤੀ ਗਈ , ਗੁਰਜੀਤ ਸਿੰਘ ਵੱਲੋਂ ਫਰੀ ਮੈਡੀਕਲ ਕੈਂਪ ਲਗਾਇਆ ਤੇ ਦਵਾਈਆਂ ਦੀ ਫ੍ਰੀ ਸੇਵਾ ਕੀਤੀ ਗਈ। ਡਾ. ਬਲਜੀਤ ਸਿੰਘ ਵੱਲੋਂ ਵਾਤਾਵਰਣ ਨੂੰ ਸ਼ੁੱਧ ਰੱਖਣ ਤੇ ਹਰਿਆ ਭਰਿਆ ਬਣਾਉਣ ਲਈ ਬੂਟੇ ਵੰਡਣ ਦੀ ਫ੍ਰੀ ਸੇਵਾ ਕੀਤੀ ਗਈ।ਸ਼ਾਮ ਨੂੰ ਪ੍ਰਬੰਧਕ ਕਮੇਟੀ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਰਹਿਤ ਮਾਂ ਖੇਡ ਕਬੱਡੀ ਵੱਲ ਪ੍ਰੇਰਿਤ ਕਰਨ ਲਈ ਕੱਬਡੀ ਦੇ ਸ਼ੋਅ ਮੈਚ ਕਰਵਾਏ ਗਏ ਜਿਸ ਵਿੱਚ ਪਹਿਲੇ ਮੈਚ ਵਿੱਚ ਗੱਗੋਬੂਹਾ ਦੀ ਟੀਮ ਸੁਰਸਿੰਘ ਦੀ ਟੀਮ ਨੂੰ ਹਰਾ ਕੇ ਜੇਤੂ ਰਹੀ ਜੇਤੂ ਰਹੀ।

ਇਸ ਤੋਂ ਬਾਅਦ ਪੰਜਾਬ ਦੀਆਂ ਨਾਮਵਰ ਕੱਬਡੀ ਟੀਮਾਂ ਅਤੇ ਅੰਤਰਰਾਸ਼ਟਰੀ ਕਬੱਡੀ ਟੀਮਾਂ ਦੇ ਮੈਚ ਕਰਵਾਏ ਗਏ ਜਿਸ ਵਿੱਚ ਖਿਡਾਰੀਆਂ ਨੇ ਖੇਡ ਪ੍ਰੇਮੀਆਂ ਦਾ ਮੰਨੋਰੰਜਨ ਕੀਤਾ। ਬਾਬਾ ਬਿੰਧੀ ਚੰਦ ਸਪੋਰਟਸ ਕਲੱਬ ਫਰੰਦੀਪੁਰ ਦੇ 29 ਅੰਕ ਰਹੇ, ਖਡੂਰ ਸਾਹਿਬ ਸਪੋਰਟਸ ਕਲੱਬ ਦੇ ਸਾਢੇ 33 ਅੰਕ ਤੇ ਖਡੂਰ ਸਾਹਿਬ ਸਪੋਰਟਸ ਕਲੱਬ ਦੇ ਖਿਡਾਰੀਆਂ ਦੀ ਟੀਮ ਡੇਢ ਅੰਕ ਨਾਲ ਜੇਤੂ ਰਹੀ। ਪ੍ਰਬੰਧਕ ਕਮੇਟੀ ਨੇ ਉਨ੍ਹਾਂ ਨੂੰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਬਲਜੀਤ ਸਿੰਘ, ਸੁਖਬੀਰ ਸਿੰਘ ਫੌਜੀ, ਗੁਰਭੇਜ ਸਿੰਘ, ਕੁਲਦੀਪ ਸਿੰਘ, ਗੁਰਮੀਤ ਸਿੰਘ ਨੰਬਰਦਾਰ, ਸਰਪੰਚ ਅਮਰਜੀਤ ਸਿੰਘ ਬਘੇਲ ਸਿੰਘ ਵਾਲਾ, ਸਾਬਕਾ ਸਰਪੰਚ ਜਤਿੰਦਰ ਸਿੰਘ ਬਘੇਲ ਸਿੰਘ ਵਾਲਾ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ, ਰਣਜੀਤ ਸਿੰਘ ਰਾਣਾ ਝਬਾਲ, ਗੁਰਜੀਤ ਸਿੰਘ ਜੱਜ, ਸਰਬਜੀਤ ਸਿੰਘ ਝਬਾਲ ਖ਼ੁਰਦ, ਬਲਵਿੰਦਰ ਸਿੰਘ ਛੀਨੀਆਂ ਵਾਲੇ, ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਵਰਨ ਸਿਘ, ਬਾਬਾ ਰਣਧੀਰ ਸਿੰਘ, ਦਵਿੰਦਰ ਸਿੰਘ, ਪ੍ਰਗਟ ਸਿੰਘ, ਫੌਜੀ ਕਸ਼ਮੀਰ ਸਿੰਘ ਅਤੇ ਗੁਰੂ ਘਰ ਦੇ ਹੋਰ ਵੀ ਸੇਵਾਦਾਰ ਹਾਜ਼ਰ ਸਨ।

# ਆਦਰਸ਼ ਬਿਰਧ ਆਸ਼ਰਮ ਨੇ ਗੁਆਚੇ ਬਜ਼ੁਰਗ ਨੂੰ ਮਿਲਾਇਆ ਪਰਿਵਾਰ ਨਾਲ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਵਿੱਚ ਪਿਛਲੇ ਤਿੰਨ ਮਹੀਨਿਆਂ ਤੋਂ ਬਜ਼ੁਰਗ ਗੁਰਦੇਵ ਸਿੰਘ ਪੁੱਤਰ ਲਛਮਣ ਦਾਸ, ਨਿਵਾਸੀ ਹੁਸੈਨਪੁਰ ਗੁਰੂਕਾ, ਥਾਣਾ ਬੱਲੋਵਾਲ ਰਹਿ ਰਿਹਾ।ਇਸ ਬਜ਼ੁਰਗ ਬਾਪੂ ਨੇ ਦੱਸਿਆ ਕਿ ਮੈਂ ਪੰਜ ਮਾਰਚ 2024 ਤੋਂ ਇੱਕ ਯਾਤਰਾ 'ਤੇ ਗਿਆ ਸੀ ਜਿਸ ਕਰਕੇ ਮੈਂ ਉਥੋਂ ਆਪਣੇ ਘਰ ਦਿਆਂ ਤੋਂ ਅਲੱਗ ਹੋ ਗਿਆ।ਆਸ਼ਰਮ ਪ੍ਰਬੰਧਕਾਂ ਨੇ ਸਾਰੀ ਗੱਲਬਾਤ ਸੁਣ ਕੇ ਇਸ ਬਜ਼ੁਰਗ ਬਾਪੂ ਦੇ ਘਰ ਦਾ ਪਤਾ ਲਗਾਇਆ ਅਤੇ ਇਸ ਬਜ਼ੁਰਗ ਬਾਪੂ ਦੇ ਪਰਿਵਾਰ ਨਾਲ ਮਿਲਾਇਆ। ਬਾਪੂ ਦਾ ਵੱਡਾ ਭਰਾ ਬਲਦੇਵ ਸਿੰਘ, ਉਸਦੀ ਪਤਨੀ ਜਸਵੀਰ ਕੌਰ ਅਤੇ ਇੱਕ ਰਿਸ਼ਤੇਦਾਰ ਮਨਜੀਤ ਸਿੰਘ ਬਿਰਧ ਘਰ ਵਿੱਚ ਗੁਰਦੇਵ ਸਿੰਘ (ਕਾਢੀ ਸਿੰਘ) ਨੂੰ ਲੈਣ ਲਈ ਪਹੁੰਚੇ।ਆਸ਼ਰਮ ਪ੍ਰਬੰਧਕਾਂ ਨੂੰ ਦੱਸਿਆ ਕਿ ਇਹ ਬਜ਼ੁਰਗ ਡੇਰਾ ਬਾਬਾ ਨਾਨਕ ਵਿਖੇ ਯਾਤਰਾ ਤੇ ਗਿਆ ਸੀ।ਅਸੀਂ ਇਸ ਬਜ਼ੁਰਗ ਨੂੰ ਕਾਫੀ ਸਮੇਂ ਤੋਂ ਲੱਭ ਰਹੇ ਹਾਂ। ਗੁੰਮਸ਼ੁਦਾ ਦੀ ਅਸੀਂ ਰਿਪੋਰਟ ਵੀ ਆਪਣੇ ਨੇੜੇ ਦੇ ਠਾਣੇ ਵਿੱਚ ਕਰਵਾਈ ਸੀ ਪਰ ਕਿਸੇ ਨੇ ਵੀ ਇਸ ਨੂੰ ਲੱਭਣ ਵਿੱਚ ਸਾਡੀ ਸਹਾਇਤਾ ਨਹੀਂ ਕੀਤੀ। ਧੰਨਵਾਦੀ ਹਾਂ ਆਸ਼ਰਮ ਪ੍ਰਬੰਧਕਾਂ ਦੇ ਜਿਨ੍ਹਾਂ ਇਸ ਬਾਪੂ ਨੂੰ ਸੰਭਾਲ ਕੇ ਰੱਖਿਆ ਅਤੇ ਸਹੀ ਸਲਾਮਤ ਸਾਨੂੰ ਸਾਡੇ ਨਾਲ ਅੱਜ ਘਰ ਭੇਜ ਰਹੇ ਹੋ।ਆਸ਼ਰਮ ਪ੍ਰਬੰਧਕਾਂ ਨੇ ਗੁਰਦੇਵ ਸਿੰਘ (ਕਾਢੀ ਸਿੰਘ) ਨੂੰ ਉਸਦੇ ਪਰਿਵਾਰ ਦੇ ਨਾਲ ਘਰ ਵਾਪਸ ਭੇਜਿਆ।ਇਸ ਮੌਕੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ, ਮੈਡਮ ਰੀਨਾ ਸਰਮਾਲ, ਕੋਆਰਡੀਨੇਟਰ ਇੰਦਰਜੀਤ ਕੌਰ, ਸਵਿਤਾ, ਕੁਲਵਿੰਦਰ ਕੌਰ, ਸੁਖਵਿੰਦਰ ਕੌਰ, ਤਰਸੇਮ ਲਾਲ, ਰਮੇਸ਼ ਚੰਦਰ, ਅੰਜੂ ਵਾਲਾ, ਸਰੋਜ ਬਾਲਾ, ਰੂਬੀ, ਪ੍ਰੀਆ ਅਤੇ ਚੰਨ ਦੇਵ ਆਦਿ ਮੌਜੂਦ ਸਨ ।

# 'ਰੁੱਖ ਲਗਾਓ-ਪਾਣੀ ਬਚਾਓ' ਦੇ ਮਿਸ਼ਨ ਤਹਿਤ ਪੋਸਟਰ ਵੰਡਣ ਦੀ ਮੁਹਿੰਮ ਆਰੰਭ



ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਪਿਛਲੇ 38 ਸਾਲਾਂ ਤੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਨਿਰੰਤਰ ਜੁਟੀ ਚਰਚਿੱਤ ਸਾਹਿਤਕ ਸੰਸਥਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ, ਪਿੰਡਾਂ ਵਿੱਚ 'ਰੁੱਖ ਲਗਾਓ-ਪਾਣੀ ਬਚਾਓ' ਦੇ ਮਿਸ਼ਨ ਤਹਿਤ 10,000 ਦੇ ਕਰੀਬ ਪੋਸਟਰ ਵੰਡਣ ਦੀ ਮੁਹਿੰਮ ਆਰੰਭੀ ਗਈ, ਜਿਸਦੀ ਕਿ ਰਸਮੀ ਸ਼ੁਰੂਆਤ ਇਤਿਹਾਸਕ ਗੁਰਦੁਆਰਾ ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਤੋਂ ਅਰਦਾਸ ਬੇਨਤੀ ਕਰਨ ਉਪਰੰਤ, ਸੰਗਤਾਂ ਵਿੱਚ ਪੋਸਟਰ ਵੰਡਣ ਨਾਲ ਕੀਤੀ ਗਈ।ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ, ਕਾਰਜਕਾਰੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਭਾਈ ਗੁਰਪ੍ਰੀਤ ਸਿੰਘ ਮੱਲੇਵਾਲ ਮੈਨੇਜਰ ਗੁ: ਪਾਤਸ਼ਾਹੀ ਨੌਵੀਂ ਅਤੇ ਇੰਚਾਰਜ ਸੁਖਵਿੰਦਰ ਸਿੰਘ ਬੁਤਾਲਾ ਆਦਿ ਨੇ ਇਸ ਟੀਮ ਨੂੰ ਪਿੰਡਾਂ ਵਿੱਚ ਪੋਸਟਰ ਵੰਡਣ ਦੇ ਪ੍ਰਚਾਰ ਲਈ ਰਵਾਨਾ ਕੀਤਾ।ਇਸ ਮੌਕੇ ਟੈਲੀ ਫਿਲਮ 'ਜਲ ਹੈ ਤਾਂ ਕੱਲ੍ਹ ਹੈ' ਦੇ ਲੇਖਕ, ਅਤੇ ਡਾਇਰੈਕਟਰ ਸੁਲੱਖਣ ਸਿੰਘ ਦਿਓਲ, ਕਲਾਕਾਰ ਸੁਲੱਖਣ ਸਿੰਘ ਦਿਓਲ, ਗਾਇਕ ਗੁਰਮੇਜ ਸਹੋਤਾ, ਡਾ: ਕੁਲਵੰਤ ਸਿੰਘ ਬਾਠ ਵੈਟਰਨਰੀ ਅਫਸਰ ਨੇ ਕਿਹਾ ਕਿ ਅੱਜ ਗਰਮੀ ਨਾਲ ਲੋਕ ਤਰਾਸ-ਤਰਾਸ ਕਰ ਰਹੇ ਹਨ, ਜਿਸ ਦਾ ਕਾਰਣ ਹਰਿਆਲੀ ਭਰੇ ਰੁੱਖਾਂ ਦਾ ਕੱਟੇ ਜਾਣਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਹਰਿਆਲੀ ਭਰੇ ਰੁੱਖ ਲਾਉਣੇ ਚਾਹੀਦੇ ਹਨ ਅਤੇ ਪਾਣੀ ਦੀ ਵੱਧ ਤੋਂ ਵੱਧ ਬੱਚਤ ਕਰਨੀ ਚਾਹੀਦੀ ਹੈ ।

ਇਸ ਮੌਕੇ ਗਾਇਕ ਮੱਖਣ ਸਿੰਘ ਭੈਣੀਵਾਲਾ, ਸਾਬ ਸਰਾਂ, ਗੁਰਪ੍ਰੀਤ ਸਿੰਘ ਪੁਰੇਵਾਲ, ਗੇਜਾ ਖਡੂਰ ਸਾਹਿਬ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੀ ਮਹਿਲਾ ਵਿੰਗ ਦੀ ਪ੍ਰਧਾਨ ਸੁਖਵੰਤ ਕੌਰ ਵੱਸੀ, ਸਰਬਜੀਤ ਸਿੰਘ ਪੱਡਾ, ਬਲਵਿੰਦਰ ਸਿੰਘ ਅਠੌਲਾ, ਸਤਨਾਮ ਸਿੰਘ, ਤਰਸੇਮ ਸਿੰਘ ਸਰਾਂ ਤਲਵੰਡੀ, ਅਰਮਾਨਜੀਤ ਸਿੰਘ ਦਿਓਲ, ਲਖਵਿੰਦਰ ਸਿੰਘ ਉੱਪਲ, ਅੰਗਰੇਜ਼ ਸਿੰਘ ਖਡੂਰ ਸਾਹਿਬ, ਗੁਰਪ੍ਰੀਤ ਸਿੰਘ ਪੁਰੇਵਾਲ, ਮਾ: ਬਲਬੀਰ ਸਿੰਘ ਬੀਰ, ਅਮਰਜੀਤ ਸਿੰਘ ਘੁੱਕ, ਸਰਬਜੀਤ ਸਿੰਘ ਲਾਡੀ ਆਦਿ ਹਾਜ਼ਰ ਸਨ ।

# ਸਰਬੱਤ ਖਾਲਸਾ ਪਠਾਨਕੋਟ ਨੇ ਕਰਵਾਇਆ ਹਫਤਾਵਾਰੀ ਗੁਰਮਤਿ ਸਮਾਗਮ



ਪਠਾਨਕੋਟ (ਦਵਿੰਦਰ ਸਿੰਘ)-ਸਰਬੱਤ ਖਾਲਸਾ ਪਠਾਨਕੋਟ ਵੱਲੋਂ ਸਪਤਾਹਿਕ ਗੁਰਮਤਿ ਸਮਾਗਮ ਗੁਰਦੁਆਰਾ ਦਮਦਮਾ ਸਾਹਿਬ ਮੀਰਪੁਰ ਕਲੋਨੀ ਵਿਖੇ ਕਰਵਾਇਆ ਗਿਆ।ਗੁਰਦੁਆਰਾ ਦਮਦਮਾ ਸਾਹਿਬ ਦੇ ਮੁੱਖ ਪ੍ਰਬੰਧਕ ਜਥੇਦਾਰ ਗੁਰਦੀਪ ਸਿੰਘ ਗੁਲਾਟੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਾਗਮ ਵਿੱਚ ਪਹੁਚੇ ਡਾਕਟਰ ਅਮਰੀਕ ਸਿੰਘ ਲਤੀਫ਼ਪੁਰ ਨੇ ਗੁਰੂ ਜੀ ਦੀ ਬਾਣੀ ਦੀ ਵਿਆਖਿਆ ਬੜੇ ਹੀ ਸੁਚੱਜੇ ਢੰਗ ਨਾਲ ਕੀਤੀ।ਸੰਗਤਾਂ ਨੇ ਚੱਲ ਰਹੀ ਬਾਣੀ ਦੀ ਵਿਆਖਿਆ ਦਾ ਭਰਪੂਰ ਅਨੰਦ ਮਾਣਿਆ।ਇਸ ਮੌਕੇ ਭਾਈ ਗੁਰਭੇਜ ਸਿੰਘ, ਸਿਮਰਨਜੀਤ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਗੁਰੂ ਦਾ ਅਤੁੱਟ ਲੰਗਰ ਵੀ ਵਰਤਾਇਆ ਗਿਆ।ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਨਿਰਮਲ ਕੌਰ, ਕੁਲਵੰਤ ਸਿੰਘ, ਅਸਪ੍ਰੀਤ ਕੌਰ, ਨਰਿੰਦਰ ਸਿੰਘ, ਅਮਰਜੀਤ ਕੌਰ, ਹਰਜੀਤ ਕੌਰ, ਦਵਿੰਦਰ ਕੌਰ, ਕੰਵਲਜੀਤ ਸਿੰਘ, ਹਰਜੀਤ ਸਿੰਘ ਆਦਿ ਹਾਜ਼ਰ ਸਨ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਦਸ ਦਿਨਾ ਸਮਰ ਕੈਂਪ ਆਯੋਜਿਤ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੰਮ੍ਰਿਤਸਰ ਤਰਨਤਾਰਨ ਜ਼ੋਨ ਦੇ ਖੇਤਰ ਅਜਨਾਲਾ ਵੱਲੋਂ ਪ੍ਰਚਾਰਕ ਹਰਪ੍ਰਤਾਪ ਸਿੰਘ ਅਜਨਾਲਾ ਦੁਆਰਾ ਪਿੰਡ ਸਾਰੰਗਦੇਵ ਵਿਖੇ ਵਿਦਿਆਰਥੀਆਂ ਦੀ ਸ਼ਖਸੀਅਤ ਉਸਾਰੀ ਲਈ ਗਿਆਨ ਅੰਜਨ ਸਮਰ ਕੈਂਪ ਲਗਾਇਆ ਗਿਆ ਜੋ 20.06.2024 ਤੋਂ 29.06.2024 ਤੱਕ ਚੱਲਿਆ, ਜਿਸ ਵਿੱਚ ਬੱਚਿਆਂ ਨੂੰ ਮੁੱਢਲੇ ਸਿੱਖ ਇਤਿਹਾਸ ਦੀ ਜਾਣਕਾਰੀ ਦਿੱਤੀ ਗਈ, ਖੇਡ ਖੇਡ ਦੁਆਰਾ ਲਿਖਤੀ ਐਕਟੀਵਿਟੀਜ਼ ਨਾਲ ਸਿੱਖੀ ਦੀ ਜਾਣਕਾਰੀ ਅਤੇ ਪੰਜਾਬ ਲੋਕ ਖੇਡਾਂ ਕਾਰਵਾਈਆਂ ਗਈਆਂ।ਸਮਾਪਤੀ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਸਟੱਡੀ ਸਰਕਲ ਦੇ ਭਾਈ ਪਰਮਜੀਤ ਸਿੰਘ ਡਿਪਟੀ ਚੀਫ ਸਕੱਤਰ (ਵਿਸ਼ੇਸ਼ ਮੁਹਿੰਮਾਂ) ਪਹੁੰਚੇ ।ਉਨ੍ਹਾਂ ਨੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ, ਗੁਰਬਾਣੀ ਨਾਲ ਜੁੜਨ, ਖਾਣ ਪੀਣ ਦੇ ਨਿਯਮਾਂ ਸਬੰਧੀ ਵਿਸਥਾਰ ਸਹਿਤ ਵਿਚਾਰ ਬੱਚਿਆਂ ਅਤੇ ਨਾਲ ਆਏ ਮਾਪਿਆਂ ਨਾਲ ਸਾਂਝੇ ਕੀਤੇ ।ਬੱਚਿਆਂ ਨੂੰ ਗੁਰਮਿਤ ਅਨੁਸਾਰ ਉਚਾ ਸਮਾਜਿਕ ਜੀਵਨ ਜਿਊਣ, ਸਮਾਜਿਕ ਬੁਰਾਈਆਂ ਤੋਂ ਬਚ ਕੇ ਸਮਾਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਤ ਕੀਤਾ।60 ਬੱਚਿਆਂ ਨੂੰ ਮੈਡਲ, ਸ਼ੀਲਡਾਂ ਅਤੇ ਭੇਟਾ ਰਹਿਤ ਧਾਰਮਿਕ ਪੁਸਤਕਾਂ ਨਾਲ ਸਨਮਾਨਿਤ ਕੀਤਾ ਗਿਆ।ਗੁਰਦੁਵਾਰਾ ਪ੍ਰਬੰਧਕ ਕਮੇਟੀ ਅਤੇ ਭਾਈ ਇਕਬਾਲ ਸਿੰਘ ਗ੍ਰੰਥੀ ਸਿੰਘ ਨੇ ਪੂਰਨ ਸਹਿਯੋਗ ਕਰਕੇ ਕੈਂਪ ਨੂੰ ਸਫਲ ਬਣਾਉਣ ਵਿੱਚ ਅਹਿਮ ਯੋਗਦਾਨ ਦਿੱਤਾ ।ਉਪਰੋਕਤ ਵੀਰਾਂ ਨੇ ਧੰਨਵਾਦ ਕਰਦਿਆਂ ਕਿਹਾ ਕੇ ਬੱਚਿਆਂ ਨੂੰ ਗੁਰਮੱਤ ਨਾਲ ਜੋੜਨ ਦਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਉਪਰਾਲਾ ਸ਼ਲਾਘਾਯੋਗ ਹੈ। ਇਸ ਤਰ੍ਹਾਂ ਦੇ ਉਪਰਾਲਿਆਂ ਨਾਲ ਬੱਚੇ ਅਪਣੇ ਗੌਰਵਮਈ ਇਤਿਹਾਸ ਨਾਲ ਜੁੜਨਗੇ ।ਸਟੱਡੀ ਸਰਕਲ ਵੱਲੋਂ ਗ੍ਰੰਥੀ ਭਾਈ ਨੂੰ ਯਾਦਗਾਰੀ ਮਮੈਂਟੋ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੀਬੀ ਮਨਪ੍ਰੀਤ ਕੌਰ, ਹਰਨੂਰ ਸਿੰਘ ਅਤੇ ਰਾਜਵੀਰ ਸਿੰਘ ਸ਼ਖਸੀਅਤਾਂ ਹਾਜ਼ਰ ਸਨ।

# ਆਦਰਸ਼ ਪੱਤਰਕਾਰਤਾ ਦੇ ਮਾਰਗਦਰਸ਼ਕ ਸਨ ਦੇਵਰਿਸ਼ੀ ਨਾਰਦ: ਨਾਇਬ ਸਿੰਘ

*** ਪੱਤਰਕਾਰਤਾ ਦਾ ਸਵਰੂਵ ਬਦਲਿਆ, ਸੱਚਾਈ ਦੀ ਰਾਹ ਹੁਣ ਵੀ ਓਹੀ**

ਚੰਡੀਗੜ੍ਹ (ਕ੍ਰਿਸ਼ਨ ਗਰਗ)—ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਨੇ ਕਿਹਾ ਕਿ ਦੇਵਰਿਸ਼ੀ ਨਾਰਦ ਆਦਰਸ਼ ਪੱਤਰਕਾਰਿਤਾ ਦੇ ਸੰਵਾਹਕ ਸਨ।ਦੇਵਰਿਸ਼ੀ ਨਾਰਦ ਘਟਨਾਵਾਂ ਦਾ ਵਿਸ਼ਲੇਸ਼ਣ ਕਰ ਕੇ ਵੱਖ-ਵੱਖ ਦ੍ਰਿਸ਼ਟੀਕੋਣ ਦੇ ਨਾਲ ਸੱਚਾਈ ਨੂੰ ਸਾਕਾਰਤਮਕ ਤੌਰ 'ਤੇ ਪੇਸ਼ ਕਰਦੇ ਸਨ।ਆਜ਼ਾਦੀ ਤੋਂ ਲੈ ਕੇ ਅੱਜ ਆਧੁਨਿਕਤਾ ਵਜੋ ਪੱਤਰਕਾਰਿਤਾ ਦਾ ਅਹਿਮ ਯੋਗਦਾਨ ਰਿਹਾ ਹੈ।ਮੁੱਖ ਮੰਤਰੀ ਨਾਇਬ ਸਿੰਘ ਪੰਚਕੂਲਾ ਵਿਚ ਵਿਸ਼ਵ ਸੰਵਾਦ ਕੇਂਦਰ ਹਰਿਆਣਾ ਵੱਲੋਂ ਦੇਵਰਿਸ਼ੀ ਨਾਰਦ ਜੈਯੰਤੀ ਦੇ 9ਵੇਂ ਰਾਜ ਪੱਧਰੀ ਪੱਤਰਕਾਰ ਸਨਮਾਨ ਸਮਾਰੋਹ ਵਿਚ ਬਤੌਰ ਮੁੱਖ ਮਹਿਮਾਨ ਬੋਲ ਰਹੇ ਸਨ।ਸਮਾਰੋਹ ਵਿਚ ਪਹੁੰਚਣ ਤੇ ਹਰਿਆਣਾ ਵਿਸ਼ਵ ਸੰਵਾਦ ਕੇਂਦਰ ਦੇ ਚੇਅਰਮੈਨ ਡਾ. ਮਾਰਕਡੇਯ ਆਹੂਜਾ, ਸਕੱਤਰ ਰਾਜੇਸ਼ ਅਤੇ ਡਾ. ਰਾਜੇ ਚੌਹਾਨ ਨੇ ਗੁਲਦਸਤਾ ਭੇਟ ਕਰ ਕੇ ਸਵਾਗਤ ਕੀਤਾ।ਮੁੱਖ ਮੰਤਰੀ ਨੇ ਨਾਰਦ ਜੈਯੰਤੀ ਦੀ ਪੱਤਰਕਾਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਪੱਤਰਕਾਰਿਤਾ ਦਾ ਕ੍ਰੈਡਿਟ ਦੇਵਰਿਸ਼ੀ ਨਾਰਦ ਨੂੰ ਜਾਂਦਾ ਹੈ।ਉਸ ਦੌਰ ਤੋਂ ਲੈ ਕੇ ਅੱਜ ਦੇ ਇਸ ਆਧੁਨਿਕ ਦੌਰ ਵਿਚ ਪੱਤਰਕਾਰਿਤਾ ਨੇ ਅਨੇਕ ਮੁਕਾਮ ਤੈਅ ਕੀਤੇ ਹਨ।ਸਮਾਂ ਬਦਲਣ ਦੇ ਨਾਲ ਪੱਤਰਕਾਰਤਾ ਦੇ ਸਵਰੂਪ ਵਿਚ ਬਦਲਾਅ ਆਇਆ ਹੈ, ਪਰ ਸੱਚਾਈ ਦਾ ਰਾਹੀ ਉਹੀ ਹੈ। ਮੀਡੀਆਂ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਨਾਇਬ ਸਿੰਘ ਨੇ ਕਿਹਾ ਕਿ ਡਬਲ ਇੰਜਨ ਦੀ ਸਰਕਾਰ ਨੇ ਸੂਬੇ ਵਿਚ ਭਲਾਈਕਾਰੀ ਯੋਜਨਾਵਾਂ ਨੂੰ ਧਰਾਤਲ 'ਤੇ ਉਤਾਰਿਆ ਹੈ।ਸਰਕਾਰ ਲੋਕਾਂ ਦੇ ਹਿੱਤ ਲਈ ਕੰਮ ਕਰ ਰਹੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਵਿਧਾਨਸਭਾ ਚੋਣਾਂ ਵਿਚ ਭਾਜਪਾ ਤੀਜੀ ਵਾਰ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਪੱਤਰਕਾਰਤਾ ਮਿਸ਼ਨ ਵਜੋਂ ਹੈ।ਆਜ਼ਾਦੀ ਦੀ ਲੜਾਈ ਵਿਚ ਪੱਤਰਕਾਰਤਾ ਅਤੇ ਪੱਤਰਕਾਰਾਂ ਦੀ ਅਹਿਮ ਭੂਮਿਕਾ ਰਹੀ ਹੈ।ਦੇਵਰਿਸ਼ੀ ਨਾਰਦ ਪ੍ਰੇਰਣਾ ਸਰੋਤ ਹਨ, ਜਿਨ੍ਹਾਂ ਨੇ ਸਮਾਜ ਵਿਚ ਸਭਿਆਚਾਰ ਅਤੇ ਮੁੱਲਾਂ ਨੂੰ ਜ਼ਿੰਦਾ ਰੱਖਣ ਲਈ ਪੱਤਰਕਾਰਤਾ ਕੀਤੀ।ਹਰਿਆਣਾ ਸਰਕਾਰ ਪੱਤਰਕਾਰਾਂ ਦੀ ਹਿਤੈਸ਼ੀ ਹੈ।ਪੱਤਰਕਾਰਾਂ ਨੂੰ ਪੈਂਸ਼ਨ ਦੇਣ ਦੇ ਨਾਲ ਬੀਮਾ ਸੁਰੱਖਿਆ ਕਵਰ ਅਤੇ ਹਰਿਆਣਾ ਰੋਡਵੇਜ਼ ਦੀਆਂ ਬੱਸਾਂ ਵਿਚ ਚਾਰ ਹਜ਼ਾਰ ਕਿਲੋਮੀਟਰ ਮੁਫਤ ਯਾਤਰਾ ਦੀ ਸਹੂਲਤ ਦਿੱਤੀ ਜਾ ਰਹੀ ਹੈ।ਸਰਕਾਰ ਵੱਲੋਂ ਪੱਤਰਕਾਰ ਉਥਾਨ ਨੂੰ ਲੈ ਕੇ ਅਨੇਕ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ।ਇਨ੍ਹਾਂ ਵਿਚ ਸੱਭ ਤੋਂ ਮਹਤੱਵਪੂਰਨ ਪੱਤਰਕਾਰ ਸਨਮਾਨ ਪੈਨਸ਼ਨ ਯੋਜਨਾ ਹੈ ਜਿਸ ਦੇ ਤਹਿਤ ਪੱਤਰਕਾਰਾਂ ਨੂੰ 15 ਹਜਾਰ ਰੁਪਏ ਮਹੀਨਾ ਪੈਂਸ਼ਨ ਦਿੱਤੀ ਜਾ ਰਹੀ ਹੈ 10 ਲੱਖ ਰੁਪਏ ਦੀ ਗਰੁੱਪ ਇੰਸ਼ੋਰੇਂਸ ਸਕੀਮ ਦਾ ਪ੍ਰੀਮੀਅਮ ਵੀ ਸਰਕਾਰ ਖੁਦ ਭੁਗਤਾਨ ਕਰ ਰਹੀ ਹੈ।ਇਸ ਮੌਕੇ ਸੂਬੇ ਦੇ ਕੋਨੇ-ਕੋਨੇ ਤੋਂ ਆਏ ਪੱਤਰਕਾਰ ਮੌਜੂਦ ਸਨ।

# ਸਤਿਗੁਰੂ ਕਬੀਰ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਧਾਰਮਿਕ ਸਮਾਗਮ ਕਰਵਾਇਆ





ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪ੍ਰਬੰਧਕ ਕਮੇਟੀ ਸਤਿਗੁਰ ਕਬੀਰ ਮੰਦਿਰ ਪਿੰਡ ਅਹਿਮਦਾਬਾਦ (ਧਾਰੀਵਾਲ) ਵੱਲੋਂ ਸਤਿਗੁਰੂ ਕਬੀਰ ਜੀ ਦੇ 626ਵੇਂ ਪ੍ਰਕਾਸ਼ ਦਿਹਾੜੇ ਸਬੰਧੀ ਧਾਰਮਿਕ ਸਮਾਗਮ ਪ੍ਰੇਮ ਪਾਲ ਭਗਤ, ਰਜਨੀਸ ਭਗਤ, ਨੀਰਜ ਭਗਤ, ਤਨਵੀਰ ਭਗਤ ਅਤੇ ਦਲਬੀਰ ਚਾਹਲ ਦੇ ਪ੍ਰਬੰਧਾਂ ਹੇਠ ਕਰਵਾਇਆ ਗਿਆ। ਸਮਾਗਮ ਦੌਰਾਨ ਭਗਤ ਦੀਨਾ ਨਾਥ ਜੀ ਦੇ ਜਥੇ ਅਤੇ ਬੀਬੀਆਂ ਦੇ ਜਥੇ ਵੱਲੋਂ ਸਤਿਗੁਰੂ ਕਬੀਰ ਜੀ ਦੀ ਮਹਿਮਾ ਵਿੱਚ ਸਬਦ ਗਾਇਨ ਕੀਤੇ ਅਤੇ ਕਬੀਰ ਸਾਹਿਬ ਜੀ ਦੀ ਬਾਣੀ ਅਧਾਰਿਤ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਸਮਾਗਮ ਦੌਰਾਨ ਪ੍ਰਬੰਧਕ ਕਮੇਟੀ ਸਤਿਗੁਰੂ ਕਬੀਰ ਮੰਦਿਰ ਫੱਜੂਪੁਰ ਦੇ ਪ੍ਰਧਾਨ ਅਸ਼ਵਨੀ ਫੱਜੂਪੁਰ ਨੇ ਸੰਗਤ ਨੂੰ ਸਤਿਗੁਰੂ ਕਬੀਰ ਜੀ ਦੁਆਰਾ ਦਰਸਾਏ ਮਾਰਗ ਤੇ ਚੱਲਣ ਤੇ ਜ਼ੋਰ ਦਿੰਦਿਆਂ ਕਿਹਾ ਸਾਨੂੰ ਵਹਿਮਾਂ ਭਰਮਾਂ ਤੇ ਕਰਮ ਕਾਂਡਾਂ ਤੋਂ ਦੂਰ ਰਹਿ ਕੇ ਕਬੀਰ ਸਾਹਿਬ ਜੀ ਦੀਆਂ ਸਿੱਖਿਆਵਾਂ ਅਨੁਸਾਰ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਇਸ ਮੌਕੇ ਤਰਲੋਕ ਲਾਲ ਏਡੀਓ ਵੱਲੋਂ ਹਾਜਰ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰਬੰਧਕ ਸੇਵਦਾਰਾਂ ਵੱਲੋਂ ਠੰਡੇ ਜਲ ਦੀ ਛਬੀਲ ਤੇ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ। ਸਮਾਗਮ ਵਿੱਚ ਰਾਜ ਕੁਮਾਰ, ਗੁਰਦਿਆਲ ਭਗਤ ਰਾਜੇਂਦਰ ਮਾਨਵ, ਸ਼ਤ ਸ਼ੁਕਰ ਲਾਲ ਭਗਤ, ਮਾਨਵ ਭਗਤ, ਕੁਲਦੀਪ ਦੀਪੂ, ਹੀਰਾ ਲਾਲ, ਜਤਿਨ ਭਗਤ, ਪ੍ਰਸ਼ਾਤ ਭਗਤ, ਮੰਨਤ ਭਗਤ, ਕਵੀਸ ਕਬੀਰ, ਦ੍ਰਿਸ਼ਟੀ ਭਗਤ ਤੋਂ ਇਲਾਵਾ ਪ੍ਰਬੰਧਕ ਕਮੇਟੀ ਸਤਿਗੁਰ ਕਬੀਰ ਮੰਦਿਰ ਫੱਜੂਪੁਰ ਦੇ ਪ੍ਰਧਾਨ ਅਸ਼ਵਨੀ ਫੱਜੂਪੁਰ, ਸੈਕਟਰੀ ਗੁਰਬਚਨ ਸਿੰਘ ਜ਼ਿਲ੍ਹੇਦਾਰ, ਸੀਨੀਅਰ ਮੀਤ ਪ੍ਰਧਾਨ ਪ੍ਰੇਮਪਾਲ ਪੰਮਾ, ਹਰੀ ਰਾਮ, ਸੇਵਾਦਾਰ ਕੁੰਦਨ ਲਾਲ, ਕੀਮਤੀ ਲਾਲ ਭਗਤ, ਸਾਈਂ ਦਾਸ ਭਗਤ, ਜਤਿੰਦਰ ਭਗਤ ਦੀਨਪੁਰ, ਬਲਵਿੰਦਰ ਬਿੰਦਾ, ਨੰਬਰਦਾਰ ਪ੍ਰੇਮ ਪਾਲ ਲੇਹਲ, ਨੰਬਰਦਾਰ ਮਹਿੰਦਰ ਪਾਲ, ਮਾਸਟਰ ਸੁਭਾਸ਼ ਚੰਦਰ, ਗੁਰਮੀਤ ਸਿੰਘ ਅਹਿਮਦਾਬਾਦ, ਹਰਮੀਤ ਭਗਤ, ਤਲਵਿੰਦਰ ਪਾਲ ਹੈਪੀ ਆਦਿ ਸਮੇਤ ਸੰਗਤਾਂ ਹਾਜ਼ਰ ਸਨ।

## ਪੀਰ ਬਾਬਾ ਪੱਲੇ ਸਾਹ ਦੇ ਸਾਲਾਨਾ ਮੇਲੇ 'ਤੇ ਠੰਡੇ-ਮਿੱਠੇ ਜਲ ਦੀ ਛਬੀਲ



*ਕਸੇਲ ਵਿਖੇ ਪੀਰ ਬਾਬਾ ਪੱਲੇ ਸਾਹ ਦੇ ਸਾਲਾਨਾ ਮੇਲੇ 'ਤੇ ਠੰਡੇ-ਮਿੱਠੇ ਜਲ ਦੀ ਛਬੀਲ ਤੇ ਸੇਵਾ ਕਰਦੇ ਹੋਏ ਦਰਗਾਹ ਦੇ ਸੇਵਾਦਾਰ ਦਿਲਬਾਗ ਸਿੰਘ ਫੌਜੀ, ਸੇਵਾਦਾਰ ਪ੍ਰਧਾਨ ਬਲਕਾਰ ਸਿੰਘ ਭੋਲਾ, ਸਰਪੰਚ ਗੁਰਬਚਨ ਸਿੰਘ ਕਸੇਲ, ਸਾਬਕਾ ਸਰਪੰਚ ਸੁਖਜਿੰਦਰ ਸਿੰਘ ਢਿੱਲੋਂ, ਜ਼ਿਲਾ ਪ੍ਰੀਸ਼ਦ ਮੈਂਬਰ ਬਿਕਰਮਜੀਤ ਸਿੰਘ ਰੰਧਾਵਾ, ਸੁਰਜੀਤ ਕੁਮਾਰ ਬੌਬੀ, ਮੈਂਬਰ ਦਲਬੀਰ ਸਿੰਘ, ਬਲਜਿੰਦਰ ਸਿੰਘ ਮੈਂਬਰ ਬੋਰਾਂ ਵਾਲੇ, ਸਾਹਿਬ ਸਿੰਘ ਪ੍ਰਧਾਨ, ਕੁਲਦੀਪ ਸਿੰਘ ਪ੍ਰਧਾਨ ਬੋਰਾਂ ਵਾਲੇ, ਲੱਕੀ ਆਟੋ ਵਾਲਾ, ਬਲਦੇਵ ਸਿੰਘ ਫੌਜੀ, ਦਵਿੰਦਰ ਸਿੰਘ, ਦਵਿੰਦਰ ਸਿੰਘ ਢਿੱਲੋਂ, ਗੁਰਤੇਜ ਸਿੰਘ ਟਿੰਕੂ, ਠੇਕੇਦਾਰ ਅੰਗਰੇਜ਼ ਸਿੰਘ, ਪ੍ਰਦੀਪ ਸਿੰਘ, ਸੁਖਦੇਵ ਸਿੰਘ ਫੌਜੀ, ਜੈਮਲ ਸਿੰਘ ਮਾਹਲਾ, ਨਿਰਮਲ ਸਿੰਘ ਸਬਜ਼ੀ ਵਾਲਾ, ਲਵਜੀਤ ਸਿੰਘ ਪੰਜਾਬ ਪੁਲਸ, ਤਰਸੇਮ ਸਿੰਘ ਮੀਆਂਪੁਰ, ਪ੍ਰਮਜੀਤ ਸਿੰਘ ਫੌਜੀ, ਸੋਨੀ, ਰਾਜਾ, ਮੰਨਾ, ਚੈਨਾ, ਦਾਰਾ ਸਿੰਘ ਆਦਿ।*

*(ਤਸਵੀਰ ਤੇ ਵੇਰਵਾ:ਹਰਜਿੰਦਰ ਸਿੰਘ ਸੋਨੀ)*

# ਗੁਰਮੀਤ ਸਿੰਘ ਜੌਹਲ ਦੀ ਪਤਨੀ ਦੇ ਸਦੀਵੀ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ਿਲ੍ਹਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪਿੰਡ ਜੌਹਲ ਇਕਾਈ ਪ੍ਰਧਾਨ ਗੁਰਮੀਤ ਸਿੰਘ ਜੌਹਲ ਦੀ ਧਰਮ ਪਤਨੀ ਬੀਬੀ ਮਨਜੀਤ ਕੌਰ ਜੌਹਲ ਦੀ ਅਚਨਚੇਤ ਮੌਤ ਹੋ ਗਈ।ਪਰਿਵਾਰ ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਜੌਹਲ ਵਿਖੇ ਕਰ ਦਿੱਤਾ ਗਿਆ।

ਪ੍ਰਧਾਨ ਗੁਰਮੀਤ ਸਿੰਘ ਜੌਹਲ ਤੇ ਉਨ੍ਹਾਂ ਦੀ ਧਰਮ ਪਤਨੀ ਮਨਜੀਤ ਕੌਰ ਜੌਹਲ ਕਿਸਾਨ ਮਜ਼ਦੂਰ ਸਘੰਰਸ਼ ਕਮੇਟੀ ਪੰਜਾਬ ਨਾਲ ਕਾਫੀ ਲੰਮੇ ਅਰਸੇ ਤੋਂ ਜੁੜੇ ਹੋਏ ਸਨ ਤੇ ਹਰ ਸੰਘਰਸ਼ ਵਿੱਚ ਕਿਸਾਨ ਮਜ਼ਦੂਰ ਸਘੰਰਸ਼ ਕਮੇਟੀ ਪੰਜਾਬ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਦੇ ਸਨ।ਜੌਹਲ ਪਰਿਵਾਰ ਨਾਲ ਗਹਿਰੇ ਦੁੱਖ ਪ੍ਰਗਟਾਵਾ ਕਰਦੇ ਹੋਏ ਸੂਬਾ ਆਗੂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਜ਼ਿਲਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ, ਜ਼ੋਨ ਸਕੱਤਰ ਹਰਦੀਪ ਸਿੰਘ ਜੌਹਲ, ਜ਼ੋਨ ਆਗੂ ਬਲਜੀਤ ਸਿੰਘ ਰਟੌਲ ਨੇ ਦੱਸਿਆ ਕਿ ਪ੍ਰਧਾਨ ਗੁਰਮੀਤ ਸਿੰਘ ਜੌਹਲ ਦਾ ਪਰਿਵਾਰ ਸਮੇਤ ਪਿਛਲੇ ਦਿੱਲੀ ਅੰਦੋਲਨ ਅਤੇ ਹੁਣ ਸ਼ੰਭੂ ਮੋਰਚੇ ਵਿੱਚ ਅਹਿਮ ਯੋਗਦਾਨ ਰਿਹਾ ਹੈ, ਉਨ੍ਹਾਂ ਦੇ ਯੋਗਦਾਨ ਨੂੰ ਕਦੇ ਅਣਦੇਖਾ ਨਹੀਂ ਕੀਤਾ ਜਾਂ ਸਕਦਾ। ਇਸ ਮੌਕੇ ਪ੍ਰਧਾਨ ਨਵਜੀਤ ਸਿੰਘ ਗੋਹਲਵੜ, ਪ੍ਰਧਾਨ ਗੁਰਪਾਲ ਸਿੰਘ ਠੱਠੀ, ਪ੍ਰਧਾਨ ਸਤਪਾਲ ਸਿੰਘ ਪੰਡੋਰੀ ਤਖਤ ਮੱਲ, ਪ੍ਰਧਾਨ ਗੁਰਬਖਸ਼ ਸਿੰਘ ਖਾਰਾ, ਪ੍ਰਧਾਨ ਅਮਰੀਕ ਸਿੰਘ ਬਾਲੇਚੱਕ, ਤਾਇਆ ਸੋਹਣ ਸਿੰਘ ਗੋਹਲਵੜ, ਜ਼ੋਨ ਆਗੂ ਜਸਮੇਰ ਸਿੰਘ ਜੌਹਲ, ਅਜਮੇਰ ਸਿੰਘ ਲੱਖੋਵਾਲ ਦੋਬੁਰਜੀ ਕਿਸਾਨ ਆਗੂਆ ਵੱਲੋਂ ਬੀਬੀ ਮਨਜੀਤ ਕੌਰ ਜੌਹਲ ਦੇ ਮ੍ਰਿਤਕ ਸਰੀਰ ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਟੀਮ ਨੇ ਕਿਸਾਨੀ ਝੰਡਾ ਪਾ ਕੇ ਸ਼ਰਧਾਂਜਲੀ ਦਿੱਤੀ ਅਤੇ ਇਸ ਵਿਛੋੜੇ ਨੂੰ ਕਦੇ ਨਾ ਪੂਰਾ ਹੋਣ ਵਾਲ਼ਾ ਘਾਟਾ ਦੱਸਿਆ।

## ਖੇਤੀਬਾੜੀ ਵਿਭਾਗ ਵੱਲੋਂ ਮੱਕੀ ਦੇ ਹਾਈਬ੍ਰਿਡ ਬੀਜਾਂ 'ਤੇ ਸਬਸਿਡੀ ਦਾ ਫੈਸਲਾ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਸਾਉਣੀ ਦੀ ਮੱਕੀ ਦੇ ਹਾਈਬ੍ਰਿਡ ਬੀਜਾਂ 'ਤੇ ਸਬਸਿਡੀ ਦੇਣ ਅਤੇ 4700 ਹੈਕਟੇਅਰ ਰਕਬੇ ਉਤੇ ਮੱਕੀ ਦੀਆਂ ਪ੍ਰਦਰਸ਼ਨੀਆਂ ਲਗਾਉਣ ਦਾ ਫੈਸਲਾ ਕੀਤਾ ਹੈ।ਇਸ ਬਾਰੇ ਅੱਜ ਇੱਥੇ ਇੱਕ ਪ੍ਰੈਸ ਬਿਆਨ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪ੍ਰਮਾਣਿਤ ਅਤੇ ਸਿਫ਼ਾਰਸ਼ ਕੀਤੇ ਹਾਈਬ੍ਰਿਡ ਮੱਕੀ ਦੇ ਪ੍ਰਤੀ 1 ਕਿਲੋਗ੍ਰਾਮ ਬੀਜ ਦੀ ਖਰੀਦ 'ਤੇ ਕਿਸਾਨ 100 ਰੁਪਏ ਦੀ ਸਬਸਿਡੀ ਦਾ ਲਾਭ ਲੈ ਸਕਦੇ ਹਨ। ਹਾਈਬ੍ਰਿਡ ਸਾਉਣੀ ਦੀ ਮੱਕੀ ਦੇ ਬੀਜਾਂ ਲਈ ਸਬਸਿਡੀ ਪ੍ਰਤੀ ਕਿਸਾਨ ਵੱਧ ਤੋਂ ਵੱਧ 5 ਏਕੜ ਰਕਬਾ ਜਾਂ 40 ਕਿਲੋਗ੍ਰਾਮ ਬੀਜ ਲਈ ਮੁਹੱਈਆ ਕਰਵਾਈ ਜਾਵੇਗੀ। ਸੂਬਾ ਦੇ ਕਿਸਾਨਾਂ ਨੂੰ ਕੁੱਲ 2300 ਕੁਇੰਟਲ ਮੱਕੀ ਦਾ ਬੀਜ ਸਬਸਿਡੀ 'ਤੇ ਉਪਲਬਧ ਕਰਵਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਕੁੱਲ 4700 ਹੈਕਟੇਅਰ ਰਕਬੇ ਉਤੇ ਮੱਕੀ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਣਗੀਆਂ, ਜਿਸ ਲਈ ਕਿਸਾਨਾਂ ਨੂੰ ਖਾਦਾਂ, ਕੀਟਨਾਸ਼ਕਾਂ ਆਦਿ ਸਮੇਤ ਵੱਖ-ਵੱਖ ਸਮੱਗਰੀ ਲਈ ਪ੍ਰਤੀ ਹੈਕਟੇਅਰ 6000 ਰੁਪਏ ਦੀ ਵਿੱਤੀ ਸਹਾਇਤਾ ਵੀ ਦਿੱਤੀ ਜਾਵੇਗੀ।ਖੇਤੀਬਾੜੀ ਮੰਤਰੀ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਸੂਬੇ ਦੇ ਕਿਸਾਨਾਂ ਨੂੰ ਪਾਣੀ ਦੀ ਵੱਧ ਖ਼ਪਤ ਵਾਲੀ ਝੋਨੇ ਦੀ ਫ਼ਸਲ ਤੋਂ ਛੁਟਕਾਰਾ ਦਿਵਾਉਣ ਲਈ ਸੂਬਾ ਸਰਕਾਰ ਨੇ ਰਿਕਾਰਡ 2 ਲੱਖ ਹੈਕਟੇਅਰ ਰਕਬੇ 'ਤੇ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਨ ਦਾ

## ਵਰਲਡ ਕੱਪ ਜਿੱਤਣ ਦੀ ਖੁਸ਼ੀ 'ਚ ਜਸ਼ਨ ਮਨਾਏ

ਬਟਾਲਾ (ਤਰਲੋਕ ਬੱਗਾ)-ਪਾਂਡਿਆ ਮੌਹਲ਼ਾ ਪਹਾੜੀ ਗੇਟ ਦੇ ਜੈ ਮਾਂ ਵੈਸ਼ਨੋ ਕਲੱਬ ਦੇ ਨੌਜਵਾਨਾਂ ਵੱਲੋਂ ਭਾਰਤੀ ਕ੍ਰਿਕਟ ਟੀਮ ਵੱਲੋਂ ਵਰਲਡ ਕੱਪ ਜਿੱਤਣ ਦੀ ਖੁਸ਼ੀ ਵਿਚ ਢੋਲ ਵਜਾ ਕੇ ਜਸ਼ਨ ਮਨਾਇਆ ਅਤੇ ਲੱਡੂ ਵੰਡੇ। ਇਸ ਮੌਕੇ ਅਭਿਨਵ ਸੇਖੜੀ, ਕਪਿਲ ਸ਼ਰਮਾ, ਲਵਲੀ ਚੋਪੜਾ, ਮਨੂ ਸ਼ਰਮਾ, ਕਨੂ ਸੇਖੜੀ, ਰਾਹੁਲ ਸ਼ਰਮਾ, ਹੈਪੀ ਜੋਸ਼ੀ, ਅੰਕੁਸ਼ ਸੇਖੜੀ ਆਦਿ ਹਾਜ਼ਰ ਸਨ।



# ਜੁਡੀਸ਼ੀਅਲ ਪ੍ਰੀਖਿਆ 'ਚ ਅੰਮ੍ਰਿਤਧਾਰੀ ਸਿੱਖ ਉਮੀਦਵਾਰਾਂ ਨਾਲ ਵਿਤਕਰਾ

## ਬੇਹੱਦ ਦੁਖਦਾਈ ਤੇ ਅਨਿਆਂਪੂਰਨ: ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰਾਜਸਥਾਨ ਦੇ ਜੋਧਪੁਰ ਵਿਖੇ ਜੁਡੀਸ਼ੀਅਲ ਪ੍ਰੀਖਿਆ ਵਿੱਚ ਵੱਡੀ ਗਿਣਤੀ 'ਚ ਅੰਮ੍ਰਿਤਧਾਰੀ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਖੰਡਤ ਕਰਨ ਵਾਲਿਆਂ ਖਿਲਾਫ ਸਰਕਾਰ ਵੱਲੋਂ ਅਜੇ ਤੱਕ ਕੋਈ ਕਾਰਵਾਈ ਨਾ ਕਰਨ ਨੂੰ ਬੇਹੱਦ ਦੁੱਖਦਾਈ ਅਤੇ ਅਨਿਆਂਪੂਰਨ ਦੱਸਿਆ ਗਿਆ ਹੈ।ਪਹਿਲਾਂ ਜਲੰਧਰ ਨਿਵਾਸੀ ਗੁਰਸਿੱਖ ਲੜਕੀ ਅਰਮਨਜੋਤ ਕੌਰ ਦੇ ਮਾਮਲੇ ਤੋਂ ਬਾਅਦ ਹੁਣ ਅੰਬਾਲਾ ਛਾਉਣੀ ਦੀ ਇੱਕ ਗੁਰਸਿੱਖ ਲੜਕੀ ਲਖਵਿੰਦਰ ਕੌਰ ਵੱਲੋਂ ਜੋਧਪੁਰ ਜੁਡੀਸ਼ੀਅਲ ਪ੍ਰੀਖਿਆ ਦੇ ਇੱਕ ਕੇਂਦਰ 'ਤੇ ਉਸ ਦੇ ਕਕਾਰ ਲੁਹਾਉਣ ਦੇ ਸਾਹਮਣੇ ਆਏ ਮਾਮਲੇ ਨੇ ਰਾਜਸਥਾਨ ਅੰਦਰ ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰੇ ਵਖਰੇਵੇਂ ਨੂੰ ਇੱਕ ਵਾਰ ਫਿਰ ਉਜਾਗਰ ਕੀਤਾ ਹੈ।ਧਾਮੀ ਨੇ ਕਿਹਾ ਕਿ ਇਹ ਵਰਤਾਰਾ ਸਿੱਖ ਸੰਵੇਦਨਾ ਨੂੰ ਸੱਟ ਮਾਰਨ ਵਾਲਾ ਹੈ ਜਿਸ ਪ੍ਰਤੀ ਰਾਜਸਥਾਨ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੋਸ਼ੀ ਅਧਿਕਾਰੀਆਂ ਖਿਲਾਫ ਕਰੜੀ ਕਾਰਵਾਈ ਕਰੇ, ਪਰੰਤੂ ਦੁੱਖ ਦੀ ਗੱਲ ਹੈ ਕਿ ਸਿੱਖ ਕੌਮ ਵੱਲੋਂ ਲਗਾਤਾਰ ਪ੍ਰਗਟਾਏ ਜਾ ਰਹੇ ਇਤਰਾਜ਼ ਮਗਰੋਂ ਵੀ ਸਰਕਾਰ ਆਪਣੀ ਜਿੰਮੇਵਾਰੀ ਤੋਂ ਮੂੰਹ ਮੋੜੀ ਬੈਠੀ ਹੈ।ਜਾਣਕਾਰੀ ਅਨੁਸਾਰ ਰਾਜਸਥਾਨ ਦੇ ਜੋਧਪੁਰ ਵਿਖੇ ਪਿਛਲੇ ਹਫ਼ਤੇ ਹੋਈ ਸਿਵਲ ਜੱਜ ਦੀ ਜੁਡੀਸ਼ੀਅਲ ਪ੍ਰੀਖਿਆ ਵਿੱਚ ਕਈ ਕੇਂਦਰਾਂ 'ਤੇ ਅੰਮ੍ਰਿਤਧਾਰੀ ਸਿੱਖ ਉਮੀਦਵਾਰਾਂ ਨੂੰ ਤੰਗ ਪਰੇਸ਼ਾਨ ਕੀਤਾ ਗਿਆ ਅਤੇ ਅਧਿਕਾਰੀਆਂ ਦਾ ਕਕਾਰ ਲੁਹਾਉਣ ਲਈ ਬਜਿੱਦ ਬਣੇ ਰਹਿਣ ਕਾਰਨ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰੀ ਗਈ ਜਿਸ ਕਰਕੇ ਕਈ ਸਿੱਖ ਉਮੀਦਵਾਰ ਇਸ ਪ੍ਰੀਖਿਆ ਤੋਂ ਵਾਂਝੇ ਰਹੇ।ਹਾਲਾਂਕਿ ਪ੍ਰੀਖਿਆ ਲਈ ਜਾਰੀ ਹਦਾਇਤਾਂ ਵਿੱਚ ਅਜਿਹਾ ਕੁਝ ਵੀ ਸ਼ਾਮਲ ਨਹੀਂ ਸੀ।ਇਹ ਆਪਹੁਦਰੀ ਕਾਰਵਾਈ ਦੇਸ਼ ਦੇ ਸੰਵਿਧਾਨ ਨੂੰ ਚੁਣੌਤੀ ਦੇਣ ਦੀ ਹਰਕਤ ਹੈ, ਜਿਸ ਵਾਸਤੇ ਦੋਸ਼ੀ ਅਧਿਕਾਰੀਆਂ ਦੇ ਖਿਲਾਫ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਅਤੇ ਸੰਵਿਧਾਨ ਦੀ ਤੌਹੀਨ ਕਰਨ ਤਹਿਤ ਸਰਕਾਰ ਵੱਲੋਂ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਲਖਵਿੰਦਰ ਕੌਰ ਅਤੇ ਹੋਰਨਾਂ ਪੀੜਤ ਅੰਮ੍ਰਿਤਧਾਰੀ ਉਮੀਦਵਾਰਾਂ ਦੇ ਨਾਲ ਹੈ ਅਤੇ ਇਸ ਮਾਮਲੇ ਵਿੱਚ ਹਰ ਪੱਧਰ ਤੇ ਆਪਣਾ ਰੋਸ ਪ੍ਰਗਟ ਕਰਦਿਆਂ ਦੋਸ਼ੀ ਅਧਿਕਾਰੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਕਾਰਜਸ਼ੀਲ ਰਹੇਗੀ।ਐਡਵੋਕੇਟ ਧਾਮੀ ਨੇ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਪਹਿਲਾਂ ਵੀ ਅਰਮਨਜੋਤ ਕੌਰ ਤੇ ਹੋਰ ਸਿੱਖ ਉਮੀਦਵਾਰਾਂ ਦੇ ਮਾਮਲੇ ਵਿੱਚ ਰਾਜਸਥਾਨ ਹਾਈ ਕੋਰਟ ਦੇ ਚੀਫ ਜਸਟਿਸ ਤੇ ਰਜਿਸਟਰਾਰ (ਇਮਤਿਹਾਨ), ਕੇਂਦਰੀ ਕਨੂੰਨ ਤੇ ਨਿਆਂ ਮੰਤਰੀ, ਰਾਜਸਥਾਨ ਦੇ ਮੁੱਖ ਮੰਤਰੀ, ਕੌਮੀ ਤੇ ਸੂਬਾ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨੂੰ ਪੱਤਰ ਲਿਖ ਚੁੱਕੀ ਹੈ ਅਤੇ ਹੁਣ ਲਖਵਿੰਦਰ ਕੌਰ ਦਾ ਮਾਮਲਾ ਵੀ ਉਠਾਇਆ ਜਾਵੇਗਾ।

ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਵੀ ਅਪੀਲ ਕੀਤੀ ਕਿ ਉਹ ਸਮੇਂ-ਸਮੇਂ ਸਾਹਮਣੇ ਆਉਂਦੀਆਂ ਅਜਿਹੀਆਂ ਸਿੱਖ-ਵਿਰੋਧੀ ਘਟਨਾਵਾਂ 'ਤੇ ਦੀਰਘ ਵਿਚਾਰ ਵਟਾਂਦਰਾ ਕਰਨ ਲਈ ਸਮੁੱਚੀਆਂ ਸਿੱਖ ਜਥੇਬੰਦੀਆਂ ਦੀ ਵਿਸ਼ੇਸ਼ ਇਕੱਤਰਤਾ ਸੱਦਣ ਤਾਂ ਜੋ ਸਰਕਾਰਾਂ ਨੂੰ ਠੋਸ ਸਨੇਹਾ ਦਿੱਤਾ ਜਾ ਸਕੇ।

## 'ਬੂਟਾ ਲਾ ਕੇ ਉਸ ਦੇ ਰੁੱਖ ਬਣਨ ਤੱਕ ਸਾਂਭ-ਸੰਭਾਲ ਕਰਨਾ ਮਨੁੱਖ ਆਪਣੀ ਜ਼ਿੰਮੇਵਾਰੀ ਸਮਝੇ'

ਚੰਡੀਗੜ੍ਹ, (ਕ੍ਰਿਸ਼ਨ ਗਰਗ)-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਨੇ ਪ੍ਰਧਾਨ ਮੰਤਰੀ ਮੋਦੀ ਦੀ ਅਪੀਲ ਤੇ ਸੂਬੇ ਦੇ ਹਰੇਕ ਨਾਗਰਿਕ ਤੋਂ ਆਪਣੀ ਮਾਂ ਦੇ ਨਾਂਅ 'ਤੇ ਇਕ ਰੁੱਖ ਲਗਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਾਨੂੰ ਰੁੱਖ ਲਗਾਉਣ ਦੇ ਬਾਅਦ ਉਸ ਨੂੰ ਵੱਡਾ ਹੋਣ ਤਕ ਉਸ ਦੀ ਸੰਭਾਲ ਵੀ ਰੱਖਣੀ ਹੈ।ਵਾਤਾਵਰਣ ਦੇ ਸੰਤੁਲਨ ਨੂੰ ਬਣਾਏ ਰੱਖਣ ਦਾ ਇਹੀ ਇਕਲੌਤਾ ਤਰੀਕਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਵਾਤਾਵਰਣ ਦੇ ਅਸੰਤੁਲਨ ਦੇ ਕਾਰਨ ਅੱਜ ਵਾਤਾਵਰਣ ਵਿਚ ਤਾਪਮਾਨ ਕਾਫੀ ਵੱਧ ਰਿਹਾ ਹੈ।ਹੁਣ 50 ਡਿਗਰੀ ਤੋਂ ਵੱਧ ਤਾਪਮਾਨ ਵੀ ਦੇਖਣ ਨੂੰ ਮਿਲਦਾ ਹੈ। ਇਸੀ ਸੰਤੁਲਨ ਨੂੰ ਬਨਾਉਣ ਲਈ ਪ੍ਰਧਾਨ ਮੰਤਰੀ ਨੇ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ, ਜੋ 6 ਜੁਲਾਈ ਤਕ ਚੱਲੇਗਾ।ਉਨ੍ਹਾਂ ਨੇ ਕਿਹਾ ਕਿ ਜਦੋਂ ਵੀ ਗਰਮੀ ਵੱਧ ਹੁੰਦੀ ਹੈ, ਤਾਂ ਸਾਨੂੰ ਪਹਾੜਾਂ ਦੇ ਵੱਲ ਰੁੱਖ ਕਰਦੇ ਹਾਂ, ਉਥੇ ਵੱਧ ਪੇੜ-ਪੌਦੇ ਹੋਣ ਦੇ ਕਾਰਨ ਗਰਮੀ ਦਾ ਪ੍ਰਭਾਵ ਘੱਟ ਹੁੰਦਾ ਹੈ। ਉਨ੍ਹਾਂ ਸੰਕਲਪ ਲੈਂਦੇ ਹੋਏ ਕਿਹਾ ਕਿ ਸਾਨੂੰ ਆਪਣੇ ਜਨਮਦਿਨ ਸਮੇਤ ਹੋਰ ਸਮਾਜਿਕ ਸਮਾਰੋਹ ਵਿਚ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਕੰਮ ਕਰਨਾ ਚਾਹੀਦਾ ਹੈ। ਸ਼੍ਰੀ ਨਾਇਬ ਸਿੰਘ ਨੇ ਕਿਹਾ ਕਿ ਭਾਜਪਾ ਦੀ ਸਰਕਾਰ ਨੇ ਜੋ ਕੰਮ ਪਿਛਲੇ 10 ਸਾਲਾਂ ਵਿਚ ਕਰਵਾਏ ਹਨ, ਇਸ ਤੋਂ ਪਹਿਲਾਂ ਦੀ ਸਰਕਾਰਾਂ ਨੇ ਕੁੱਲ ਮਿਲਾ ਕੇ ਵੀ ਉਨੇ ਵਿਕਾਸ ਕੰਮ ਨਹੀਂ ਕਰਵਾਏ।ਉਨ੍ਹਾਂ ਨੇ ਕਿਹਾ ਕਿ ਜਦੋਂ ਰਸਤੇ 'ਤੇ ਨਜ਼ਰ ਮਾਰੀਏ ਤਾਂ ਚਾਰੋਂ ਪਾਸੇ ਨੈਸ਼ਨਲ ਹਾਈਵੇ, ਗ੍ਰੀਨ ਕੋਰੀਡੋਰ, ਐਕਸਪ੍ਰੈਸ-ਵੇ ਨਜ਼ਰ ਆਉਂਦੇ ਹਨ। ਰੇਲਵੇ ਲਾਇਨਾਂ ਦਾ ਬਿਜਲੀਕਰਣ ਕਰਨ ਤੋਂ ਇਲਾਵਾ ਦੇਸ਼ ਨੂੰ ਵੰਦੇ ਭਾਰਤ ਵਰਗੀ ਟ੍ਰੇਨਾਂ ਦਿੱਤੀਆਂ ਗਈਆਂ।

# ਜ਼ਿਮਨੀ ਚੋਣਾਂ ਤੋਂ ਪਹਿਲਾਂ ਜਲੰਧਰ 'ਚ ਵਿਸ਼ਾਲ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ: ਬਰਿੰਦਰਜੀਤ ਕੌਰ ਛੀਨਾ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸਰਵ ਆਂਗਣਵਾੜੀ ਯੂਨੀਅਨ ਦੀ ਪੰਜਾਬ ਪ੍ਰਧਾਨ ਮੈਡਮ ਬਰਿੰਦਰਜੀਤ ਕੌਰ ਛੀਨਾ ਵਲੋਂ ਪ੍ਰੈੱਸ ਬਿਆਨ ਸਾਂਝਾ ਕਰਦੇ ਹੋਏ ਜਾਣਕਾਰੀ ਦਿੱਤੀ ਕਿ ਸਰਕਾਰ ਵਲੋਂ ਕਾਫ਼ੀ ਲੰਮੇ ਸਮੇਂ ਤੋਂ ਆਂਗਣਵਾੜੀ ਵਰਕਰਾਂ ਹੈਲਪਰਾਂ ਦੀਆਂ ਮੰਗਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ਜਿਸ ਕਾਰਨ ਸੂਬੇ ਭਰ ਦੀਆਂ ਆਂਗਣਵਾੜੀ ਵਰਕਰਾਂ ਹੈਲਪਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਕਿ ਇੰਨੀ ਮਹਿੰਗਾਈ ਵਿਚ ਉਹ ਨਿਗੂਣੇ ਜਿਹੇ ਮਾਣਭੱਤੇ ਤੇ ਕੰਮ ਕਰਨ ਲਈ ਮਜਬੂਰ ਹਨ ਜਦਕਿ ਸਰਕਾਰ ਦੀ ਹਰ ਲੋਕ ਭਲਾਈ ਸਕੀਮਾਂ ਨੂੰ ਗਰਾਊਂਡ ਲੈਵਲ ਤੇ ਇਨ੍ਹਾਂ ਵੱਲੋਂ ਲੋਕਾਂ ਤਕ ਪਹੁੰਚਾਇਆ ਜਾਂਦਾ ਹੈ।ਸਰਕਾਰ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਅਪਣੇ ਏਜੰਡੇ ਵਿਚ ਮਾਣਭੱਤਾ ਦੁੱਗਣਾ ਕਰਨ ਦਾ ਵਾਅਧਾ ਕੀਤਾ ਸੀ ਜੋ ਕਿ ਢਾਈ ਸਾਲ ਬੀਤਣ ਤੋਂ ਬਾਅਦ ਵੀ ਆਂਗਣਵਾੜੀ ਵਰਕਰਾਂ ਹੇਲਪਰ ਦਾ ਮਾਣ ਭੱਤਾ ਦੁੱਗਣਾ ਕਰਨਾ ਤਾਂ ਦੂਰ ਦੀ ਗੱਲ, ਇਨ੍ਹਾਂ ਵਰਕਰਾਂ ਹੈਲਪਰਾਂ ਦੀ ਕੋਈ ਸਾਰ ਤਕ ਨਹੀਂ ਲਈ ਗਈ। ਮੁੱਖ ਮੰਤਰੀ ਨਾਲ ਮੀਟਿੰਗ ਦਾ ਸਮਾਂ ਤਕ ਨਹੀਂ ਦਿੱਤਾ ਗਿਆ। ਇਸਦੇ ਨਾਲ ਹੀ ਯੂਨੀਅਨ ਮੰਗ ਕਰਦੀ ਹੈ ਕਿ ਸਰਕਾਰ ਜਲਦ ਤੋਂ ਜਲਦ ਮਾਣਭੱਤਾ ਦੁੱਗਣਾ ਕਰੇ, ਆਂਗਣਵਾੜੀ ਵਰਕਰ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦੇਵੇ।3 ਤੋਂ 6 ਸਾਲ ਦੇ ਬੱਚਿਆਂ ਨੂੰ ਆਂਗਣਵਾੜੀ ਕੇਂਦਰਾਂ ਵਿਚ ਮੁੜ ਵਾਪਸ ਕਰਨ, ਸੁਪਰਵਾਈਜ਼ਰ ਭਰਤੀ ਵਿਚ ਵਿੱਦਿਅਕ ਯੋਗਤਾ ਨੂੰ ਵਿਚਾਰਿਆ ਜਾਵੇ,10 ਸਾਲਾਂ ਪਾਲਿਸੀ ਅਧੀਨ ਵਰਕਰ ਹੈਲਪਰ ਨੂੰ ਪੱਕੇ ਕੀਤਾ ਜਾਵੇ।ਸੇਵਾ ਮੁਕਤੀ ਸਮੇਂ ਦਿੱਤਾ ਜਾਣ ਵਾਲੇ ਐਕਸਗਰੇਸ਼ੀਏ ਵਿੱਚ ਵਾਧਾ ਕੀਤਾ ਜਾਵੇ ਅਤੇ ਪੈਨਸ਼ਨ ਗ੍ਰੈਚੁਟੀ ਦਾ ਪ੍ਰਬੰਧ ਕੀਤਾ ਜਾਵੇ।ਇਨ੍ਹਾਂ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਜਲੰਧਰ ਵਿੱਚ 6 ਜੁਲਾਈ ਨੂੰ ਵਿਸ਼ਾਲ ਰੋਸ ਮਾਰਚ ਕਰਨ ਦਾ ਐਲਾਨ ਕੀਤਾ ਗਿਆ ਹੈ ਅਤੇ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਮੰਗਾਂ ਤੇ ਵਿਚਾਰ ਨਾ ਕੀਤਾ ਗਿਆ, ਮੁੱਖ ਮੰਤਰੀ ਨਾਲ ਮੀਟਿੰਗ ਦਾ ਸਮਾਂ ਨਾ ਤੈਅ ਕੀਤਾ ਗਿਆ ਤਾਂ ਮਜਬੂਰਨ ਪੰਜਾਬ ਭਰ ਵਿਚ ਸਰਵ ਆਂਗਣਵਾੜੀ ਮੁਲਾਜ਼ਮਾਂ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਕੀਤੇ ਜਾਣਗੇ ਜਿਸ ਦੀ ਜ਼ਿੰਮੇਵਾਰ ਸਰਕਾਰ ਖੁਦ ਹੋਵੇਗੀ।

1-JULY-PAGE-12.qxd 6/30/2024 9:35 PM Page 1



## ਜਨਮ ਦਿਨ ਮੁਬਾਰਕ


ਗੌਰਵ ਕਤਨੋਰੀਆ, ਭੋਗਪੁਰ


ਰਿਧਾਂਸ਼ ਸ਼ਰਮਾ, ਪਿੰਡ ਮੱਲੋਵਾਲ


ਵਨੀਤ ਵਰਤੀਆ, ਲੁਧਿਆਣਾ


ਐਸ਼ਮੀਨ, ਮਲੋਟ

# ਔਰਤ ਵਿੰਗ ਕਿਰਤੀ ਕਿਸਾਨ ਯੂਨੀਅਨ ਵੱਲੋਂ 15 ਨੂੰ ਕਨਵੈਨਸ਼ਨ ਦਾ ਐਲਾਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਔਰਤ ਵਿੰਗ ਕਿਰਤੀ ਕਿਸਾਨ ਯੂਨੀਅਨ ਵੱਲੋਂ ਪਿੰਡ ਸੁੰਨੜ ਕਲਾਂ ਬਾਬੇ ਸ਼ਹੀਦ ਗੁਰਦੁਆਰਾ ਸਾਹਿਬ ਵਿਖੇ ਔਰਤਾਂ ਦੀ ਵਿਸਥਾਰੀ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਹਰਦੀਪ ਕੌਰ ਕੋਟਲਾ ਨੇ ਕਿਹਾ ਕਿ ਹਰੇ ਇਨਕਲਾਬ ਦੇ ਸਾਮਰਾਜੀ ਖੇਤੀ ਮਾਡਲ ਨੇ ਪੰਜਾਬ ਨੂੰ ਕਰਜ਼ੇ ਅਤੇ ਖੁਦਕੁਸ਼ੀਆਂ ਦਿੱਤੀਆਂ। ਇਸ ਮਾਡਲ ਦਾ ਸਮਾਜ ਦੇ ਅੱਧ ਔਰਤਾਂ 'ਤੇ ਵੱਡੀ ਪੱਧਰ 'ਤੇ ਮਾੜਾ ਅਸਰ ਪਿਆ। 2005 ਵਿੱਚ ਬਠਿੰਡਾ ਜ਼ਿਲ੍ਹੇ ਵਿੱਚ 23 ਅਤੇ ਸੰਗਰੂਰ ਜ਼ਿਲ੍ਹੇ ਵਿੱਚ 33 ਕਿਸਾਨ ਔਰਤਾਂ ਨੇ ਖੁਦਕੁਸ਼ੀ ਕੀਤੀ। ਕਿਸਾਨ ਔਰਤਾਂ ਦੇ ਖੁਦਕੁਸ਼ੀ ਦੇ ਅੰਕੜੇ ਜ਼ਾਹਿਰ ਨਹੀਂ ਕੀਤੇ ਜਾਂਦੇ ਕਿਉਂਕਿ ਔਰਤਾਂ ਨੂੰ ਕਿਸਾਨ ਮੰਨਿਆ ਹੀ ਨਹੀਂ ਜਾਂਦਾ। ਤਾਜ਼ਾ ਅੰਕੜਿਆਂ ਅਨੁਸਾਰ ਹੁਣ ਵੀ 100 ਕਿਸਾਨ ਔਰਤਾਂ ਪਿੱਛੇ ਅੱਠ ਕਿਸਾਨ ਔਰਤਾਂ ਖੁਦਕੁਸ਼ੀ ਕਰ ਰਹੀਆਂ ਹਨ। ਬਲਿਹਾਰ ਕੌਰ ਅਤੇ ਸੁਰਜੀਤ ਕੌਰ ਨੇ ਕਿਹਾ ਕਿ ਇਤਿਹਾਸ ਫਰੋਲਿਆਂ ਪਤਾ ਲੱਗਦਾ ਹੈ ਕਿ ਖੇਤੀ ਦੀ ਖੋਜ ਸਭ ਤੋਂ ਪਹਿਲਾਂ ਔਰਤਾਂ ਨੇ ਕੀਤੀ ਅਤੇ ਮਾਂ ਪ੍ਰਧਾਨ ਸਮਾਜ ਵੀ ਰਿਹਾ। ਬਹੁ ਗਿਣਤੀ ਕਿਸਾਨ ਆਪਣੀਆਂ ਪਤਨੀਆਂ ਨੂੰ ਕਰਜ਼ੇ ਬਾਰੇ ਨਹੀਂ ਦੱਸਦੇ। ਔਰਤਾਂ ਨੂੰ ਕਿਸਾਨ ਦੀ ਖੁਦਕੁਸ਼ੀ ਤੋਂ ਬਾਅਦ ਪਤਾ ਲੱਗਦਾ ਹੈ ਕਿ ਉਨ੍ਹਾਂ ਸਿਰ ਕਿੰਨਾ ਕਰਜ਼ਾ ਹੈ। ਖੁਦਕੁਸ਼ੀਆਂ ਕਾਰਨ ਨੌਜਵਾਨ ਵਿਧਵਾ ਔਰਤਾਂ ਦੀ ਗਿਣਤੀ ਬਹੁਤ ਵਧ ਰਹੀ ਹੈ। ਪੰਜਾਬ ਵਿੱਚ ਕਈ ਜ਼ਿਲ੍ਹਿਆਂ ਵਿੱਚ ਔਰਤਾਂ ਖੁਦ ਖੇਤੀ ਕਰ ਰਹੀਆਂ ਹਨ ਪਰ ਸਮਾਜ ਵਿੱਚ ਔਰਤਾਂ ਨੂੰ ਕਿਸਾਨ ਨਾ ਮੰਨਣ ਕਰਕੇ ਉਨ੍ਹਾਂ ਨੂੰ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਨ੍ਹਾਂ ਘਰਾਂ ਵਿੱਚ ਪਰਵਾਰ ਦਾ ਇੱਕ ਹੀ ਕਮਾਉ ਜੀਅ ਹੁੰਦਾ ਉਸ ਦੇ ਖੁਦਕੁਸ਼ੀ ਤੋਂ ਬਾਅਦ ਸਾਰਾ ਕਰਜ਼ਾ ਔਰਤ ਸਿਰ ਆ ਜਾਂਦਾ ਹੈ।

ਬੈਂਕਾਂ ਵਾਲੇ, ਆੜ੍ਹਤੀਏ, ਸ਼ਾਹੂਕਾਰ ਆਦਿ ਕਰਜ਼ੇ ਦੀ ਅਦਾਇਗੀ ਲਈ ਘਰ ਗੇੜੇ ਮਾਰਦੇ ਹਨ। ਜਿਨ੍ਹਾਂ ਘਰਾਂ ਵਿੱਚ ਦੋ ਦੋ ਖੁਦਕੁਸ਼ੀਆਂ ਹੋਈਆਂ ਉੱਥੇ ਔਰਤਾਂ ਪਰਵਾਰ ਵਿੱਚ ਇਕੱਲੀਆਂ ਰਹਿ ਜਾਂਦੀਆਂ। ਆੜ੍ਹਤੀਏ ਜਾਂ ਸ਼ਾਹੂਕਾਰ ਉਨ੍ਹਾਂ ਦੀ ਜ਼ਮੀਨ ਨੱਪਣ ਦੀ ਕੋਸ਼ਿਸ਼ ਕਰਦੇ ਹਨ। ਔਰਤਾਂ ਨੂੰ ਲੋੜ ਪੈਣ 'ਤੇ ਬੈਂਕ, ਰਿਸ਼ਤੇਦਾਰ ਜਾਂ ਆੜ੍ਹਤੀਏ ਆਦਿ ਵੀ ਕਰਜ਼ਾ ਨਹੀਂ ਦਿੰਦੇ ਕਿ ਇਹ ਔਰਤਾਂ ਪੈਸੇ ਕਿੱਥੋਂ ਮੁੜਨਗੀਆਂ। ਕੁਝ ਔਰਤਾਂ ਨੂੰ ਕਰਜ਼ਾ ਉਤਾਰਨ ਲਈ ਜ਼ਮੀਨ ਵੇਚਣੀ ਪੈਂਦੀ ਹੈ। ਹੁਣ ਇਕ ਨਵਾਂ ਵਰਤਾਰਾ ਇਹ ਵੀ ਹੈ ਕਿ ਪਿਤਾ ਦੀ ਮੌਤ ਤੋਂ ਬਾਅਦ ਲੜਕਾ ਵਿਆਹ ਤੋਂ ਬਾਅਦ ਅਲੱਗ ਹੋ ਜਾਂਦਾ ਹੈ ਤਾਂ ਕਿ ਉਸ ਨੂੰ ਕਰਜ਼ਾ ਨਾ ਮੋੜਨਾ ਪਵੇ ਤੇ ਸਾਰਾ ਕਰਜ਼ਾ ਉਸ ਦੀ ਮਾਂ ਨੂੰ ਮੋੜਨਾ ਪੈਂਦਾ ਹੈ। ਜਿਨ੍ਹਾ ਔਰਤਾਂ ਦੇ ਲੜਕਾ ਨਹੀਂ ਹੁੰਦਾ ਉਨ੍ਹਾਂ ਦੀ ਜ਼ਮੀਨ ਸਕੇ ਸਬੰਧੀ ਨੱਪਣ ਦੀ ਕੋਸ਼ਿਸ਼ ਕਰਦੇ ਹਨ। ਇਸ ਮਾਡਲ ਨੇ ਔਰਤਾਂ ਨੂੰ ਬਹੁਤ ਗੰਭੀਰ ਰੋਗ ਦਿੱਤੇ ਹਨ। ਕਈ ਔਰਤਾਂ ਆਦਮੀ ਦੀ ਖੁਦਕੁਸ਼ੀ ਤੋਂ ਬਾਅਦ ਮਾਨਸਿਕ ਰੋਗੀ ਬਣ ਰਹੀਆਂ ਹਨ। ਔਰਤਾਂ ਵਿੱਚ ਛਾਤੀ ਅਤੇ ਬੱਚੇਦਾਨੀ ਦਾ ਕੈਂਸਰ ਔਰਤਾਂ ਤੇ ਮਰਦਾਂ ਵਿੱਚ ਬਾਂਝਪਨ ਰੋਗ, ਸਤਮਾਹੇ ਅਠਮਾਹੇ ਅਤੇ ਮੰਦਬੁੱਧੀ ਬੱਚੇ ਪੈਦਾ ਹੋਣਾ, ਜਵਾਨ ਕੁੜੀਆਂ ਦੇ ਦਾੜ੍ਹੀ ਆਉਣਾ ਆਦਿ ਬਹੁਤ ਗੰਭੀਰ ਅਤੇ ਲੰਮੇ ਰੋਗਾਂ ਦਾ ਸ਼ਿਕਾਰ ਹੋ ਰਹੀਆਂ ਹਨ।ਇਸ ਕਰਕੇ ਹਰੇ ਇਨਕਲਾਬ ਦੇ ਸਾਮਰਾਜੀ ਖੇਤੀ ਮਾਡਲ ਨੂੰ ਬਦਲ ਕੇ ਮਨੁੱਖ ਤੇ ਕੁਦਰਤ ਪੱਖੀ ਹੰਢਣਸਾਰ ਖੇਤੀ ਮਾਡਲ ਬਣਾਉਣ ਲਈ ਔਰਤਾਂ ਦਾ ਜਥੇਬੰਦ ਹੋਣਾ ਬਹੁਤ ਜ਼ਰੂਰੀ ਹੈ ਤਾਂ ਕਿ ਔਰਤਾਂ ਨੂੰ ਸਿਆਸੀ ਤੌਰ 'ਤੇ ਚੇਤਨ ਕੀਤਾ ਜਾ ਸਕੇ ਅਤੇ ਭਵਿੱਖ ਵਿੱਚ ਵੱਡੀ ਕਿਸਾਨ ਲਹਿਰ ਅਤੇ ਜਮਹੂਰੀ ਲਹਿਰ ਉਸਾਰਨ ਲਈ ਮੋਗਾ ਵਿਖੇ ਔਰਤਾਂ ਦੀ ਕਨਵੈਂਸ਼ਨ ਕੀਤੀ ਜਾ ਰਹੀ ਹੈ।ਜਿਸ ਵਿੱਚ ਜ਼ਿਲ੍ਹਾ ਜਲੰਧਰ ਤੋਂ ਵੱਡੀ ਗਿਣਤੀ ਔਰਤਾਂ ਮੋਗਾ ਕਨਵੈਂਸ਼ਨ ਵਿੱਚ ਸ਼ਾਮਿਲ ਹੋਣਗੀਆਂ। ਇਸ ਤੋਂ ਇਲਾਵਾ 15 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿੱਚ ਜਸਵੀਰ ਕੌਰ, ਨਿੰਦਰ ਕੌਰ, ਅਮਰਜੀਤ ਕੌਰ, ਕੁਲਦੀਪ ਕੌਰ, ਕਿਰਪਾਲ ਕੌਰ, ਨਰਿੰਦਰ ਕੌਰ, ਜਸਪ੍ਰੀਤ ਕੌਰ, ਬਲਵਿੰਦਰ ਕੌਰ, ਕਮਲਜੀਤ ਕੌਰ, ਹਰਪ੍ਰੀਤ ਕੌਰ, ਸੁਖਜਿੰਦਰ ਕੌਰ, ਜਸਪ੍ਰੀਤ ਕੌਰ, ਰਾਜਵਿੰਦਰ ਕੌਰ ਅਤੇ ਸਤਿੰਦਰ ਕੌਰ ਨੂੰ ਮੈਂਬਰ ਚੁਣਿਆ ਗਿਆ।



# ਬਲਰਾਮਪੁਰ 'ਚ ਗਤਕਾ ਸਿਖਲਾਈ ਕੈਂਪ ਸੰਪੰਨ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਸੰਤ ਬਾਬਾ ਸ਼ਾਦੀ ਸਿੰਘ ਗਤਕਾ ਅਖਾੜਾ ਬਜੀਦਪੁਰ ਵੱਲੋਂ ਗਤਕਾ ਸਿਖਲਾਈ ਕੈਂਪ ਪਿਛਲੇ ਡੇਢ ਮਹੀਨੇ ਤੋਂ ਪਿੰਡ ਬਲਰਾਮਪੁਰ ਦੇ ਭਗਤ ਰਵਿਦਾਸ ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਭਾਈ ਨਰਿੰਦਰ ਸਿੰਘ ਮਿੰਟਾ ਦੀ ਅਗਵਾਈ ਹੇਠ ਲਗਾਇਆ। ਇਸ ਕੈਂਪ ਵਿੱਚ 40 ਦੇ ਕਰੀਬ ਲੜਕੇ ਤੇ ਲੜਕੀਆਂ ਨੇ ਗਤਕੇ ਦੀ ਸਿਖਲਾਈ ਲਈ ਅਤੇ ਨਾਲ ਹੀ ਇਨ੍ਹਾਂ ਨੂੰ ਗੁਰੂਆਂ ਦੇ ਇਤਿਹਾਸ ਤੋਂ ਵੀ ਜਾਣੂ ਕਰਵਾਇਆ ਗਿਆ। ਸਮਾਪਤੀ ਸਮਾਰੋਹ ਵਿੱਚ ਗਤਕੇ ਦੀ ਸਿਖਲਾਈ ਲੈਣ ਵਾਲੇ ਲੜਕੇ ਲੜਕੀਆਂ ਨੂੰ ਸਨਮਾਨ ਚਿੰਨ੍ਹ ਦੇ ਸਨਮਾਨਤ ਕੀਤਾ ਗਿਆ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਵਾਤਾਵਰਣ ਨੂੰ ਸਾਫ ਸੁਥਰਾ ਬਣਾਉਣ ਤੇ ਪ੍ਰਦੂਸ਼ਣ ਰਹਿਤ ਰੱਖਣ ਲਈ ਫੁੱਲਦਾਰ, ਫਲਦਾਰ ਅਤੇ ਛਾਂਦਾਰ ਬੂਟੇ ਵੀ ਵੰਡੇ। ਇਸ ਮੌਕੇ ਜਸਪਾਲ ਸਿੰਘ, ਸ਼ਨੀ ਸਿੰਘ, ਹਰਮਨਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਕਮੇਟੀ ਮੈਂਬਰ ਹਜ਼ਾਰਾ ਸਿੰਘ, ਗਿਆਨੀ ਮੋਹਣ ਸਿੰਘ, ਗੁਰਮੀਤ ਸਿੰਘ ਅਤੇ ਦਲਬਾਰਾ ਸਿੰਘ ਆਦਿ ਹਾਜ਼ਰ ਸਨ।

# 6 ਨੂੰ ਸਾਂਝੇ ਮੋਰਚੇ ਵੱਲੋਂ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ 'ਚ ਰੈਲੀ ਉਪਰੰਤ ਝੰਡਾ ਮਾਰਚ ਕੀਤਾ ਜਾਵੇਗਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਦੇ ਸੂਬਾ ਪ੍ਰਧਾਨ ਕਰਮ ਸਿੰਘ ਧਨੋਆ ਅਤੇ ਜਨਰਲ ਸਕੱਤਰ ਕੁਲਵਰਨ ਸਿੰਘ ਅਤੇ ਵਿੱਤ ਸਕੱਤਰ ਪ੍ਰੇਮਚੰਦ ਅਗਰਵਾਲ ਨੇ ਇੱਕ ਸਾਂਝੇ ਬਿਆਨ ਰਾਹੀਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਦੀ ਲੁਧਿਆਣਾ ਵਿਖੇ ਹੋਈ ਮੀਟਿੰਗ ਦੇ ਫੈਸਲੇ ਅਨੁਸਾਰ 6 ਜੁਲਈ ਨੂੰ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਰੈਲੀ ਉਪਰੰਤ ਝੰਡਾ ਮਾਰਚ ਕਰਕੇ ਪੰਜਾਬ ਸਰਕਾਰ ਵਲੋਂ ਪਿਛਲੇ ਦੋ ਸਾਲਾਂ ਦੌਰਾਨ ਮੁਲਾਜਮਾਂ ਅਤੇ ਪੈਨਸ਼ਨਰਾਂ ਦੀਆਂ ਭਖਦੀਆਂ ਤੇ ਹੱਕੀ ਮੰਗਾਂ ਪ੍ਰਤੀ ਧਾਰੀ ਬੇਰੁਖੀ, ਸਾਜਿਸ਼ੀ ਚੁੱਪ, ਹੰਕਾਰੀ ਅਤੇ ਅੜੀਅਲ ਵਤੀਰੇ ਦਾ ਮੂੰਹ ਤੋੜ ਜਵਾਬ ਦੇਣ ਲਈ ਪੰਜਾਬ ਦੇ ਸਮੂਹ ਪੈਨਸ਼ਨਰਾਂ ਨੂੰ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਸੂਬਾ ਪ੍ਰੈਸ ਸਕੱਤਰ ਬਲਵੀਰ ਸਿੰਘ ਸੈਣੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਦੇ ਆਗੂਆਂ ਨੂੰ ਮੀਟਿੰਗਾਂ ਲਈ ਸਮਾਂ ਦੇ ਕੇ ਵਾਰ ਵਾਰ ਅੱਗੇ ਪਾਉਣ ਅਤੇ ਆਪ ਮੀਟਿੰਗਾਂ ਦੀ ਅਹਿਮੀਅਤ ਨੂੰ ਅਣਗੌਲਿਆਂ ਕਰਕੇ ਸਮੁੱਚੇ ਮੁਲਾਜ਼ਮ ਅਤੇ ਪੈਨਸ਼ਨਰ ਵਰਗ ਨੂੰ ਸਰਕਾਰ ਪ੍ਰਤੀ ਸਖਤ ਨਰਾਜ਼ ਕੀਤਾ ਹੈ। ਜਿਸ ਨਾਲ ਪ੍ਰਤੀ ਮੁਲਾਜ਼ਮ ਅਤੇ ਪੈਨਸ਼ਨਰਜ਼ ਨੂੰ 5 ਲੱਖ ਦਾ ਨੁਕਸਾਨ ਹੋ ਰਿਹਾ ਹੈ। ਸੈਣੀ ਨੇ ਕਿਹਾ ਕਿ ਜੇਕਰ ਮਾਨ ਨੇ ਐਮ.ਪੀ. ਦੀਆਂ ਚੋਣਾਂ ਦੀ ਤਰ੍ਹਾਂ ਜ਼ਿਮਨੀ ਚੋਣਾਂ ਨੂੰ ਵੀ ਹਲਕੇ ਵਿੱਚ ਲੈ ਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਆਗੂਆਂ ਨਾਲ ਗੱਲਬਾਤ ਕਰਕੇ ਇਨਸਾਫ ਨਾ ਦਿੱਤਾ ਤਾਂ ਇਹ ਜ਼ਿਮਨੀ ਚੋਣਾਂ ਵਿੱਚ ਵੀ ਸਰਕਾਰ ਦੀ ਯਕੀਨੀ ਹਾਰ ਹੋਵੇਗੀ। ਉਨ੍ਹਾਂ ਮਾਨ ਨੂੰ 22 ਦੀਆਂ ਚੋਣਾਂ ਸਮੇਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਕੀਤੇ ਵਾਅਦਿਆਂ ਨੂੰ ਯਾਦ ਕਰਾਉਂਦਿਆਂ ਕਿਹਾ ਕਿ ਉਹ ਵਾਧੇ ਕਿੱਥੇ ਹਨ ਜਦੋਂ ਮਾਨ ਕਹਿੰਦੇ ਸਨ ਕਿ ਕਿਸੇ ਮੁਲਾਜ਼ਮ ਅਤੇ ਪੈਨਸ਼ਨਰ ਨੂੰ ਸੜਕਾਂ 'ਤੇ ਨਹੀਂ ਆਉਣਾ ਪਵੇਗਾ, ਅਸੀਂ ਗੱਲਬਾਤ ਕਰਕੇ ਮਸਲੇ ਹੱਲ ਕਰਨ ਵਿੱਚ ਯਕੀਨ ਰੱਖਦੇ ਹਾਂ। ਸੈਣੀ ਨੇ ਕਿਹਾ ਕਿ ਨਾ ਕੇਂਦਰ ਸਰਕਾਰ ਅਤੇ ਨਾ ਹੀ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਸੁਹਿਰਦਤਾ ਵਿਖਾਈ ਹੈ, ਇਸੇ ਕਰਕੇ ਹੀ ਐਮ.ਪੀ. ਦੀਆਂ ਚੋਣਾਂ ਸਮੇਂ ਕੇਂਦਰ ਅਤੇ ਪੰਜਾਬ ਦੀ ਸਰਕਾਰ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਤੇ ਪੰਜਾਬ ਸਰਕਾਰ ਵਲੋਂ ਪੁਰਾਣੀ ਪੈਨਸ਼ਨ ਬਹਾਲ ਨਾ ਕੀਤੀ ਅਤੇ ਪੈਨਸ਼ਨਰਾਂ ਤੇ 6ਵਾਂ ਤਨਖਾਹ ਕਮਿਸ਼ਨ ਲਾਗੂ ਕਰਕੇ ਪੂਰਾ ਲਾਭ ਨਾ ਦਿੱਤਾ, ਡੀ.ਏ. ਦੀਆਂ ਕਿਸ਼ਤਾਂ ਲਾਗੂ ਕਰਕੇ ਬਕਾਇਆ ਏਰੀਅਰ ਨਾ ਦਿੱਤਾ, ਮੈਡੀਕਲ ਭੱਤਾ 2000 ਰੁਪਏ ਪ੍ਰਤੀ ਮਹੀਨਾ ਨਾ ਕਰਨ, ਕੈਸ਼ਲੈਸ ਮੈਡੀਕਲ ਹੈਲਥ ਸਕੀਮ ਲਾਗੂ ਕਰਕੇ ਇਨਸਾਫ ਨਾ ਦਿੱਤਾ ਤਾਂ ਅਗਲੇਰੀਆਂ ਜ਼ਿਮਨੀ ਚੋਣਾਂ ਸਮੇਂ ਭਾਜਪਾ ਅਤੇ ਆਪ ਦੇ ਉਮੀਦਵਾਰਾਂ ਨੂੰ ਹਰਾਉਣ ਲਈ ਹੋਰ ਵੀ ਤਿੱਖੇ ਸੰਘਰਸ਼ ਕਰਨ ਦੀ ਚਿਤਾਵਨੀ ਦਿੱਤੀ।

# ਰੌਜ਼ਾ ਸ਼ਰੀਫ਼ ਮੰਢਾਲੀ ਮੇਲੇ ਦੇ ਤੀਸਰੇ ਦਿਨ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਹੋਈਆਂ ਨਤਮਸਤਕ

**ਬੰਗਾ (ਅਵਤਾਰ ਕਲੇਰ)**- ਦਰਬਾਰ ਸੱਯਦ ਉੱਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ ਜੀ ਰੌਜ਼ਾ ਸ਼ਰੀਫ਼ ਮੰਢਾਲੀ ਵਿਖੇ ਸਲਾਨਾ ਮੇਲਾ ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਦੀ ਰਹਿਨੁਮਾਈ ਹੇਠ ਮਨਾਇਆ ਜਾ ਰਿਹਾ ਹੈ। ਵੱਖ ਵੱਖ ਦਰਬਾਰਾਂ ਤੋਂ ਸਾਈਂ ਜੀਤ ਸ਼ਾਹ ਰੁੜਕਾ, ਬਾਬਾ ਸੋਡੀ ਭਗਤ ਲਲਵਾਨ, ਸਾਈਂ ਫੱਕਰ ਸ਼ਾਹ ਦਾਦੂਵਾਲ, ਬਾਬਾ ਸ਼ੰਬੂ ਜੀ ਫਿਲੌਰ ਆਦਿ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਬੀਬੀ ਹਰਜੋਤ ਕੌਰ ਲੋਹਟੀਆ ਸੂਬਾ ਸਕੱਤਰ ਆਮ ਆਦਮੀ ਪਾਰਟੀ (ਮਹਿਲਾ ਵਿੰਗ) ਦਰਬਾਰ 'ਤੇ ਪਹੁੰਚੇ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਪੰਜਾਬ ਦੇ ਮਸ਼ਹੂਰ ਕਲਾਕਾਰਾਂ ਅਤੇ ਕੱਵਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ।

ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਨੇ ਪਹੁੰਚੇ ਹੋਏ ਮਹਾਂਪੁਰਸ਼ਾਂ, ਕਲਾਕਾਰਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ, ਮੀਰਾ ਸ਼ਰਮਾ ਸਰਪੰਚ ਮੰਢਾਲੀ, ਬਲਜੀਤ ਸਿੰਘ ਸਰਪੰਚ ਕੁਲਥਮ, ਕਮਲਜੀਤ ਕੌਰ ਸਾਬਕਾ ਸਰਪੰਚ ਮੰਢਾਲੀ, ਜਗਜੀਤ ਪੀਟਾ, ਬੂਟਾ ਸਿੰਘ, ਮੁਹੰਮਦ ਆਸ਼ਿਕ ਨੀਲਾ, ਡਾ. ਸਤਨਾਮ ਪਰਸੋਵਾਲ, ਚਰਨਜੀਤ, ਗੋਰਾ ਚੱਕ ਪ੍ਰੇਮਾ, ਨੂਰ ਮੁਹੰਮਦ, ਪੱਪੀ ਅਨੀਹਰ, ਹਰਪ੍ਰੀਤ ਜੱਖੂ, ਸੋਨੂੰ ਜੱਸੋਮਜਾਰਾ, ਜਗਦੀਸ਼ ਮੁਹੰਮਦ, ਅਮਰਜੀਤ ਜੀਤਾ, ਬੰਟੀ, ਚੰਨੀ, ਕਮਲਜੀਤ, ਮਨੀ, ਗੱਗੀ , ਹਨੀ, ਧਰਮਿੰਦਰ ਸਿੰਘ ਮੰਢਾਲੀ ਨੰਬਰਦਾਰ, ਹੁਸਨ ਲਾਲ ਨੰਬਰਦਾਰ ਜੱਬੋਵਾਲ, ਮਲਕੀਤ ਮੰਢਾਲੀ, ਸੋਨੀ ਮੰਢਾਲੀ ਆਦਿ ਹਾਜ਼ਰ ਸਨ।



# ਪੁਰਾਣੀ ਪੈਨਸ਼ਨ ਤੇ ਕੱਟੇ ਹੋਏ ਭੱਤਿਆਂ ਨੂੰ ਜਲਦ ਬਹਾਲ ਕਰੇ ਸਰਕਾਰ : ਜੀ ਟੀ ਯੂ ਪੰਜਾਬ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਸੂਬਾ ਇਕਾਈ ਦੀ ਮੀਟਿੰਗ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਅਤੇ ਸੂਬਾ ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ ਦੀ ਪ੍ਰਧਾਨਗੀ 'ਚ ਹੋਈ। ਸੂਬਾ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਅਤੇ ਸਹਾਇਕ ਪ੍ਰੈਸ ਗਣੇਸ਼ ਭਗਤ ਨੇ ਦੱਸਿਆ ਕਿ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜਦੋਂ ਤੱਕ ਪੰਜਾਬ ਸਰਕਾਰ ਵੱਲੋਂ ਲੱਖਾਂ ਹੀ ਮੁਲਾਜ਼ਮਾਂ ਦੇ ਭਵਿੱਖ ਦੀ ਡੰਗੋਰੀ ਪੁਰਾਣੀ ਪੈਨਸ਼ਨ ਅਤੇ ਪਿਛਲੀ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਕੱਟੇ ਹੋਏ ਅਨੇਕਾਂ ਭੱਤਿਆਂ ਨੂੰ ਬਹਾਲ ਨਹੀਂ ਕੀਤਾ ਜਾਂਦਾ ਤਾਂ ਤਦ ਤੱਕ ਪੰਜਾਬ ਦੇ ਅਧਿਆਪਕ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਬੈਨਰ ਹੇਠ ਹਰ ਸੰਭਵ ਸੰਘਰਸ਼ ਲੜਨਗੇ ਜਿਸ ਦੀ ਨਿਰੋਲ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸੁਖਵਿੰਦਰ ਚਾਹਲ ਕਿਹਾ ਕਿ ਦੁੱਖ ਇਸ ਗੱਲ ਦਾ ਹੈ ਕਿ ਮੌਜੂਦਾ ਸਰਕਾਰ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਸ ਨਾਲੋਂ ਵੱਧ 92 ਸੀਟਾਂ ਜਿਤਾਉਣ ਵਿੱਚ ਮੁਲਾਜ਼ਮ ਵਰਗ ਦਾ ਬਹੁਤ ਵੱਡਾ ਰੋਲ ਰਿਹਾ ਹੈ। ਪਰ ਸ਼ਾਇਦ ਬਾਅਦ ਵਿੱਚ ਭਗਵੰਤ ਮਾਨ ਸਰਕਾਰ ਕਿਸੇ ਭੁਲੇਖੇ ਦਾ ਸ਼ਿਕਾਰ ਹੋ ਗਈ। ਜਿਸ ਦੇ ਨਤੀਜੇ ਵਜੋਂ ਲੋਕ ਸਭਾ ਚੋਣਾਂ 2024 ਦੌਰਾਨ ਮੌਜੂਦਾ ਸਰਕਾਰ ਨੂੰ ਕਾਫੀ ਨਮੋਸ਼ੀ ਝੱਲਣੀ ਪਈ ਕਿਉਂਕਿ ਇਹ ਮੁਲਾਜ਼ਮਾਂ ਦਾ ਸੰਘਰਸ਼ ਹੀ ਸੀ ਕਿ 13 ਸੀਟਾਂ ਜਿੱਤਣ ਦੀ ਆਸ ਲਾਈ ਬੈਠੀ ਸਰਕਾਰ ਸਿਰਫ ਤਿੰਨ ਸੀਟਾਂ ਹੀ ਜਿੱਤ ਸਕੀ।ਉਨ੍ਹਾਂ ਕਿਹਾ ਕਿ ਮੌਜੂਦਾ ਸਿੱਖਿਆ ਦੇ ਢਾਂਚੇ ਵਿੱਚ ਕੰਪਿਊਟਰ ਅਧਿਆਪਕਾਂ ਦਾ ਬਹੁਤ ਹੀ ਅਹਿਮ ਰੋਲ ਹੈ ਪਰ ਸਰਕਾਰ ਵੱਲੋਂ ਇਨ੍ਹਾਂ ਅਧਿਆਪਕਾਂ ਦੀ ਸਿੱਖਿਆ ਵਿਭਾਗ ਵਿੱਚ ਪੂਰੇ ਸਕੇਲਾਂ 'ਤੇ ਮਰਜ ਹੋਣ ਦੀ ਇੱਕੋ-ਇੱਕ ਮੰਗ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ ਜੋ ਕਿ ਬਹੁਤ ਮੰਦਭਾਗੀ ਗੱਲ ਹੈ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ ਨੇ ਪੰਜਾਬ ਦੇ ਸਿੱਖਿਆ ਮੰਤਰੀ ਤੋਂ ਮੰਗ ਕੀਤੀ ਕਿ ਉਹ ਨਿੱਜੀ ਰੂਪ ਵਿੱਚ ਦਖ਼ਲ ਦੇ ਕੇ ਅਧਿਆਪਕਾਂ ਦੇ ਹਰ ਵਰਗ ਦੀਆਂ ਪਦ-ਉੱਨਤੀਆਂ ਅਤੇ ਬਦਲੀਆਂ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ ਪਹਿਲ ਦੇ ਆਧਾਰ 'ਤੇ ਕਰਾਉਣ ਤਾਂ ਜੋ ਪੰਜਾਬ ਦੇ ਸਕੂਲਾਂ ਨੂੰ ਪ੍ਰਿੰਸੀਪਲ /ਮੁੱਖ-ਅਧਿਆਪਕ ਅਤੇ ਵਿਦਿਆਰਥੀਆਂ ਨੂੰ ਹਰ ਵਿਸ਼ੇ ਦੇ ਅਧਿਆਪਕ ਮਿਲ ਸਕਣ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਵਿੱਤ ਸਕੱਤਰ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਸਿੱਖਿਆ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਸਾਲ 2023-24 ਦੀਆਂ ਗਰਾਂਟਾਂ ਜੋ ਅਚਾਨਕ ਸਰਕਾਰ ਵੱਲੋਂ ਵਾਪਸ ਲੈ ਲਈਆਂ ਸਨ, ਨੂੰ ਜਲਦ ਮੁੜ ਸਕੂਲਾਂ ਨੂੰ ਜਾਰੀ ਕੀਤੀਆਂ ਜਾਣ ਤਾਂ ਜੋ ਅਧਿਆਪਕਾਂ ਵੱਲੋਂ ਜੇਬਾਂ ਵਿਚੋਂ ਖਰਚੇ ਪੈਸੇ ਵਾਪਸ ਮਿਲ ਸਕਣ। ਮੀਟਿੰਗ ਵਿੱਚ ਅਧਿਆਪਕ ਵਰਗ ਦੇ ਅਨੇਕਾਂ ਗੰਭੀਰ ਮਸਲਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਉੱਚ ਅਧਿਕਾਰੀਆਂ ਨੂੰ ਅਧਿਆਪਕ ਮੰਗਾਂ ਤੇ ਏਜੰਡੇ ਦਿੱਤੇ ਗਏ। ਇਸ ਮੌਕੇ ਸੂਬਾ ਕਮੇਟੀ ਮੈਂਬਰ ਰਵਿੰਦਰ ਪੱਪੀ, ਬਲਵਿੰਦਰ ਭੁੱਟੋ, ਰਜੀਵ ਹਾਂਡਾ, ਜਸਵਿੰਦਰ ਸਮਾਣਾ , ਸੁੱਚਾ ਸਿੰਘ ਟਰਪਈ, ਮਨਪ੍ਰੀਤ ਸਿੰਘ ਮੋਹਾਲੀ, ਜਗਜੀਤ ਮਾਨ, ਪ੍ਰਿਤਪਾਲ ਸਿੰਘ ਚੌਂਟਾਲਾ, ਸੰਜੀਵ ਧੂਤ, ਵਿਕਾਸ ਸ਼ਰਮਾ, ਸੁਰਜੀਤ ਸਿੰਘ ਮੋਹਾਲੀ, ਗੁਰਮੇਲ ਸਿੰਘ ਕੁਰੜੀਆਂ, ਅਮਰਜੀਤ ਸਿੰਘ ਫਤਿਹਗੜ੍ਹ ਸਾਹਿਬ, ਭੁਪਿੰਦਰ ਸਿੰਘ ਫਿਰੋਜ਼ਪੁਰ, ਨਿਸ਼ਾਨ ਸਿੰਘ ਸਮੇਤ ਅਨੇਕਾਂ ਅਧਿਆਪਕ ਆਗੂ ਸ਼ਾਮਲ ਸਨ।



# ਮਿੱਠਾ ਟਿਵਾਣਾ 'ਚ ਨਵਾਂ ਬਲੱਡ ਕੰਪੋਨੈਂਟ ਵਿੰਗ ਦਾ ਉਦਘਾਟਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਭਾਈ ਘਨੱਈਆ ਜੀ ਚੈਰੀਟੇਬਲ ਬਲੱਡ ਸੈਂਟਰ ਗੁਰਦਵਾਰਾ ਮਿੱਠਾ ਟਿਵਾਣਾ ਹੁਸ਼ਿਆਰਪੁਰ ਪਿਛਲੇ ਦੋ ਦਹਾਕਿਆਂ ਤੋਂ ਮਨੁੱਖਤਾ ਦੀ ਸੇਵਾ ਅਤੇ ਭਲਾਈ ਲਈ ਲਗਾਤਾਰ ਕਾਰਜਸ਼ੀਲ ਹੈ ਅਤੇ ਸਵੈ ਇੱਛੁਕ ਖੂਨਦਾਨ ਮੁਹਿੰਮ ਨੂੰ ਹੁਸ਼ਿਆਰਪੁਰ ਅਤੇ ਨੇੜਲੇ ਇਲਾਕਿਆਂ ਵਿੱਚ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਿਆ। ਇਸ ਮਹਾਨ ਸੇਵਾ ਦਾ ਨਵਾਂ ਅਧਿਆਏ ਆਰੰਭ ਕਰਦਿਆਂ ਭਾਈ ਘਨੱਈਆ ਜੀ ਚੈਰੀਟੇਬਲ ਬਲੱਡ ਸੈਂਟਰ ਮਿੱਠਾ ਟਿਵਾਣਾ ਵਿਖੇ ਨਵਾਂ ਬਲੱਡ ਕੰਪੋਨੈਂਟ ਵਿੰਗ ਦਾ ਉਦਘਾਟਨ ਮਹੰਤ ਪ੍ਰਿਤਪਾਲ ਸਿੰਘ ਸੇਵਾਪੰਥੀ ਅਤੇ ਸੰਤ ਅਜੀਤ ਸਿੰਘ ਸੇਵਾਪੰਥੀ ਵੱਲੋਂ ਅਰਦਾਸ ਕਰ ਕੇ ਸ਼ੁਰੂ ਕੀਤਾ ਗਿਆ ਅਤੇ ਇਸ ਦੀ ਅਗਵਾਈ ਪ੍ਰਧਾਨ ਜਸਦੀਪ ਸਿੰਘ ਪਾਹਵਾ ਅਤੇ ਉਨ੍ਹਾਂ ਦੀ ਟੀਮ ਨੂੰ ਸੌਂਪਦਿਆਂ ਯੋਗ ਅਤੇ ਸੁਚੱਜੇ ਢੰਗ ਨਾਲ ਸੇਵਾ ਕਰਨ ਦਾ ਅਸ਼ੀਰਵਾਦ ਵੀ ਦਿੱਤਾ। ਇਸ ਮੌਕੇ ਬਲੱਡ ਸੈਂਟਰ ਦੇ ਬੀ.ਟੀ.ਓ. ਡਾ. ਨਿਗਬ ਗੁਲਾਟੀ ਅਤੇ ਬਲੱਡ ਸੈਂਟਰ ਦੇ ਟੈਕਨੀਕਲ ਇੰਚਾਰਜ ਦਿਲਬਾਗ ਸਿੰਘ ਨੇ ਦੱਸਿਆ ਕਿ ਇਸ ਬਲੱਡ ਸੈਂਟਰ ਵਿੱਚ ਹੁਣ ਇੱਕੋ ਖੂਨਦਾਨੀ ਤੋਂ ਖੂਨ ਲੈ ਕੇ ਤਿੰਨ-ਚਾਰ ਮਰੀਜ਼ਾਂ ਦੀ ਜਾਨ ਬਚਾਈ ਜਾ ਸਕਦੀ ਹੈ।ਜਿਸ ਵਿੱਚ ਮੁੱਖ ਤੌਰ 'ਤੇ ਪੈਕ ਰੈੱਡ ਬਲੱਡ ਸੈੱਲ (ਪੀਆਰਬੀਸੀ) ਦੇ ਨਾਲ ਨਾਲ ਪਲਾਸਮਾ, ਕਰਾਇਓ ਅਤੇ ਪਲੇਟਲੈੱਟ ਸੈੱਲ ਮੁੱਖ ਤੌਰ 'ਤੇ ਸ਼ਾਮਲ ਕੀਤੇ ਗਏ ਹਨ ਅਤੇ ਇਨ੍ਹਾਂ ਲਈ ਬਹੁਤ ਹੀ ਆਧੁਨਿਕ ਤਕਨੀਕ ਨਾਲ ਲੈਸ ਕੀਮਤੀ ਵਿਦੇਸ਼ੀ ਮਸ਼ੀਨਾਂ ਦੀ ਵਰਤੋਂ ਕੀਤੀ ਜਾਵੇਗੀ।ਇਸ ਮੌਕੇ ਪ੍ਰਧਾਨ ਜਸਦੀਪ ਸਿੰਘ ਪਾਹਵਾ ਨੇ ਦੱਸਿਆ ਕਿ ਖੂਨ, ਸੈੱਲਾਂ ਅਤੇ ਬਾਕੀ ਖੂਨ ਦੇ ਉਤਪਾਦਾਂ ਦੀ ਫੀਸ/ਚਾਰਜ ਬਹੁਤ ਹੀ ਘੱਟ ਅਤੇ ਵਾਜਬ ਰੱਖੇ ਗਏ ਹਨ ਅਤੇ ਥੈਲੇਸੀਮਿਆ ਦੇ ਮਰੀਜ਼ ਬੱਚਿਆਂ ਲਈ ਇਹ ਬਿਲਕੁਲ ਫਰੀ ਹੋਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਜਿੰਦਰ ਸਿੰਘ ਸਚਦੇਵਾ, ਗੁਰਦੀਪ ਸਿੰਘ ਸਚਦੇਵਾ, ਜਗਮੋਹਨ ਸਿੰਘ ਪਾਹਵਾ, ਰਵਿੰਦਰ ਸਿੰਘ ਸੇਠੀ, ਤਰਨਜੀਤ ਸਿੰਘ, ਮਨਜੀਤ ਸਿੰਘ, ਰਤਨਦੀਪ ਸਿੰਘ, ਕਮਲਜੀਤ ਸਿੰਘ, ਆਰ.ਕੇ. ਕਪੂਰ, ਰਾਕੇਸ਼ ਸਹਾਰਨ, ਵਿਸ਼ਾਲ ਵਾਲੀਆ, ਸੁਮੀਤ ਗੁਪਤਾ ਅਤੇ ਬਲੱਡ ਸੈਂਟਰ ਦੇ ਸਟਾਫ ਮੈਂਬਰ ਹਾਜ਼ਰ ਸਨ।



# ਜਮਹੂਰੀਅਤਪਸੰਦ ਲੋਕਾਂ ਨੂੰ ਅੱਜ ਨਵਾਂਸ਼ਹਿਰ ਪਹੁੰਚਣ ਦੀ ਅਪੀਲ

**ਬੰਗਾ (ਅਵਤਾਰ ਕਲੇਰ)**- ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਅਪੀਲ ਕੀਤੀ ਜਾਂਦੀ ਹੈ ਕਿ ਜਮਹੂਰੀਅਤ ਪਸੰਦ ਲੋਕ ਅੱਜ ਨਵਾਂ ਸ਼ਹਿਰ ਪਹੁੰਚਣ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਜਸਵੀਰ ਦੀਪ ਨੇ ਦੱਸਿਆ ਕਿ 26 ਜੂਨ ਨੂੰ ਬਰਨਾਲਾ ਵਿਖੇ ਹੋਈ ਤਿੰਨ ਦਰਜਨ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਦੇ ਸੱਦੇ 'ਤੇ ਉੱਘੀ ਲੇਖਿਕਾ ਅਤੇ ਚਿੰਤਕ ਅਰੁੰਧਤੀ ਰਾਏ ਅਤੇ ਪ੍ਰੋ: ਸ਼ੇਖ਼ ਸ਼ੌਕਤ ਹੁਸੈਨ 'ਤੇ ਮੜ੍ਹਿਆ ਯੂ ਏ ਪੀ ਏ ਕਾਨੂੰਨ ਰੱਦ ਕਰਾਉਣ ਅਤੇ ਪਹਿਲੀ ਜੁਲਾਈ ਤੋਂ ਲਾਗੂ ਕੀਤੇ ਜਾ ਰਹੇ ਤਿੰਨ ਨਵੇਂ ਫੌਜਦਾਰੀ ਕਾਨੂੰਨ ਰੱਦ ਕਰਵਾਉਣ ਲਈ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਪਹਿਲੀ ਜੁਲਾਈ ਨੂੰ ਸਵੇਰੇ 11 ਵਜੇ ਜ਼ਿਲ੍ਹਾ ਪ੍ਰਸ਼ਾਸਨ (ਡੀ ਸੀ ਦਫ਼ਤਰ ਨਵਾਂਸ਼ਹਿਰ ) ਦੇ ਅੱਗੇ ਉਕਤ ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ। ਸਭਨਾਂ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਜਮਹੂਰੀਅਤ ਪਸੰਦ ਲੋਕਾਂ ਨੂੰ ਸਵੇਰੇ 9:30 ਵਜੇ ਬੱਸ ਅੱਡਾ ਨਵਾਂਸ਼ਹਿਰ ਵਿਖੇ ਪਹੁੰਚਣ ਦੀ ਅਪੀਲ ਹੈ।

# ਨਵੀਨ ਕੁਮਾਰ ਗੁਪਤਾ ਲਾਇਨਜ਼ ਕਲੱਬ ਦੇ ਪ੍ਰਧਾਨ ਬਣੇ

**ਖਰੜ (ਹਰਨਾਮ ਸਿੰਘ ਡੱਲਾ)**-ਲਾਇਨਜ਼ ਕਲੱਬ ਖਰੜ ਦੇ ਸਾਲ 2024-25 ਲਈ ਨਵੇਂ ਪ੍ਰਧਾਨ ਦੀ ਚੋਣ ਅੱਜ ਲਾਇਨਜ਼ ਆਫਿਸ ਵਿਖੇ ਕੀਤੀ ਗਈ। ਲਾਇਨ ਨਰਿੰਦਰਪਾਲ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਲਾਇਨ ਨਵੀਨ ਕੁਮਾਰ ਗੁਪਤਾ ਨੂੰ ਆਉਣ ਵਾਲੇ ਸਾਲ ਲਈ ਪ੍ਰਧਾਨ ਚੁਣਿਆ ਗਿਆ ਤੇ ਉਨ੍ਹਾਂ ਦੇ ਨਾਲ ਲਾਇਨ ਸੀ.ਏ. ਰਾਜੇਸ਼ ਗੁਪਤਾ ਨੂੰ ਸਕੱਤਰ ਤੇ ਲਾਇਨ ਰਾਜੀਵ ਗਰਗ ਨੂੰ ਖਜ਼ਾਨਚੀ ਨਿਯੁਕਤ ਕੀਤਾ ਗਿਆ। ਕਲੱਬ ਮੈਂਬਰ ਗਵਰਨਰ ਲਾਇਨ ਪ੍ਰੀਤ ਕੰਵਲ ਸਿੰਘ ਨੇ ਦੱਸਿਆ ਕਿ ਨਵੀਂ ਟੀਮ ਦਾ ਕਾਰਜਕਾਲ 1 ਜੁਲਾਈ ਤੋਂ ਸ਼ੁਰੂ ਹੋ ਜਾਏਗਾ ਤੇ ਮੀਟਿੰਗ ਵਿਚ ਮੌਜੂਦਾ ਟੀਮ ਆਪਣੇ ਅਹੁਦੇ ਤੋਂ ਫਾਰਗ ਹੋ ਗਈ ਹੈ। ਮੀਟਿੰਗ ਵਿੱਚ ਕਲੱਬ ਵੱਲੋਂ ਚਲਾਈ ਜਾ ਰਹੀ ਚੈਰੀਟੇਬਲ ਲੈਬੋਟਰੀ ਬਾਰੇ ਚਰਚਾ ਕੀਤੀ ਗਈ ਅਤੇ ਜਲਦ ਹੀ ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ ਦੇ ਸਹਿਯੋਗ ਨਾਲ ਚੈਰੀਟੇਬਲ ਦੰਦਾਂ ਦਾ ਕਲੀਨਿਕ ਵੀ ਖੋਲ੍ਹਿਆ ਜਾ ਰਿਹਾ ਹੈ। ਇਸ ਮੀਟਿੰਗ ਵਿਚ ਹੋਰ ਮੈਂਬਰਾਂ ਤੋਂ ਇਲਾਵਾ ਮੀਟਿੰਗ ਵਿਚ ਲਾਇਨ ਅਨਿਲ ਗੁਪਤਾ, ਲਾਇਨ ਦਵਿੰਦਰ ਗੁਪਤਾ, ਲਾਇਨ ਸਾਗਰ ਵਸ਼ਿਸ਼ਟ, ਲਾਇਨ ਬਲਵਿੰਦਰ ਸਿੰਘ ਤੇ ਲਾਇਨ ਪ੍ਰਭਜੋਤ ਸਿੰਘ ਪੂਨੀਆ ਆਦਿ ਹਾਜ਼ਰ ਸਨ।



# ਮਾਸਟਰ ਕੇਡਰ ਬੇਰੁਜ਼ਗਾਰ ਅਧਿਆਪਕ ਯੂਨੀਅਨ ਵੱਲੋਂ 7 ਨੂੰ ਜਲੰਧਰ 'ਚ ਰੋਸ ਪ੍ਰਦਰਸ਼ਨ

**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ )**- ਸਥਾਨਕ ਪਾਰਕ ਵਿੱਚ 4161 ਮਾਸਟਰ ਕੇਡਰ ਬੇਰੁਜ਼ਗਾਰ ਯੂਨੀਅਨ ਦੀ ਮੀਟਿੰਗ ਹੋਈ ਅਤੇ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ । ਇਸ ਮੀਟਿੰਗ ਵਿੱਚ ਫੈਸਲਾ ਹੋਇਆ ਕਿ ਸਰਕਾਰ ਦੇ ਵਿਰੋਧ ਵਿੱਚ 7 ਜੁਲਾਈ ਨੂੰ ਜਲੰਧਰ ਦੀ ਜ਼ਿਮਨੀ ਚੋਣ ਦੌਰਾਨ ਹਲਕੇ ਦੇ ਵੋਟਰਾਂ ਨੂੰ ਪੰਜਾਬ ਸਰਕਾਰ ਦੀਆਂ ਰੁਜ਼ਗਾਰ ਵਿਰੁੱਧ ਨੀਤੀਆਂ ਤੋਂ ਜਾਣੂ ਕਰਵਾਉਣ ਲਈ ਰੋਸ ਪ੍ਰਦਸ਼ਨ ਕੀਤਾ ਜਾਵੇਗਾ ।ਯੂਨੀਅਨ ਦੇ ਆਗੂ ਕੁਲਵਿੰਦਰ ਸਿੰਘ ਅਤੇ ਜਰਨੈਲ ਕੌਰ ਨੇ ਦੱਸਿਆ ਕਿ 5 ਜਨਵਰੀ 2023 ਤੋਂ ਨਿਯੁਕਤੀ ਪੱਤਰ ਪ੍ਰਾਪਤ 252 ਉਮੀਦਵਾਰਾਂ ਦਾ ਹਲੇ ਤੱਕ ਸਰਕਾਰ ਵੱਲੋਂ ਕੋਈ ਸਾਰਥਕ ਹੱਲ ਨਹੀਂ ਕੱਢਿਆ ਗਿਆ ਅਤੇ ਪੰਜਾਬ ਸਰਕਾਰ ਮੀਟਿੰਗ ਤੇ ਲਾਰੇ ਤੋਂ ਬਿਨਾਂ ਕੁਝ ਪੱਲੇ ਨਹੀਂ ਪਾ ਰਹੀ । ਉਨ੍ਹਾਂ ਕਿਹਾ ਕਿ ਬੇਰੁਜ਼ਗਾਰਾਂ ਨਾਲ ਬੇਰੁਖੀ ਦਾ ਨਤੀਜਾ ਪੰਜਾਬ ਸਰਕਾਰ ਨੇ ਲੋਕ ਸਭਾ ਚੋਣਾਂ ਵਿੱਚ ਦੇਖ ਹੀ ਲਿਆ ਹੈ ਪਰ ਫਿਰ ਵੀ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਪਈ ਹੈ । ਇਸ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸਬਕ ਸਿੱਖ ਕੇ ਬੇਰੁਜ਼ਗਾਰ ਅਧਿਆਪਕਾਂ ਦਾ ਮਸਲਾ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਯੂਨੀਅਨ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੀ ਹੈ ਕਿ 4161 ਮਾਸਟਰ ਕੇਡਰ ਦੀਆਂ ਪੋਸਟਾਂ ਵਿੱਚ ਵਾਧਾ ਕਰਕੇ ਜਲਦੀ ਤੋਂ ਜਲਦੀ 252 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾਣ ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਉਹ ਵੱਡੇ ਫੈਸਲੇ ਲੈਣ ਲਈ ਮਜਬੂਰ ਹੋਣਗੇ, ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ । ਇਸ ਮੌਕੇ ਕਿਰਨ ਕੰਬੋਜ, ਰੀਟਾ ਰਾਣੀ, ਗੁਰਪ੍ਰੀਤ ਕੌਰ, ਨਵਦੀਪ ਕੁਮਾਰ, ਪੂਨਮ ਕੰਬੋਜ, ਅਲਕਾ ਰਾਣੀ, ਮਨਪ੍ਰੀਤ ਕੌਰ ਅਤੇ ਰਾਮ ਲਾਲ ਆਦਿ ਹਾਜ਼ਰ ਸਨ ।




# ਭਿਆਨਕ ਤਬਾਹੀਆਂ ਤੋਂ ਬਚਣਾ ਚਾਹੁੰਦੇ ਹਾਂ ਤਾਂ ਰੁੱਖ ਲਾਉਣ ਲਈ ਹੰਭਲਾ ਮਾਰਨਾ ਪਵੇਗਾ : ਡਾ. ਰਮਨ

**ਫਗਵਾੜਾ** : ਵੱਡੀ ਗਿਣਤੀ ਵਿੱਚ ਦਰੱਖਤਾਂ ਦੀ ਕਟਾਈ ਹੋਣ ਕਾਰਨ ਹਰ ਵਿਅਕਤੀ ਤੇਜ਼ ਗਰਮੀ 'ਚ ਤਪ ਰਿਹਾ ਹੈ। ਇਸ ਗੱਲ ਦਾ ਪ੍ਰਗਟਾਵਾ ਉੱਘੇ ਸਮਾਜ ਸੇਵਕ ਅਤੇ ਮੁਹੱਲਾ ਡਿਵੈਲਪਮੈਂਟ ਕਮੇਟੀ ਭਗਤਪੁਰਾ ਫਗਵਾੜਾ ਦੇ ਪ੍ਰਧਾਨ ਡਾ. ਰਮਨ ਨੇ ਕੀਤਾ। ਉਨ੍ਹਾਂ ਕਿਹਾ ਕਿ ਰੁੱਖ ਪੌਣ ਪਾਣੀ ਨੂੰ ਸਾਫ ਸੁਥਰਾ ਬਣਾਉਂਦੇ ਹਨ ਤੇ ਸਾਨੂੰ ਆਕਸੀਜਨ ਦਿੰਦੇ ਹਨ। ਰੁੱਖ ਸਾਡੇ ਜੀਵਨ ਨੂੰ ਬਿਮਾਰੀਆਂ ਤੋਂ ਬਚਾਉਂਦੇ ਹਨ, ਰੁੱਖਾਂ ਨੇੜੇ ਰਹਿਣ ਵਾਲੇ ਵਿਅਕਤੀ ਦੂਸਰਿਆਂ ਨਾਲੋਂ ਜ਼ਿਆਦਾ ਤੰਦਰੁਸਤ ਹੁੰਦੇ ਹਨ। ਜੇ ਸ਼ੁੱਧ ਹਵਾ ਮਨੁੱਖ ਨੂੰ ਮਿਲਦੀ ਰਹੇਗੀ ਤਾਂ ਉਹ ਜ਼ਿਆਦਾ ਦੇਰ ਜੀਵਿਤ ਰਹਿ ਸਕਦਾ ਹੈ।ਉਨ੍ਹਾਂ ਕਿਹਾ ਕਿ ਰੁੱਖ ਸਾਡੇ ਆਲੇ-ਦੁਆਲੇ ਨੂੰ ਹਰਾ-ਭਰਾ ਬਣਾਉਂਦੇ ਹਨ ਤੇ ਮਹਿਕਾਂ ਖਿਲਾਰਦੇ ਹਨ। ਰੁੱਖ ਵਰਖਾ ਲਿਆਉਣ ਲਈ, ਮੌਸਮ ਠੰਢਾ ਰੱਖਣ ਲਈ, ਵਾਤਾਵਰਣ ਸਾਫ਼ ਕਰਨ ਲਈ ਤੇ ਸਾਡੀਆਂ ਰੋਜ਼ਾਨਾ ਜੀਵਨ ਦੀਆਂ ਅਨੇਕਾਂ ਲੋੜਾਂ ਪੂਰੀਆਂ ਕਰਨ ਲਈ ਸਹਾਇਕ ਸਿੱਧ ਹੁੰਦੇ ਹਨ।ਉਨ੍ਹਾਂ ਕਿਹਾ ਕਿ ਜੇਕਰ ਅਸੀਂ ਭਿਆਨਕ ਤਬਾਹੀਆਂ ਤੋਂ ਬਚਣਾ ਚਾਹੁੰਦੇ ਹਾਂ ਤਾਂ ਸਾਨੂੰ ਸਾਰਿਆਂ ਨੂੰ ਰੁੱਖ ਲਾਉਣ ਲਈ ਹੰਭਲਾ ਮਾਰਨਾ ਪਵੇਗਾ, ਜਿਸ ਨਾਲ ਵਾਤਾਵਰਣ ਸ਼ੁੱਧ ਰਹੇਗਾ ਤੇ ਮੀਂਹ ਜ਼ਿਆਦਾ ਪੈਣ ਦੇ ਆਸਾਰ ਨਜ਼ਰ ਆਉਣਗੇ। ਇਸ ਮੌਕੇ 30 ਤੋਂ ਵਧੇਰੇ ਛਾਂਦਾਰ ਬੂਟੇ ਲਗਾਏ ਗਏ। ਇਸ ਮੌਕੇ ਸਿੰਕਦਰ ਕਨੋਜੀਆ, ਗੁਰਮੀਤ ਸਿੰਘ ਮੰਗਾ, ਓਮ ਪ੍ਰਕਾਸ਼ ਓਮੀ, ਕਰਨ ਕਨੋਜੀਆ, ਸੌਰਵ ਕਨੋਜੀਆ, ਮਨਪ੍ਰੀਤ ਸਿੰਘ, ਆਦਿ ਤੋਂ ਇਲਾਵਾ ਹੋਰ ਮੈਂਬਰ ਵੀ ਮੌਜੂਦ ਸਨ



# ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ ਨੇ ਸੱਦੀ ਅੱਜ ਸੂਬਾ ਪੱਧਰੀ ਮੀਟਿੰਗ

**ਕਾਲਾ ਸੰਘਿਆਂ (ਮਨਜੀਤ ਮਾਨ)**-ਜਲ ਸਪਲਾਈ ਅਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ ਰਜਿ:ਨੰ.26 ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਸ਼ੀਰਾ,ਸੂਬਾ ਜਨਰਲ ਸਕੱਤਰ ਬਲਵੀਰ ਸਿੰਘ ਹਿਰਦਾਪੁਰ, ਸੂਬਾ ਵਿੱਤ ਸਕੱਤਰ ਹਰਜਿੰਦਰ ਸਿੰਘ ਮਾਨ, ਸੂਬਾ ਮੁੱਖ ਸਲਾਹਕਾਰ ਅਮਨਦੀਪ ਸਿੰਘ ਲੱਕੀ ਬਠਿੰਡਾ, ਸੂਬਾ ਮੀਤ ਪ੍ਰਧਾਨ ਜਸਵੀਰ ਸਿੰਘ ਕਾਲ੍ਹਾ, ਸੂਬਾ ਅਡਿਟਰ ਇੰਦਰਜੀਤ ਸਿੰਘ ਕਪੂਰਥਲਾ ਨੇ ਦੱਸਿਆ ਕਿ 27 ਜੁਲਾਈ ਨੂੰ ਮੁੱਖ ਮੰਤਰੀ ਪੰਜਾਬ ਸਰਕਾਰ ਭਗਵੰਤ ਸਿੰਘ ਮਾਨ ਸਮੇਤ ਤਿੰਨ ਕੈਬਨਿਟ ਮੰਤਰੀਆਂ ਉਪਰੰਤ ਵਿਭਾਗੀ ਉੱਚ ਅਧਿਕਾਰੀਆਂ ਨਾਲ ਕੁਬਾਨਾ ਰੈਸਟੋਰੈਂਟ ਫਗਵਾੜਾ ਵਿਖੇ ਜਥੇਬੰਦੀ ਦੀ ਮੀਟਿੰਗ ਹੋਈ ਸੀ।ਜਿਸ ਉਪਰੰਤ ਜਥੇਬੰਦੀ ਵੱਲੋਂ ਪਿਛਲੇ ਪੰਦਰਾਂ ਵੀਹ ਸਾਲਾਂ ਤੋਂ ਇਨਲਿਸਟਮੈਂਟ ਤੇ ਆਊਟਸੋਰਸਿੰਗ ਕਾਮਿਆਂ ਦੀਆਂ ਲਟਕੀਆਂ ਮੰਗਾਂ ਨੂੰ ਪੰਜਾਬ ਸਰਕਾਰ ਸਾਹਮਣੇ ਪੇਸ਼ ਕੀਤਾ ਗਿਆ। ਇਸ ਉਪਰੰਤ ਆਗੂਆਂ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ਾਂ ਵਿੱਚ ਜੁਝ ਰਹੇ ਕਾਮਿਆਂ ਦੀ ਜਦੋਂ ਵਿਭਾਗੀ ਅਧਿਕਾਰੀਆਂ ਨਾਲ ਗੱਲਬਾਤ ਦਾ ਰਾਬਤਾ ਕਾਇਮ ਹੁੰਦਾ ਹੈ ਤਾਂ ਉਹ ਮੰਗਾਂ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਛੱਡ ਕੇ ਪੱਲਾ ਝਾੜ ਦਿੰਦੇ ਰਹੇ ਸਨ। ਉਨ੍ਹਾਂ ਕਿਹਾ ਕਿ ਹੁਣ ਵਿਭਾਗ ਤੇ ਪੰਜਾਬ ਸਰਕਾਰ ਇਕ ਟੇਬਲ 'ਤੇ ਬੈਠ ਕੇ ਜਥੇਬੰਦੀ ਨੂੰ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਰੋਸਾ ਦਿੱਤਾ ਕਿ ਕਾਮਿਆਂ ਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇਗਾ ਜਿਸ ਸਬੰਧੀ ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਮੌਕੇ 'ਤੇ ਹਦਾਇਤ ਜਾਰੀ ਕਰ ਦਿੱਤੀ ਸੀ।ਹੁਣ ਦੇਖਣਾ ਇਹ ਹੋਵੇਗਾ ਕਿ ਹੁਣ ਵਿਭਾਗੀ ਅਧਿਕਾਰੀ ਇਸ ਨੂੰ ਕਿਸ ਤਰ੍ਹਾਂ ਲਾਗੂ ਕਰਦੇ ਹਨ। ਉਨ੍ਹਾਂ ਕਿਹਾ ਕਿ 1 ਜੁਲਾਈ ਨੂੰ ਵਿਭਾਗ ਦੇ ਚੀਫ ਇੰਜੀਨੀਅਰ ਹੈਡ ਆਫਿਸ ਪਟਿਆਲਾ ਨਾਲ ਜਥੇਬੰਦੀ ਦੀ ਮੀਟਿੰਗ ਤੈਅ ਹੋਈ ਹੈ। ਜੇਕਰ ਇਸ ਮੀਟਿੰਗ ਦੌਰਾਨ ਮੰਨੀਆ ਮੰਗਾਂ ਨੂੰ ਲਾਗੂ ਕਰਨ ਤੋਂ ਅਧਿਕਾਰੀ ਟਾਲਮਟੋਲ ਦੀ ਨੀਤੀ ਅਪਣਾਉਂਦੇ ਹਨ ਤਾਂ ਉਸੇ ਦਿਨ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਕਰਨ ਉਪਰੰਤ ਤੁਰੰਤ ਐਕਸ਼ਨ ਲੈਂਦਿਆਂ ਦੁਬਾਰਾ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।ਜਿਸ ਉਪਰੰਤ ਨਿਕਲਣ ਵਾਲੇ ਨਤੀਜਿਆਂ ਦੀ ਨਿਰੋਲ ਜ਼ੁੰਮੇਵਾਰੀ ਜਲ ਸਪਲਾਈ ਮੈਨੇਜਮੈਂਟ ਦੀ ਹੋਵੇਗੀ।



# ਬਾਬਾ ਅਮਰ ਸਿੰਘ ਭੈਰੋਂ ਮਾਜਰੇ ਵਾਲਿਆਂ ਨਮਿੱਤ ਪਾਠ ਦੇ ਭੋਗ 3 ਨੂੰ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਧੰਨ ਧੰਨ ਪੂਰਨ ਬ੍ਰਹਮ ਗਿਆਨੀ ਸ੍ਰੀਮਾਨ ਸੰਤ ਬਾਬਾ ਕਰਤਾਰ ਸਿੰਘ, ਗੁਰਦੁਆਰਾ ਸ੍ਰੀ ਦਸਮੇਸ਼ਗੜ੍ਹ ਸਾਹਿਬ, ਭੈਰੋਂ ਮਾਜਰੇ ਵਾਲਿਆਂ ਵੱਲੋਂ ਵਰੋਸਾਏ ਮੌਜੂਦਾ ਮਹਾਂਪੁਰਖ ਸੰਤ ਬਾਬਾ ਅਮਰ ਸਿੰਘ 25 ਜੂਨ ਨੂੰ ਸਰੀਰਕ ਚੋਲਾ ਤਿਆਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਤ ਬਾਬਾ ਕਰਤਾਰ ਸਿੰਘ ਜੀ ਚੈਰੀਟੇਬਲ ਟਰੱਸਟ ਗੁਰਦੁਆਰਾ ਸ੍ਰੀ ਦਸਮੇਸ਼ਗੜ੍ਹ ਸਾਹਿਬ, ਭੈਰੋਂ ਮਾਜਰਾ ਜ਼ਿਲ੍ਹਾ ਰੋਪੜ੍ਹ ਦੇ ਮੈਂਬਰ ਸਾਹਿਬਾਨ ਨੇ ਦੱਸਿਆ ਕਿ ਸੰਤ ਬਾਬਾ ਅਮਰ ਸਿੰਘ ਦੇ ਨਮਿੱਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 3 ਜੁਲਾਈ ਨੂੰ ਪਾਏ ਜਾਣਗੇ ਅਤੇ ਭੋਗ ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ਕੀਤੀ ਜਾਵੇਗੀ। ਇਸ ਸੰਬੰਧੀ ਉਨ੍ਹਾਂ ਇਹ ਵੀ ਕਿਹਾ ਕਿ ਸੰਤ ਬਾਬਾ ਅਮਰ ਸਿੰਘ ਜੀ ਨੇ ਕਿਸੇ ਨੂੰ ਵੀ ਆਪਣਾ ਉੱਤਰਾਧਿਕਾਰੀ ਨਹੀਂ ਬਣਾਇਆ ਅਤੇ ਸਰੀਰ ਵਿੱਚ ਹੁੰਦੇ ਹੋਏ ਉਨ੍ਹਾਂ ਨੇ ਟਰੱਸਟ ਨੂੰ ਹੀ ਸਾਰੇ ਪ੍ਰਬੰਧ ਦੇਖਣ ਦੀ ਡਿਊਟੀ ਲਗਾਈ ਸੀ। ਸਮੁੱਚਾ ਟਰੱਸਟ ਅਤੇ ਸਾਧ ਸੰਗਤ ਸਿੰਘ ਗੁਰੂ ਮਰਿਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਪਹਿਲਾਂ ਦੀ ਤਰ੍ਹਾਂ ਹੀ ਦੇਖਣਗੇ। ਉਨ੍ਹਾਂ ਸਮੁੱਚੀ ਸਾਧ ਸੰਗਤ ਨੂੰ ਇਹ ਵੀ ਬੇਨਤੀ ਕਰਦਿਆਂ ਕਿਹਾ ਕਿ ਸਾਧ ਸੰਗਤ ਵੱਲੋਂ ਜੋ ਵੀ ਦਸਵੰਧ ਅਤੇ ਭੇਟਾ ਦੇਣੀ ਹੋਵੇ ਉਹ ਗੁਰਦੁਆਰਾ ਸਾਹਿਬ ਦੀ ਗੋਲਕ ਵਿੱਚ ਜਾਂ ਟਰੱਸਟ ਦੇ ਬੈਂਕ ਖਾਤੇ ਵਿੱਚ ਹੀ ਪਾਈ ਜਾਵੇ, ਕਿਸੇ ਵੀ ਵਿਅਕਤੀ ਨੂੰ ਨਾ ਦਿੱਤੀ ਜਾਵੇ।



# ਨਸ਼ਿਆਂ ਖਿਲਾਫ ਜ਼ਿਲ੍ਹਾ ਪੁਲਸ ਵੱਲੋਂ ਕਰਵਾਏ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ 'ਚ 42 ਟੀਮਾਂ ਨੇ ਲਿਆ ਭਾਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਡਾਇਰੈਕਟਰ ਜਨਰਲ ਪੁਲਸ, ਪੰਜਾਬ, ਚੰਡੀਗੜ੍ਹ ਗੌਰਵ ਯਾਦਵ, ਸਪੈਸ਼ਲ ਡਾਇਰੈਕਟਰ ਜਨਰਲ ਪੁਲਸ, ਐਸ.ਟੀ.ਐਫ.ਪੰਜਾਬ, ਚੰਡੀਗੜ੍ਹ ਕੁਲਦੀਪ ਸਿੰਘ ਅਤੇ ਡਿਪਟੀ ਇੰਸਪੈਕਟਰ ਜਨਰਲ ਪੁਲਸ, ਜਲੰਧਰ ਰੇਂਜ ਹਰਮਨਬੀਰ ਸਿੰਘ, ਦੇ ਦਿਸ਼ਾ ਨਿਰਦੇਸ਼ਾਂ 'ਤੇ ਪੰਜਾਬ ਰਾਜ ਵਿੱਚ ਨਸ਼ਿਆਂ ਖਿਲਾਫ ਜਾਗਰੂਕ ਮੁਹਿੰਮ ਅਤੇ ਜਵਾਨਾਂ ਤੇ ਬੱਚਿਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਦੇ ਮਕਸਦ ਤਹਿਤ ਸੀਨੀਅਰ ਕਪਤਾਨ ਪੁਲਸ ਹੁਸ਼ਿਆਰਪੁਰ ਸੁਰੇਂਦਰ ਲਾਂਬਾ ਦੀ ਅਗਵਾਈ ਹੇਠ ਜ਼ਿਲ੍ਹਾ ਪੁਲਸ ਹੁਸ਼ਿਆਰਪੁਰ ਵੱਲੋਂ 24 ਤੋਂ 26 ਜੂਨ ਤੱਕ ਥਾਣਾ ਪੱਧਰ , 26 ਜੂਨ ਤੋਂ 27 ਤੱਕ ਸਬ ਡਵੀਜ਼ਨ ਪੱਧਰ ਤੇ ਅਤੇ 28 ਤੋਂ 29 ਜੂਨ ਤੱਕ ਪੁਲਸ ਲਾਈਨ ਵਿਖੇ ਜ਼ਿਲ੍ਹਾ ਪੱਧਰ 'ਤੇ ਫੁੱਟਬਾਲ, ਬਾਲੀਬਾਲ, ਬਾਸਕਟਬਾਲ ਅਤੇ ਕਬੱਡੀ ਦੇ ਫਾਈਨਲ ਮੁਕਾਬਲੇ ਕਰਵਾਏ ਗਏ।ਇਨ੍ਹਾਂ ਫਾਈਨਲ ਮੁਕਾਬਲਿਆ ਵਿੱਚ ਕੁੱਲ 42 ਟੀਮਾਂ ਦੇ 500 ਕਰੀਬ ਖਿਡਾਰੀਆਂ ਨੇ ਹਿੱਸਾ ਲਿਆ। ਇਸ ਤੋਂ ਇਲਾਵਾ ਇਸ 6 ਦਿਵਸੀਏ ਟੂਰਨਾਮੈਂਟ ਵਿੱਚ ਥਾਣਾ, ਸਬ-ਡਵੀਜ਼ਨ ਅਤੇ ਜ਼ਿਲ੍ਹਾ ਪੱਧਰ 'ਤੇ ਕੁੱਲ 100 ਟੀਮਾਂ ਵਿੱਚ 1000 ਤੋਂ ਵੱਧ ਖਿਡਾਰੀਆਂ ਨੇ ਭਾਗ ਲਿਆ।ਇਸ ਮੌਕੇ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਕੀਤੀ ਅਤੇ ਖਿਡਾਰੀਆਂ ਨੂੰ ਭਵਿੱਖ ਵਿੱਚ ਵੀ ਖੇਡਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਨ੍ਹਾਂ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੀਆਂ ਟੀਮਾਂ ਨੂੰ ਪਹਿਲਾ ਇਨਾਮ 11000 ਰੁਪਏ, ਦੂਜਾ ਇਨਾਮ 5100 ਰੁਪਏ ਅਤੇ ਤੀਜਾ ਇਨਾਮ 2100 ਰੁਪਏ ਅਤੇ ਮੋਮੈਂਟੋ ਦਿੱਤੇ ਗਏ। ਇਸ ਤੋਂ ਇਲਾਵਾ ਹੋਰ ਭਾਗ ਲੈਣ ਵਾਲੀਆ ਟੀਮਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਫੁੱਟਬਾਲ, ਬਾਲੀਬਾਲ ਅਤੇ ਬਾਸਕਟਬਾਲ ਦੀ ਵੰਡ ਵੀ ਕੀਤੀ ਗਈ।ਫੁੱਟਬਾਲ ਮੁਕਾਬਲੇ ਵਿੱਚ ਜੇਤੂ ਰਹੀਆਂ ਟੀਮਾਂ ਵਿਚ ਪਹਿਲੇ ਸਥਾਨ 'ਤੇ ਪਿੰਡ ਬੱਡੋ ਥਾਣਾ ਗੜ੍ਹਸ਼ੰਕਰ, ਦੂਸਰਾ ਸਥਾਨ 'ਤੇ ਪਿੰਡ ਜਿਆਣ ਥਾਣਾ ਚੱਬੇਵਾਲ, ਤੀਸਰਾ ਸਥਾਨ ਮੇਹਟੀਆਣਾ ਥਾਣਾ ਮੇਹਟੀਆਣਾ ਨੇ ਪ੍ਰਾਪਤ ਕੀਤਾ। ਵਾਲੀਬਾਲ ਮੁਕਾਬਲੇ ਵਿੱਚ ਪਹਿਲਾ ਸਥਾਨ ਟਾਂਡਾ ਥਾਣਾ ਟਾਂਡਾ, ਦੂਸਰਾ ਮੁਕੇਰੀਆਂ ਥਾਣਾ ਮੁਕੇਰੀਆਂ ਅਤੇ ਤੀਸਰਾ ਬੁੱਲ੍ਹੋਵਾਲ ਥਾਣਾ ਬੁੱਲ੍ਹੋਵਾਲ ਨੇ ਪ੍ਰਾਪਤ ਕੀਤਾ। ਬਾਸਕਟਬਾਲ ਮੁਕਾਬਲੇ ਵਿੱਚ ਪਹਿਲੇ ਸਥਾਨ 'ਤੇ ਟਾਂਡਾ ਥਾਣਾ ਟਾਂਡਾ, ਦੂਸਰਾ ਬੁੱਲ੍ਹੋਵਾਲ ਥਾਣਾ ਬੁੱਲ੍ਹੋਵਾਲ , ਤੀਸਰਾ ਪੁਰਹੀਰਾਂ ਥਾਣਾ ਮਾਡਲ ਟਾਊਨ ਨੇ ਪ੍ਰਾਪਤ ਕੀਤਾ। ਕਬੱਡੀ ਮੁਕਾਬਲੇ ਵਿੱਚ ਪਹਿਲਾ ਸਥਾਨ ਪਿੰਡ ਹੈਬੋਵਾਲ ਥਾਣਾ ਗੜ੍ਹਸ਼ੰਕਰ, ਦੂਸਰਾ ਪਿੰਡ ਬਾਗਪੁਰ ਥਾਣਾ ਹਰਿਆਣਾ ਅਤੇ ਤੀਸਰਾ ਸਥਾਨ ਦੌਲਤਪੁਰ ਗਿੱਲਾ ਥਾਣਾ ਹਰਿਆਣਾ ਨੇ ਪ੍ਰਾਪਤ ਕੀਤਾ।ਇਨ੍ਹਾਂ ਖੇਡਾਂ ਕਰਵਾਉਣ ਦਾ ਮਕਸਦ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਨਸ਼ਿਆਂ ਦੇ ਖਿਲਾਫ ਜਾਗਰੂਕਤਾ ਫੈਲਾਉਣਾ, ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਮੋੜ ਕੇ ਖੇਡਾਂ ਵੱਲ ਪ੍ਰੇਰਿਤ ਕਰਨਾ ਅਤੇ ਇਸ ਤੋਂ ਇਲਾਵਾ ਪੁਲਸ ਅਤੇ ਸਿਵਲ ਪ੍ਰਸ਼ਾਸਨ ਵਲੋਂ ਨਸ਼ਿਆਂ ਦੇ ਖਿਲਾਫ ਆਰੰਭੀ ਗਈ ਇਸ ਲੜਾਈ ਵਿੱਚ ਆਮ ਲੋਕਾਂ ਦੀ ਭਾਗੀਦਾਰੀ ਨੂੰ ਵਧਾਉਣਾ ਹੈ। ਇਨ੍ਹਾਂ ਖੇਡਾਂ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਰਜਿਸਟਰਡ ਅਤੇ ਨਾਨ-ਰਜਿਸਟਰਡ ਸਪੋਰਟਸ ਕਲੱਬ/ਟੀਮਾਂ ਨੂੰ ਭਾਗ ਲੈਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਸੀ। ਇਸ ਮੁਹਿੰਮ ਤਹਿਤ ਪਬਲਿਕ ਨੂੰ ਅਪੀਲ ਕੀਤੀ ਕਿ ਜੇਕਰ ਆਪ ਦੇ ਆਸ ਪਾਸ ਕੋਈ ਵੀਵਿਅਕਤੀ/ਔਰਤ ਕਿਤੇ ਵੀ ਕਿਸੇ ਤਰ੍ਹਾਂ ਦਾ ਨਸ਼ਾਂ ਵੇਚਦਾ/ਵੇਚਦੀ ਹੈ ਤਾਂ ਉਸ ਦੀ ਸੂਚਨਾ ਮੋਬਾਇਲ ਨੰਬਰ 95016-60318 'ਤੇ ਦਿੱਤੀ ਜਾ ਸਕਦੀ ਹੈ। ਸੂਚਨਾ ਦੇਣ ਵਾਲੇ ਦਾ ਨਾਂਅ ਗੁਪਤ ਰੱਖਿਆ ਜਾਵੇਗਾ ।

